

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 8

June 6, 2018

Postal Address
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਦਰਬਾਰ ਸਾਹਿਬ ਅੰਮ੍ਰਿਤਸਰ ’ਤੇ ਜੂਨ 84 ਦਾ ਸਰਕਾਰੀ ਹਮਲਾ
ਸਿੱਖਾਂ ਦੀ ਨਸਲਕੁਸ਼ੀ


**(ਲੇਖਕ ਅਵਤਾਰ ਸਿੰਘ ਮਿਸ਼ਨਰੀ ਦਾ ਵਿਸ਼ੇਸ ਲੇਖ ਦੇਖੋ ਸਫਾ 6 'ਤੇ)**


# ਸ਼ਿਲਾਂਗ ਵਿੱਚ ਖਾਸੀ ਤੇ ਸਿੱਖ ਭਾਈਚਾਰੇ ਦਰਮਿਆਨ ਸਥਿਤੀ ਤਣਾਅਪੂਰਨ

## ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਉਥੇ ਵਸਾਈ ਸਿੱਖ ਕਾਲੋਨੀ ‘ਤੇ ਕਬਜਾ ਕਰਨਾ ਚਾਹੁੰਦੇ ਨੇ ਉਥੋਂ ਦੇ ਲੋਕ

**ਸ਼ਿਲਾਂਗ (ਬਿਊਰੋ)–** ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ ਵਿੱਚ ਸਥਾਨਕ ਖਾਸੀ ਅਤੇ ਸਿੱਖ ਭਾਈਚਾਰੇ ਦਰਮਿਆਨ ਸਥਿਤੀ ਤਣਾਅਪੂਰਨ ਪਰ ਕਾਬੂ ਹੇਠ ਹੈ। ਖਬਰ ਲਿਖੇ ਜਾਣ ਤੱਕ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ ਅਤੇ ਇਹ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣ ਦੀ ਚੌਕਸੀ ਦਾ ਨਤੀਜਾ ਹੈ। ਪੁਲੀਸ ਅਤੇ ਅਰਧ ਸੈਨਿਕ ਬਲਾਂ ਵੱਲੋਂ ਸਖ਼ਤੀ ਵਰਤੀ ਜਾ ਰਹੀ ਹੈ ਅਤੇ ਸ਼ਿਲਾਂਗ ਦੇ ਕਈ ਖੇਤਰਾਂ ਵਿੱਚ ਲੋੜ ਅਨੁਸਾਰ ਕਰਫਿਊ ਵੀ ਲਗਾਇਆ ਜਾਂਦਾ ਹੈ। 1 ਜੂਨ ਸ਼ੁੱਕਰਵਾਰ ਨੂੰ ਖਾਸੀ



ਭਾਈਚਾਰੇ ਨਾਲ ਸਬੰਧਿਤ ਇੱਕ ਡਰਾਈਵਰ ਅਤੇ ਪੰਜਾਬੀਆਂ ਨਾਲ ਸਬੰਧਿਤ ਇੱਕ ਔਰਤ ਦਰਮਿਆਨ ਹੋਈ ਤਲਖ ਕਲਾਮੀ ਤੋਂ ਹਾਲਾਤ ਬੇਕਾਬੂ ਹੋ ਗਏ ਸਨ। ਖਾਸੀ ਮੇਘਾਲਿਆ ਦੀ ਮਾਤ ਭਾਸ਼ਾ ਹੈ ਅਤੇ ਖਾਸੀ ਭਾਈਚਾਰਾ ਸਿਆਸੀ ਅਤੇ ਹਰ ਖੇਤਰ ਵਿੱਚ ਪ੍ਰਭਾਵਸ਼ਾਲੀ ਹੈ। ਅਜਿਹੀ ਹਾਲਤ ਵਿੱਚ ਲਗਪਗ 160 ਸਾਲ ਪਹਿਲਾਂ ਅੰਗਰੇਜ਼ਾਂ ਵੱਲੋਂ ਸਫਾਈ ਸੇਵਕਾਂ ਵਜੋਂ ਪੰਜਾਬ ਦੇ ਮਾਝਾ ਖੇਤਰ ਤੋਂ ਲਗਾਏ ਅਨੁਸੂਚਿਤ ਜਾਤੀ ਨਾਲ ਸਬੰਧਿਤ ਭਾਈਚਾਰੇ ਵਿੱਚ ਸਹਿਮ ਦਾ ਮਾਹੌਲ ਹੈ।



ਸ੍ਰੀ ਗੁਰੂ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਦੁਆਰਾ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਉਤਰੀ ਅਮਰੀਕਾ ਦੇ ਪਹਿਲੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 33ਵਾਂ ਸਥਾਪਨਾ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ।


**(ਰਿਪੋਰਟ ਅਤੇ ਤਸਵੀਰਾਂ ਲਈ ਦੇਖੋ 'ਅੰਬੇਦਕਰ ਟਾਈਮਜ਼)**


# ਸੁਪਰੀਮ ਕੋਰਟ ਦਾ ਫੈਸਲਾ, ਐਸਸੀ/ਐਸਟੀ ਵਰਗ ਨੂੰ ਤਰੱਕੀਆਂ ’ਚ ਵੀ ਰਾਖਵਾਂਕਰਨ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਅੱਜ ਵੱਡਾ ਫੈਸਲਾ ਸੁਣਾਉਂਦਿਆਂ ਸਰਕਾਰ ਨੂੰ ਕਿਹਾ ਹੈ ਕਿ ਉਹ ਐਸਸੀ/ਐਸਟੀ ਕਰਮਚਾਰੀਆਂ ਨੂੰ ਤਰੱਕੀ ਵਿੱਚ ਰਾਖਵੇਂਕਰਨ ਦਾ ਲਾਭ ਦੇ ਸਕਦੀ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਇਸ ਮਾਮਲੇ ਵਿੱਚ ਜਦ ਤਕ ਸੰਵਿਧਾਨਕ ਬੈਂਚ ਆਖ਼ਰੀ ਫੈਸਲਾ ਨਹੀਂ ਲੈਂਦਾ, ਸਰਕਾਰ ਪ੍ਰਮੋਸ਼ਨਜ਼ ਦੇ ਸਕਦੀ ਹੈ। ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਕਰਮਚਾਰੀਆਂ ਨੂੰ ਤਰੱਕੀ ਦੇਣਾ ਉਸ ਦੀ ਜ਼ਿੰਮੇਵਾਰੀ ਹੈ। ਇਸ ਤੋਂ ਪਹਿਲਾਂ ਵੱਖ-ਵੱਖ ਹਾਈ ਕੋਰਟ ਦੇ ਫੈਸਲਿਆਂ



ਦੇ ਚੱਲਦਿਆਂ ਤਰੱਕੀ ਰੁਕੀ ਹੋਈ ਸੀ। ਧਿਆਨ ਰਹੇ ਕਿ ਪ੍ਰਮੋਸ਼ਨ ਵਿੱਚ ਰਾਖਵੇਂਕਰਨ ਦਾ ਮਾਮਲਾ ਕਾਫੀ ਵਿਵਾਦਤ ਰਿਹਾ ਹੈ। ਦਲਿਤਾਂ ਦੇ ਹਮਾਇਤੀ ਇਸ ਮਸਲੇ ’ਤੇ ਸਰਕਾਰ ’ਤੇ ਲਗਾਤਾਰ ਸਵਾਲ ਚੁੱਕ ਰਹੇ ਹਨ। ਪਿਛਲੇ ਦਿਨੀਂ ਐਸਸੀ/ਐਸਟੀ ਐਕਟ ’ਤੇ ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ ਤਾਂ ਤਰੱਕੀ ਵਿੱਚ ਰਾਖਵੇਂਕਰਨ ਦੀ ਮੰਗ ਨਵੇਂ ਸਿਰੇ ਤੋਂ ਉੱਠਣੀ ਸ਼ੁਰੂ ਹੋ ਗਈ ਤੇ ਹੁਣ ਸਰਕਾਰ ਨੂੰ ਸੁਪਰੀਮ ਕੋਰਟ ਤੋਂ ਤਰੱਕੀਆਂ ਦੇਣ ਲਈ ਆਗਿਆ ਮਿਲ ਗਈ ਹੈ।




MANDEEP SANDHU

SANDHU IMMIGRATION CONSULTANT

ਇਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney.

msandhu2014@gmail.com

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS

SINCE 1996

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



6930 65TH STREET # 115 SACRAMENTO CA 95823

Sandeep Jony Bagga



RAMESH SUMAN
Broker Realtor
RCS-D ™

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com

P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539



BERKSHIRE HATHAWAY
Home Services

ELITE REAL ESTATE

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com

7412 Elsie Ave., Sacramento, CA 95828



LIC# 01959890

Independently Owned & Operated

Jiwan Rattu

Jiwan.realtor@gmail.com

Realtor2081 Arena Boulevard Suite # 100
Sacramento, CA 95834

GOLD

Cell: (703) 546-6755, Office: (916) 285-1000, Fax: (916) 285-1010

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com



## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਹੋਣ ਵਾਲੇ ਜੂਨ ਮਹੀਨੇ ਦੇ ਸਮਾਗਮ

**June 10, 2018 -**

**Barsi of Late Bhai Darshan Ram Narabat**

Sri Sukhmani Sahib Path and Langar Sewa will be hosted by Bibi Piyari Narabat and entire family on the event of Barsi of their father Late Shri Darshan Ram Narabat. May Waheguru keep dedicated Narabat family in ChardiKala.

**June 30, 2018. Blood Drive**

**at SRI GURU RAVIDASS TEMPLE on Saturday**

Please register for donating blood, it is a noble cause. For more information regarding eligibility, you can click on the link below:

https://www.redcrossblood.org/faq.html#eligibility

## ਭਾਈ ਬਲਬੀਰ ਸਿੰਘ ਕਾਲੇਕੇ ਨੇ ਗੁਰੂ ਘਰ ਐਲਸਬਰਾਂਟੇ ਵਿਖੇ ਕੀਤੀ ਸੰਭਾਲ ਦੀ ਸੇਵਾ



**ਐਲਸਬਰਾਂਟੇ–** ਗੁਰਦੁਆਰਾ ਸਾਹਿਬ ਐਲਸਬਰਾਂਟੇ ਵਿਖੇ ਤਕਰੀਬਨ 2 ਹਫਤੇ ਰਹਿ ਕੇ ਭਾਈ ਬਲਵੀਰ ਸਿੰਘ ਕਾਲੇਕੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਧ ਸਰੂਪਾਂ ਦੀਆਂ ਜਿਲਦਾਂ ਨਵੀਆਂ ਦੁਬਾਰਾ ਬੰਨ੍ਹੀਆਂ ਅਤੇ ਪੱਤਰਿਆਂ ਦੀ ਸੇਵਾ ਸੰਭਾਲ ਕੀਤੀ। ਜੋ ਸਰੂਪ ਬਹੁਤ ਜ਼ਿਆਦਾ ਬਿਰਧ ਹੋ ਚੁੱਕੇ ਸਨ।

ਭਾਈ ਸਾਹਿਬ ਨੇ ਦੱਸਿਆ ਕਿ ਜਿਲਦਾਂ ਬੰਨ੍ਹਣ ਦੀ ਸੇਵਾ ਬਹੁਤ ਘੱਟ ਲੋਕ ਕਰਨ ਜਾਣਦੇ ਹਨ। ਸਾਨੂੰ ਇਹ ਦਾਤ ਸਤਿਗੁਰਾਂ ਦੀ ਕਿਰਪਾ ਨਾਲ ਬਜ਼ੁਰਗਾਂ ਤੋਂ ਮਿਲੀ ਹੈ। ਪਹਿਲਾਂ ਵੀ ਜੋ ਬੀੜ ਭਾਈ ਬੰਨੋ ਜੀ ਵਾਲੀ ਦੇ ਨਾਂ ਨਾਲ ਪ੍ਰਸਿੱਧ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬੀੜ ਸਾਰੀ ਲਿਖਾ ਕੇ ਅੰਮ੍ਰਿਤਸਰ ਤੋਂ ਲਾਹੌਰ ਭੇਜੀ ਸੀ, ਜਿਸਦੀ ਜਿਲਦ ਭਾਈ ਬੰਨੋ ਜੀ ਨੇ ਲਾਹੌਰ ਬੰਨ੍ਹ ਕੇ ਵਾਪਸ ਅੰਮ੍ਰਿਤਸਰ ਭੇਜੀ ਸੀ, ਬਾਅਦ ਵਿਚ ਉਸ ਬੀੜ ਦਾ ਪ੍ਰਕਾਸ਼ ਕੀਤਾ ਗਿਆ ਸੀ। ਹੁਣ ਵੀ ਲੋੜ ਹੈ ਕਈ ਗੁਰੂ ਘਰਾਂ ਵਿਚ ਸਤਿਗੁਰਾਂ ਦੇ ਸਰੂਪਾਂ ਦੀਆਂ ਜਿਲਦਾਂ ਟੁੱਟੀਆਂ, ਪਤਰੇ ਖਿਲਰੇ ਫਿਰਦੇ ਹਨ, ਜਿਹਨਾਂ ਦਾ ਖਿਆਲ ਸਮੂਏ ਗ੍ਰੰਥੀ ਸਿੰਘ ਸਾਹਿਬਾਨ ਨੂੰ ਰੱਖਣਾ ਚਾਹੀਦਾ ਹੈ। ਉਹ ਪ੍ਰਬ–ਧਕ ਕਮੇਟੀ ਨੂੰ ਬੇਨਤੀ ਕਰਨ ਅਤੇ ਸੇਵਾ ਕਰਵਾਉਣ, ਬਾਕੀ ਅਸੀਂ ਸੰਕਲਪ ਕੀਤਾ ਹੈ ਕਿ ਜਿੱਥੇ ਸਾਨੂੰ ਕਿਸੇ ਵੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਬਲਾਵੇਗੀ, ਉਥੇ ਜਾ ਕੇ ਅਸੀਂ ਬਿਰਧ ਸਰੂਪਾਂ ਦੀ ਸੇਵਾ ਕਰਕੇ ਆਵਾਂਗੇ। ਜੇ ਕਿਸੇ ਨੇ ਸੰਪਰਕ ਕਰਨਾ ਹੋਵੇ ਤਾਂ 001530–813–3072 ਤੇ ਸੰਪਰਕ ਕਰ ਸਕਦਾ ਹੈ।



## ਗੁਰੂ ਘਰ ਟਾਇਰਾ ਬਿਊਨਾ ਯੂਬਾ ਸਿਟੀ ਦੇ ਜੂਨ ਮਹੀਨੇ ਦੇ ਪ੍ਰੋਗਰਾਮ

7 ਜੂਨ ਵੀਰਵਾਰ ਤੋਂ 9 ਜੂਨ ਸ਼ਨਿਚਰਵਾਰ ਤੱਕ ਘੱਲੂਘਾਰਾ ਜੂਨ 1984 ਦੇ ਸਮੂਹ ਸ਼ਹੀਦਾਂ ਦੀ ਯਾਂਦ ਨੂੰ ਮਨਾਉਂਦਿਆਂ ਸਾਰੇ ਲੰਗਰ ਵਾਲੇ ਵੀਰਾਂ ਵੱਲੋਂ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰਾਂ ਦੀ ਸੇਵਾ ਹੋਣ ਜਾ ਰਹੀ ਹੈ ਜੀ।

10 ਜੂਨ, ਐਤਵਾਰ ਨੂੰ ਹਫਤਾਵਾਰੀ ਦੀਵਾਨ ਅਤੇ ਲੰਗਰਾਂ ਦੀ ਸੇਵਾ ਸਮੂਹ ਸੰਗਤਾਂ ਵੱਲੋਂ ਹੋਵੇਗੀ ਜੀ।

10 ਜੂਨ ਐਤਵਾਰ ਨੂੰ ਸੈਨ ਫਰਾਂਸਿਸਕੋ ਨਗਰ ਕੀਰਤਨ ਲਈ ਦੋ ਬੱਸਾਂ ਗੁਰੂ ਘਰ ਤੋਂ ਸਵੇਰੇ 8 ਵਜੇ ਚੱਲਣਗੀਆਂ। ਜਿਹਨਾਂ ਸੰਗਤਾਂ ਨੇ ਜਾਣਾ ਹੈ, ਉਹ ਗੁਰੂ ਘਰ ਦੇ ਹੈਡ ਗ੍ਰੰਥੀ ਸਾਹਿਬ ਸਿੰਘ ਜੀ ਨੂੰ ਨਾਮ ਲਿਖਾ ਦੇਣ ਜੀ। ਉਹਨਾਂ ਦਾ ਨੰਬਰ ਹੈ 930–673–9918

4 ਜੂਨ ਸੋਮਵਾਰ ਤੋਂ 10 ਜੂਨ ਐਤਵਾਰ ਤੱਕ ਰੋਜ਼ ਅੰਮ੍ਰਿਤ ਵੇਲੇ 4 ਵਜੇ ਤੋਂ ਲੈ ਕੇ 6 ਵਜੇ ਤੱਕ ਦਸਮੇਸ਼ ਹਾਲ ਵਿਚ ਬੀਬੀ ਬਲਜੀਤ ਕੌਰ ਖਾਲਸਾ (ਸ੍ਰੀ ਗੁਰੂ ਨਾਨਕ ਮਿਸ਼ਨ) ਕੈਨੇਡਾ ਵਾਲੇ, ਗੁਰਮਤਿ ਵਿਚਾਰ, ਕਥਾ, ਨਾਮ ਸਿਮਰਨ ਕਰਵਾਉਣਗੇ ਜੀ।

## ਜਥੇਦਾਰ ਕੁਲਦੀਪ ਸਿੰਘ ਜੀ ਦੇ ਅਕਾਲ ਚਲਾਣੇ ਕਾਰਨ ਪਿਆ ਵੱਡਾ ਘਾਟਾ-ਸ਼੍ਰੋਮਣੀ ਅਕਾਲੀ ਦਲ ਅਮਰੀਕਾ



ਜਥੇਦਾਰ ਕੁਲਦੀਪ ਸਿੰਘ ਵਡਾਲਾ

**ਵਰਜੀਨੀਆ—** ਅਕਾਲੀ ਰਾਜਨੀਤੀ ਦੇ ਬਾਬਾ ਬੋਹੜ ਕਹੇ ਜਾਂਦੇ ਅਤੇ ਨਕੋਦਰ ਤੋਂ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਦੇ ਪਿਤਾ ਜਥੇਦਾਰ ਕੁਲਦੀਪ ਸਿੰਘ ਵਡਾਲਾ ਦੇ ਸਦੀਵੀ ਵਿਛੋੜੇ ਨਾਲ ਪੰਥਕ ਹਲਕਿਆਂ ਚ ਮਾਤਮ ਛਾ ਗਿਆ ਹੈ ਤੇ ਦੋਆਬੇ ਲਈ ਉਨ੍ਹਾਂ ਦੀ ਮੌਤ ਨਾਲ ਪਏ ਘਾਟੇ ਨੂੰ ਬਿਆਨ ਕਰਨ ਲਈ ਸ਼ਬਦਾਂ ਦੀ ਵੀ ਕਮੀ ਮਹਿਸੂਸ ਹੋਵੇਗੀ ।ਇਸ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਈਸਟ ਕੋਸਟ ਸ਼੍ਰੋਮਣੀ ਅਕਾਲੀ





ਦਲ ਵਰਜੀਨੀਆ ਦੇ ਸੀਨੀਅਰ ਮੀਤ ਪ੍ਰਧਾਨ ਗੁਰਦੇਵ ਸਿੰਘ ਕੰਗ (ਵਰਜੀਨੀਆ) ਅਤੇ ਜਨਰਲ ਸਕੱਤਰ ਹਰਜੀਤ ਸਿੰਘ ਹੁੰਦਲ (ਵਰਜੀਨੀਆ) ਨੇ ਕੀਤਾ। ਉਨ੍ਹਾਂ ਕਿਹਾ ਕਿ ਭਵਿੱਖ 'ਚ ਉਨ੍ਹਾਂ ਵਰਗੀ ਸਖਸ਼ੀਅਤ ਦੇ ਪੰਥਕ 'ਚ ਮੁੜ ਨਾ ਉਭਰਨ ਦੀ ਚਿੰਤਾ ਵੀ ਹਮੇਸ਼ਾ ਸਤਾਉਂਦੀ ਰਹੇਗੀ । ਅਫਸੋਸ ਵੀ ਰਹੇਗਾ ਕਿ ਦੁਆਬੇ ਵਿੱਚ ਉਨ੍ਹਾਂ ਦੇ ਕੱਦ ਦਾ ਰਾਜਨੀਤੀ 'ਚ ਕੋਈ ਵੀ ਨਹੀਂ ਹੈ। ਉਨ੍ਹਾਂ ਦੇ ਮਨ 'ਚ ਕੌਮ ਪ੍ਰਤੀ ਵਲਵਲਿਆਂ ਨੂੰ ਹੀ ਲਿਖਤੀ ਰੂਪ 'ਚ ਇਤਿਹਾਸਕ ਤੱਥਾਂ ਵਜੋਂ ਸਾਂਭਣਾ ਹੋਵੇਗਾ।

ਜੇਕਰ ਉਨ੍ਹਾਂ ਨੂੰ ਪੰਥ ਦੀ ਚੱਲਦੀ–ਫਿਰਦੀ ਯੂਨੀਵਰਸਿਟੀ ਵੀ ਆਖ ਦੇਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸਵ. ਵਡਾਲਾ ਸਾਹਿਬ ਨੂੰ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਸ਼ਰਧਾ ਅਤੇ ਸਤਿਕਾਰ ਨਾਲ ਸਿਜਦਾ ਕਰਦੀ ਹੈ ਅਤੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਇਜ਼ਹਾਰ ਕਰਦੀ ਹੈ।

SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਕਿਸਾਨ ਜਿੱਥੇ ਵੀ ਸੰਘਰਸ਼ ਲਈ ਸੱਦਣਗੇ ਜਾਣ ਲਈ ਤਿਆਰ ਹਾਂ-ਸਿੱਧੂ

**ਜਲੰਧਰ (ਨੌਲੀ)–** ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੀ ਹਮਾਇਤ 'ਚ ਆ ਗਏ ਹਨ ਅਤੇ ਉਨ੍ਹਾਂ ਨਾਲ ਹੀ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਨੂੰ ਲੈ ਕੇ ਕੇਂਦਰ ਦੀ ਮੋਦੀ ਸਰਕਾਰ 'ਤੇ ਤਿੱਖੇ ਹਮਲੇ ਕੀਤੇ। ਕਿਸਾਨਾਂ ਵੱਲੋਂ 1 ਜੂਨ ਤੋਂ ਲੈ ਕੇ 10 ਜੂਨ ਤੱਕ ਗਾਓਂ ਬੰਦ-ਕਿਸਾਨ ਛੁੱਟੀ 'ਤੇ ਦੇ ਨਾਂ ਹੇਠ ਕੀਤੇ ਜਾ ਰਹੇ ਅੰਦੋਲਨ ਦੀ ਹਮਾਇਤ ਕਰਦਿਆਂ ਸ੍ਰੀ ਸਿੱਧੂ ਨੇ ਕਿਹਾ ਕਿ ਜਿਥੇ ਵੀ ਕਿਸਾਨ ਉਨ੍ਹਾਂ ਨੂੰ ਸੱਦਣਗੇ ਉਹ ਉਨ੍ਹਾਂ ਦੇ ਹੱਕ ਵਿਚ ਜਾਣਗੇ। ਉਹ ਅੱਜ ਇਥੇ ਐਚ.ਐਮ.ਵੀ. ਕਾਲਜ ਵਿਚ ਹੋਏ ਸਮਾਗਮ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

ਭਾਜਪਾ ਦੀ ਮੋਦੀ ਸਰਕਾਰ 'ਤੇ ਆਪਣੇ ਅੰਦਾਜ਼ ਵਿਚ ਤਿੱਖੀਆਂ ਚੋਟਾਂ ਕਰਦਿਆਂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ 1992 ਤੋਂ ਲੈ ਕੇ ਹੁਣ ਤੱਕ 5 ਵਾਰ ਜਿਣਸਾਂ ਦਾ ਐਮ.ਐਸ.ਪੀ. ਵਾਧਾ ਕੀਤਾ ਗਿਆ ਹੈ ਪਰ ਤੇਲ ਦੀਆਂ ਕੀਮਤਾਂ ਵਿਚ 12 ਵਾਰ ਵਾਧਾ ਕੀਤਾ ਗਿਆ ਹੈ। ਸ੍ਰੀ ਸਿੱਧੂ ਨੇ ਕਿਹਾ ਕਿ ਡੀਜ਼ਲ 6 ਰੁਪਏ ਲੀਟਰ ਤੋਂ 70 ਰੁਪਏ ਤੱਕ ਪਹੁੰਚ ਗਿਆ ਹੈ ਜਦਕਿ ਕਣਕ ਦਾ ਭਾਅ 1992 'ਚ 320 ਰੁਪਏ ਕੁਇੰਟਲ ਸੀ ਤੇ ਹੁਣ 1800 ਰੁਪਏ ਕੁਇੰਟਲ ਤੱਕ ਹੀ ਪਹੁੰਚਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮਿਹਨਤੀ ਕਿਸਾਨ ਜਿਹੜੀ ਵੀ ਫਸਲ ਬੀਜਦੇ ਹਨ ਉਨ੍ਹਾਂ ਦਾ ਮੁਨਾਫਾ ਵਿਚੋਲਾ ਹੀ ਖਾ ਜਾਂਦਾ ਹੈ। ਕਿਸਾਨ ਦੋ ਰੁਪਏ ਕਿਲੋ ਆਲੂ ਵੇਚਣ ਲਈ ਮਜਬੂਰ ਹਨ। ਸ੍ਰੀ ਸਿੱਧੂ ਨੇ ਸਵਾਲ ਕੀਤਾ ਕਿ ਇਨ੍ਹਾਂ ਜਿਣਸਾਂ ਦਾ ਘੱਟੋ ਘੱਟ ਸਮਰਥਨ ਮੁੱਲ ਕਿਉਂ ਨਹੀਂ ਤੈਅ ਕੀਤਾ ਜਾਂਦਾ। ਕਿਸਾਨਾਂ ਸਿਰ ਵਧ ਰਹੇ ਕਰਜ਼ੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਭਾਵੇਂ ਕਿ ਕਾਂਗਰਸ ਸਰਕਾਰ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਲਈ ਯਤਨਸ਼ੀਲ ਹੈ ਪਰ ਇਕ ਵਾਰ ਕਰਜ਼ਾ ਮੁਆਫ ਕਰਨ ਤੋਂ ਬਾਅਦ ਕਿਸਾਨ ਫਿਰ ਕਰਜ਼ਾਈ ਹੋ ਜਾਣਗੇ ਕਿਉਂਕਿ ਕੇਂਦਰ ਸਰਕਾਰ ਨੇ ਫਸਲਾਂ ਦੇ ਭਾਅ ਲਈ ਕੋਈ ਠੋਸ ਨੀਤੀ ਨਹੀਂ ਬਣਾਈ। ਦੁੱਧ ਦੇ ਭਾਅ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਦੁੱਧ 20 ਰੁਪਏ ਕਿਲੋ ਸੀ ਤਾਂ ਪੈਟਰੋਲ 16 ਰੁਪਏ ਲੀਟਰ ਸੀ, ਹੁਣ ਦੁੱਧ ਦਾ ਭਾਅ 40 ਤੋਂ 50 ਰੁਪਏ ਹੋ ਗਿਆ ਹੈ ਤੇ ਪੈਟਰੋਲ 85 ਰੁਪਏ ਲੀਟਰ ਨੂੰ ਵੀ ਪਾਰ ਕਰ ਚੁੱਕਾ ਹੈ। ਸ੍ਰੀ ਸਿੱਧੂ ਨੇ ਸਵਾਲ ਕੀਤਾ ਕਿ ਜੇ ਹਾਲਾਤ ਅਜਿਹੇ ਹਨ ਤਾਂ ਫਿਰ ਕਿਸਾਨ ਕਿਉਂ ਨਾ ਵਿਰੋਧ ਪ੍ਰਦਰਸ਼ਨ ਕਰਨ? ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਭਾਜਪਾ ਦੀ ਮੋਦੀ ਸਰਕਾਰ ਪੈਟਰੋਲ ਤੇ ਡੀਜ਼ਲ ਨੂੰ ਜੀ.ਐਸ.ਟੀ. ਦੇ ਘੇਰੇ ਵਿਚ ਕਿਉਂ ਨਹੀਂ ਲਿਆ ਰਹੀ? ਇਕ ਨੇਸ਼ਨ-ਇਕ ਟੈਕਸ ਦੇ ਦਿੱਤੇ ਜਾ ਰਹੇ ਨਾਅਰੇ 'ਤੇ ਅਮਲ ਕਰਦਿਆਂ ਪੈਟਰੋਲ ਡੀਜ਼ਲ ਨੂੰ ਜੀ.ਐਸ.ਟੀ. 'ਚ ਲਿਆਂਦਾ ਜਾਵੇ ਤਾਂ ਤੇਲ ਦੀਆਂ ਕੀਮਤਾਂ 50 ਰੁਪਏ ਲੀਟਰ ਤੱਕ ਰਹਿ ਜਾਣ-ਗੀਆਂ। ਕੌਮਾਂਤਰੀ ਮਾਰਕੀਟ ਵਿਚ ਕੱਚੇ ਤੇਲ ਦੀਆਂ ਕੀਮਤਾਂ ਘੱਟ ਹੋਣ ਦੇ ਬਾਵਜੂਦ ਵੀ ਸਾਰਾ ਬੋਝ ਦੇਸ਼ ਦੇ ਲੋਕਾਂ 'ਤੇ ਲੱਦਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਕੇਂਦਰ ਸਰਕਾਰ ਦੀ ਨਲਾਇਕੀ ਹੈ।



### ਕਿਸਾਨਾਂ ਵੱਲੋਂ ਵਿਰੋਧ ਜਾਰੀ

ਸ਼ਹਿਰਾਂ ਨੂੰ ਸਬਜ਼ੀਆਂ ਤੇ ਦੁੱਧ ਦੀ ਸਪਲਾਈ ਰੋਕਣ ਦੇ ਕੀਤੇ ਐਲਾਨ ਦਾ ਅਸਰ ਛੇਵੇਂ ਦਿਨ ਵੀ ਦੇਖਣ ਨੂੰ ਮਿਲਿਆ। ਕਿਸਾਨਾਂ ਨੇ ਲਾਂਬੜੇ ਨੇੜੇ ਸਬਜ਼ੀਆਂ ਲੈ ਕੇ ਜਾ ਰਹੀ ਗੱਡੀ ਨੂੰ ਰੋਕਿਆ ਅਤੇ ਸੜਕ 'ਤੇ ਸਬਜ਼ੀਆਂ ਖਿਲਾਰ ਦਿੱਤੀਆਂ। ਇਸੇ ਤਰ੍ਹਾਂ ਸ਼ਹਿਰ ਨੂੰ ਦੁੱਧ ਲਿਜਾ ਰਹੇ ਦੋਧੀ ਦਾ ਦੁੱਧ ਵੀ ਸੜਕ ਵਿਚ ਡੋਲ੍ਹ ਦਿੱਤਾ ਗਿਆ। ਕਿਸਾਨਾਂ ਨੇ ਇਹ ਵੀ ਕਿਹਾ ਕਿ ਉਹ ਵਪਾਰੀਆਂ ਨੂੰ ਪਿੰਡਾਂ ਵਿਚੋਂ ਵੀ ਸਬਜ਼ੀਆਂ ਖ੍ਰੀਦਣ ਦੀ ਆਗਿਆ ਨਹੀਂ ਦੇਣਗੇ। ਮਕਸੂਦਾਂ ਦੀ ਸਬਜ਼ੀ ਮੰਡੀ 'ਚ ਵਿਰੋਧ ਪ੍ਰਗਟਾਅ ਰਹੇ ਕਿਸਾਨਾਂ ਨੇ ਕਿਹਾ ਕਿ ਵਪਾਰੀਆਂ ਨੂੰ ਪਿੰਡਾਂ ਵਿਚੋਂ ਸਬਜ਼ੀਆਂ ਤੇ ਦੁੱਧ ਨਹੀਂ ਖ੍ਰੀਦਣ ਦਿੱਤਾ ਜਾਵੇਗਾ। ਕਿਸਾਨਾਂ ਦੇ ਵਿਰੋਧ ਦੇ ਚੱਲਦਿਆਂ ਮੰਡੀਆਂ ਵਿਚ ਨਾ ਤਾਂ ਤਾਜ਼ੀਆਂ ਸਬਜ਼ੀਆਂ ਆ ਰਹੀਆਂ ਹਨ ਤੇ ਨਾ ਹੀ ਫਲ ਆ ਰਹੇ ਹਨ। ਲੋਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਭਾਰਤ 'ਚ ਸਿੱਖਾਂ ਦੀ ਆਬਾਦੀ ਲਗਾਤਾਰ ਘਟਦੀ ਜਾ ਰਹੀ ਹੈ

**ਨਵੀਂ ਦਿੱਲੀ –** ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਮਨਜੀਤ ਸਿੰਘ ਰਾਏ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਉਚ-ਪੱਧਰੀ ਮੀਟਿੰਗ ਕਰਨ ਤੋਂ ਬਾਅਦ ਕਿਹਾ ਕਿ 1941 ਦੀ ਜਨਗਣਨਾ ਦੌਰਾਨ ਦੇਸ਼ ਵਿਚ ਸਿੱਖਾਂ ਦੀ ਗਿਣਤੀ 1.89 ਫੀਸਦੀ ਸੀ, ਪਰ ਹੁਣ 2011 ਦੀ ਜਨਗਣਨਾ ਅਨੁਸਾਰ ਸਿੱਖਾਂ ਦੀ ਗਿਣਤੀ 'ਚ ਵਾਧਾ ਹੋਣ ਦੀ ਬਜਾਏ ਆਬਾਦੀ ਘਟ ਕੇ 1.72 ਫੀਸਦੀ (2.08 ਕਰੋੜ) ਰਹਿ ਗਈ ਹੈ, ਜੋ ਗੰਭੀਰ ਚਿੰਤਾ ਵਾਲੀ ਗੱਲ ਹੈ। ਮਨਜੀਤ ਸਿੰਘ ਰਾਏ ਨੇ ਕਿਹਾ ਕਿ ਦੇਸ਼ ਵਿਚ 2011 ਦੀ ਜਨਗਣਨਾ ਅਨੁਸਾਰ ਘੱਟ ਗਿਣਤੀਆਂ ਦੀ ਆਬਾਦੀ 20.20 ਫੀਸਦੀ ਹੈ, ਜਿਸ 'ਚ ਮੁਸਲਮਾਨਾਂ ਦੀ ਆਬਾਦੀ 17.22 ਕਰੋੜ (14.23 ਫੀਸਦੀ), ਇਸਾਈਆਂ ਦੀ ਆਬਾਦੀ 2.78 ਕਰੋੜ (2.30 ਫੀਸਦੀ), ਬੋਧੀਆਂ ਦੀ 84.43 ਲੱਖ (0.70 ਫੀਸਦੀ), ਜੈਨੀਆਂ ਦੀ ਆ-ਬਾਦੀ 44.52 ਲੱਖ (0.37 ਫੀਸਦੀ) ਤੇ ਪਾਰਸੀਆਂ ਦੀ ਆਬਾਦੀ 57 ਹਜ਼ਾਰ 264 ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜੋ ਵੀ ਦੇਸ਼ ਦੇ ਘੱਟ ਗਿਣਤੀ ਲੋਕਾਂ ਦੀ ਸਹੂਲਤ ਲਈ ਯੋਜਨਾਵਾਂ ਤੇ ਸਕੀਮਾਂ ਲਿਆਂਦੀਆਂ ਗਈਆਂ ਹਨ, ਉਨ੍ਹਾਂ ਨੂੰ ਲੋਕਾਂ ਤੱਕ ਸਹੀ ਤਰੀਕੇ ਨਾਲ ਪੁੱਜਦਾ ਕਰਨ ਲਈ ਦੇਸ਼ ਭਰ ਵਿਚ ਜਾ-ਗਰੂਕਤਾ ਮੁਹਿੰਮ ਚਲਾਈ ਜਾਵੇਗੀ, ਜਿਸ ਦੌਰਾਨ ਕੌਮੀ ਘੱਟ ਗਿਣਤੀ ਕਮਿਸ਼ਨਰ ਦੇ ਮੈਂਬਰਾਂ ਨੂੰ ਸੂਬੇ ਵੰਡੇ ਗਏ ਹਨ, ਉਨ੍ਹਾਂ ਦੇ ਹਿੱਸੇ ਪੰਜਾਬ, ਹ-ਰਿਆਣਾ, ਚੰਡੀਗੜ੍ਹ, ਉਤਰ ਪ੍ਰਦੇਸ਼ ਆਏ ਹਨ, ਉਹ ਆਪ ਜਾ ਕੇ ਘੱਟ ਗਿਣਤੀਆਂ ਨੂੰ ਕਾਰੋਬਾਰ ਕਰਨ ਲਈ ਜਿਥੇ ਬੈਂਕਾਂ ਤੋਂ ਛੇਤੀ ਕਰਜ਼ਾ ਦੁਆਉਣ ਲਈ ਬੈਂਕਾਂ ਨਾਲ ਮੀਟਿੰਗਾਂ ਕਰ ਰਹੇ ਹਨ, ਉਥੇ ਉਹ ਵੱਖ-ਵੱਖ ਵਿਭਾਗਾਂ ਦੇ ਨਾਲ ਮੀਟਿੰਗਾਂ







FARMERS INSURANCE
Auto, Home, Business, Commercial, Rental, Workecomp, Life, Health etc.
Manjit Kaur Insurance Agency
Cell: 916-412-5222 Email: mkaur@farmersagent.com
Tel: 916-550-0318 Fax: 916-891-5109
7651 Daly Ave, Suite Sacramento CA 95842
COVERED CALIFORNIA

Buying, Selling any Kind of Real Estate or just need friendly advice call
RE/MAX
DALVIR 'DIL' NIJJAR
Realtor,
Lic # 01418648
2081 Arena Blvd. @ 100
Sacramento CA 95835
916-628-2210
Dil.realtor@gmail.com




# ਸਾਬਕਾ ਮੈਂਬਰ ਪਾਰਲੀਮੈਂਟ ਸ੍ਰੀ ਹਰਭਜਨ ਲਾਖਾ ਦੀ ਸਲਾਨਾ ਬਰਸੀ ਮਨਾਉਣ ਸਬੰਧੀ ਮੀਟਿੰਗ ਆਯੋਜਿਤ

**ਸਰੀ –** ਦਲਿਤ ਸਮਾਜ ਲਈ ਲੰਬੀ ਘਾਲਣਾ ਘਾਲਣ ਵਾਲੇ ਤੇ ਸਾਹਿਬ ਕਾਂਸ਼ੀ ਰਾਮ ਜੀ ਦੇ ਮੁੱਢਲੇ ਸਾਥੀ ਰਹੇ ਸਵ. ਸ੍ਰੀ ਹਰਭਜਨ ਲਾਖਾ ਸਾਬਕਾ ਮੈਂਬਰ ਪਾਰਲੀਮੈਂਟ ਦੀ ਚੌਥੀ ਸਲਾਨਾ ਬਰਸੀ ਮਨਾਉਣ ਸਬੰਧੀ ਇਕ ਮੀਟਿੰਗ ਐਸਰੋ ਦੇ ਡਾਇਰੈਕਟਰ ਤੇ ਪਾਵਰ ਕੂਲ ਕੰਪਨੀ ਕੈਨੇਡਾ ਦੇ ਮਾਲਕ ਸ੍ਰੀ ਪਰਮਜੀਤ ਲਾਖਾ ਦੀ ਰਹਿਨੁਮਾਈ ਹੇਠ ਸਰੀ ਵਿਖੇ ਹੋਈ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਪਰਮਜੀਤ ਲਾਖਾ ਨੇ ਦੱਸਿਆ ਕਿ ਸ੍ਰੀ ਹਰਭਜਨ ਲਾਖਾ ਜੀ ਦੀ ਚੌਥੀ ਸਲਾਨਾ ਬਰਸੀ ਮਿਤੀ 16 ਜੂਨ ਦਿਨ ਸ਼ਨੀਵਾਰ ਨੂੰ ਸਥਾਨਕ ਰਿਵਰਸਾਈਡ ਗਰੈਂਡ ਬਾਲਰੂਮ ਵਿਖੇ ਮਨਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਬਰਸੀ ਸਮਾਗਮ ਵਿੱਚ ਭਾਰਤ ਤੋਂ ਵਿਸ਼ੇਸ਼ ਤੌਰ 'ਤੇ ਸਵ: ਕਾਂਸ਼ੀ ਰਾਮ ਜੀ ਦੀ ਛੋਟੀ ਭੈਣ ਬੀਬੀ ਬੀਬੀ ਸਵਰਨ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣ ਲਈ ਪੁੱਜ ਰਹੇ ਹਨ ਜਦੋਂਕਿ ਉਨ੍ਹਾਂ ਨਾਲ ਮਿਸ਼ਨਰੀ ਗੀਤਕਾਰ ਵਿਜੈ ਗੁਣਾਚੌਰ, ਪੱਤਰਕਾਰ ਹਰਨੇਕ ਸਿੰਘ ਵਿਰਦੀ ਵੀ ਇਸ ਬਰਸੀ ਸਮਾਗਮ ਵਿੱਚ ਸ਼ਿਰਕਤ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਮੌਕੇ ਸ੍ਰੀ ਦਿਲਬਾਗ ਸਿੰਘ ਯੂ. ਐਸ. ਏ., ਇੰਦਰਜੀਤ ਸਿੰਘ ਬੱਲੋਵਾਲੀਆ, ਰੂਪ ਲਾਲ ਗੱਡੂ ਅਤੇ ਕਮਲੇਸ਼ ਅਹੀਰ ਆਦਿ ਬੁਲਾਰੇ ਸਵ: ਹਰਭਜਨ ਲਾਖਾ ਜੀ ਦੇ ਜੀਵਨ ਬਾਰੇ ਵਿਸਥਾਰਪੂਰਵਕ ਚਾਨਣਾ ਪਾਉਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਬੀ ਚਰਨ ਕੌਰ, ਗੀਤਕਾਰ ਰੱਤੂ ਰੰਧਾਵੇ ਵਾਲਾ, ਕਮਲੇਸ਼ ਅਹੀਰ, ਕਮਲਜੀਤ ਸਿੰਘ ਲਾਖਾ, ਰਛਪਾਲ ਸਿੰਘ ਲਾਖਾ, ਗਾਇਕਾ ਪ੍ਰੇਮ ਲਤਾ ਆਦਿ ਹਾਜ਼ਰ ਸਨ।



# ਮਾਪਿਆਂ ਦੀ ਦੇਖਭਾਲ ਨਾ ਕਰਨ 'ਤੇ ਹੋ ਸਕਦੀ ਹੈ 6 ਮਹੀਨੇ ਜੇਲ੍ਹ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਆਪਣੇ ਬਜ਼ੁਰਗ ਮਾਤਾ-ਪਿਤਾ ਨੂੰ ਬੇਸਹਾਰਾ ਸਥਿਤੀ 'ਚ ਛੱਡਣ ਵਾਲੇ ਬੱਚਿਆਂ ਨੂੰ ਹੋਣ ਵਾਲੀ ਜੇਲ੍ਹ ਦੀ ਸਜ਼ਾ 3 ਮਹੀਨੇ ਤੋਂ ਵਧਾ ਕੇ 6 ਮਹੀਨੇ ਕਰਨ 'ਤੇ ਵਿਚਾਰ ਕਰ ਰਹੀ ਹੈ । ਮਾਤਾ-ਪਿਤਾ ਨੂੰ ਛੱਡਣ ਅਤੇ ਸੀਨੀਅਰ ਨਾਗਰਿਕਾਂ ਦੀ ਦੇਖਭਾਲ ਅਤੇ ਕਲਿਆਣ ਕਾਨੂੰਨ, 2007 ਦੀ ਸਮੀਖਿਆ ਕਰ ਰਹੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਨੇ ਬੱਚਿਆਂ ਦੀ ਜ਼ਿੰਮੇਵਾਰੀ ਵਧਾਉਣ ਦੀ ਵੀ ਸਿਫ਼ਾਰਿਸ਼ ਕੀਤੀ ਹੈ । ਮੰਤਰਾਲੇ ਦੇ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਬੱਚਿਆਂ ਦੀ ਪਰਿਭਾਸ਼ਾ 'ਚ ਗੋਦ ਲਏ ਜਾਂ ਮਤਰੇਏ ਬੱਚਿਆਂ, ਦਾਮਾਦ ਅਤੇ ਨੂੰ ਹਾਂ, ਪੋਤੇ-ਪੋਤੀਆਂ, ਦੋਹਤੀਆਂ-ਦੋਹਤੇ ਅਤੇ ਅਜਿਹੇ ਨਾਬਾਲਗਾਂ ਨੂੰ ਵੀ ਸ਼ਾਮਿਲ ਕਰਨ ਦੀ ਵੀ ਸਿਫ਼ਾਰਿਸ਼ ਕੀਤੀ ਗਈ ਹੈ । ਜਿਨ੍ਹਾਂ ਦੀ ਪ੍ਰਤੀਨਿਧਤਾ ਕਾਨੂੰਨੀ ਤੌਰ 'ਤੇ ਉਨ੍ਹਾਂ ਦੀ ਦੇਖਭਾਲ ਕਰਦੇ ਹਨ । ਮੌਜੂਦਾ ਕਾਨੂੰਨ 'ਚ ਸਿਰਫ਼ ਸਕੇ ਬੱਚੇ ਅਤੇ ਪੋਤੇ-ਪੋਤੀਆਂ ਸ਼ਾਮਿਲ ਹਨ ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com



## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਹੈਡ ਕੈਸ਼ੀਅਰ ਸ੍ਰੀ ਰਾਮ ਸੇਵਕ ਭਾਟੀਆ ਨੇ ਪਰਿਵਾਰ ਸਮੇਤ ਆਪਣੇ ਪਿਤਾ ਜੀ ਦੀ ਬਰਸੀ ਮਨਾਈ










**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਹੈਡ ਕੈਸ਼ੀਅਰ ਸ੍ਰੀ ਰਾਮ ਸੇਵਕ ਭਾਟੀਆ, ਸ੍ਰੀ ਰਾਮ ਗੋਪਾਲ ਭਾਟੀਆ, ਸ੍ਰੀ ਰਾਜ ਕੁਮਾਰ ਭਾਟੀਆ, ਬਰੁਸ਼ ਭਾਟੀਆ, ਸ੍ਰੀ ਰਾਮ ਮੂਰਤੀ ਭਾਟੀਆ, ਭੈਣ ਆਸ਼ਾ ਰਾਣੀ ਅਤੇ ਭਣਵਈਏ ਗੁਰਮੇਲ ਸਿੰਘ ਜੀ ਨੇ ਸਵਰਗੀ ਪਿਤਾ ਬਖਸੀ ਰਾਮ ਭਾਟੀਆ ਦੀ ਪਹਿਲੀ ਬਰਸੀ ਮਨਾਉਂਦੇ ਹੋਏ ਗੁਰੂ ਘਰ ਵਿਖੇ ਮਿਤੀ 1 ਤੋਂ 3 ਜੂਨ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਕਰਵਾਏ ਗਏ, ਜਿਸ ਵਿਚ 1 ਜੂਨ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 3 ਜੂਨ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਨਿਰਮਲ ਸਿੰਘ (ਸ੍ਰੀ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ), ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਗੁਰ ਇਤਿਹਾਸ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਦੀਪ ਸਿੰਘ ਹੀਰਾ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਭਾਟੀਆ ਪਰਿਵਾਰ ਨੇ ਆਪਣੀ ਮਾਤਾ ਸ੍ਰੀਮਤੀ ਧੰਨ ਕੌਰ ਭਾਟੀਆ ਨੂੰ ਵੀ ਯਾਦ ਕੀਤਾ।

ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਅਤੇ ਸ੍ਰੀ ਰਾਮ ਸੇਵਕ ਭਾਟੀਆ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਬਸਪਾ ਆਗੂਆਂ ਨੇ ਪਿੰਡ ਜਨੌੜੀ ਵਿਖੇ ਕ੍ਰਿਕਟ ਟੂਰਨਾਮੈਂਟ ਦਾ ਉਦਘਾਟਨ ਕੀਤਾ

**ਹੁਸ਼ਿਆਰਪੁਰ–** ਬਸਪਾ ਦੇ ਸੂਬਾ ਜਨਰਲ ਸਕੱਤਰ ਤੇ ਹਲਕਾ ਇੰਚਾਰਜ ਚੱਬੇਵਾਲ ਦੇ ਉਂਕਾਰ ਸਿੰਘ ਝੰਮਟ ਨੇ ਪਿੰਡ ਜਨੌੜੀ ਵਿਖੇ ਕ੍ਰਿਕਟ ਟੂਰਨਾਮੈਂਟ ਦਾ ਉਦਘਾਟਨ ਕੀਤਾ ਇਸ ਮੇਕੇ ਤੇ ਉਕਰ ਸਿੰਘ ਝੰਮਟ ਨੇ ਕਿਹਾ ਕਿ ਖੇਡ ਨਾਲ ਸਾਡੀ ਸ਼ਖਸੀਅਤ ਦਾ ਨਿਰਮਾਣ ਹੁੰਦਾ ਹੈ ਅਤੇ ਬੁਰੀਆਂ ਆਦਤਾਂ ਤੋਂ ਛੁਟਕਾਰਾ ਮਿਲਦਾ ਹੈ ਤੇ ਅੱਜ ਦੇ ਦੌਰ ਚ ਖੇਡਾਂ ਸਾਡੀ ਜਿੰਦਗੀ ਚ ਵਿਸ਼ੇਸ਼ ਮਹੱਤਵ ਹੈ ਇਹਨਾਂ ਨਾਲ ਸਾਨੂੰ ਚੰਗੀ ਸਿਹਤ ਦੇ ਨਾਲ ਨਾਲ ਤੰਦਰੁਸਤ ਦਿਮਾਗ ਵੀ ਹੁੰਦਾ ਹੈ ਸਰੀਰਿਕ ਵਿਕਾਸ ਅਤੇ ਅਨੁਸਾਸ਼ਨ ਲਈ ਖੇਡਾਂ ਦਾ ਸਾਡੀ ਜਿੰਦਗੀ ਚ ਵਿਸੇਸ਼ ਸਥਾਨ ਹੈ ਬਸਪਾ ਆਗੂ ਉਕਰ ਸਿੰਘ ਝੰਮਟ ਨੇ ਕਿਹਾ ਕਿ ਅੱਜ ਦੇ ਨੋਜਵਾਨਾ ਨੂੰ ਨਸ਼ਿਆਂ ਤੋਂ ਦੂਰ ਹੋ ਕੇ ਵੱਖ-ਵੱਖ ਖੇਡਾਂ ਚ ਧਿਆਨ ਦੇਣਾ ਚਾਹੀਦਾ ਹੈ ਤੇ ਮਾਂ ਬਾਪ ਨੂੰ ਵੀਂ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਖੇਡਾਂ ਵੱਲ ਧਿਆਨ ਦੇਣ ਲਈ ਹਰ ਉਪਰਾਲਾ ਕਰਨਾ ਚਾਹੀਦਾ ਹੈ ਇਸ ਮੇਕੇ ਤੇ ਬੀਬੀ ਮਹਿੰਦਰ ਕੋਰ, ਦਲਜੀਤ ਰਾਏ, ਮਨਿੰਦਰ ਸਿੰਘ ਸ਼ੇਰਪੁਰੀ, ਸੁਖਦੇਵ ਸਿੰਘ ਬਿੱਟਾ , ਅਮ-ਰਜੀਤ ਭੱਟੀ , ਸੋਹਣ ਲਾਲ , ਅਮਰਜੀਤ ਜੱਸਲ ਤੇ ਹੋਰ ਬਸਪਾ ਆਗੂ ਹਾਜਰ ਸਨ।

**– ਉਂਕਾਰ ਸਿੰਘ ਝੰਮਟ 98156-66101**



# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸੰਤ ਰਾਮਾਨੰਦ ਜੀ ਅਤੇ ਸ਼ਹੀਦ ਜਸਵੰਤ ਬੌਬੀ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ ਦਿੱਤੀਆਂ























ਫਰਿਜ਼ਨੋ (ਬਿਊਰੋ)- ਬੀਤੇ ਐਤਵਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ (ਕੈਲੇਫੋਰਨੀਆ) ਵਿਖੇ ਸੰਤ ਰਾਮਾਨੰਦ ਜੀ ਦੀ 9ਵੀਂ ਬਰਸੀ ਮਨਾਈ ਗਈ ਅਤੇ ਇਸ ਦੇ ਨਾਲ ਹੀ 2 ਅਪ੍ਰੈਲ 2018 ਨੂੰ ਫਗਵਾੜਾ ਵਿਖੇ ਐਸ. ਸੀ./ ਐਸ. ਟੀ. ਐਕਟ ਨੂੰ ਲੈ ਕੇ ਕਰ ਰਹੇ ਪ੍ਰਦਰਸ਼ਨ ਦੌਰਾਨ ਹੋਏ ਸ਼ਹੀਦ ਜਸਵੰਤ ਬੌਬੀ ਦੀ ਸ਼ਹਾਦਤ ਨੂੰ ਮੁੱਖ ਰੱਖਦਿਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਅਤੇ ਬੌਬੀ ਦੇ ਪਰਿਵਾਰ ਲਈ ਮਾਲੀ ਮਦਦ ਵੀ ਇਕੱਠੀ ਕੀਤੀ ਗਈ ਜੋ ਜਲਦੀ ਹੀ ਸ਼ਹੀਦ ਬੌਬੀ ਦੇ ਪਰਿਵਾਰ ਨੂੰ ਪਹੁੰਚਾ ਦਿੱਤੇ ਜਾਣ ਦੀ ਗੱਲ ਕੀਤੀ ਗਈ। ਇਸ ਦੇ ਨਾਲ ਹੀ ਜ਼ਖਮੀ ਹੋਏ ਸਾਥੀਆਂ ਲਈ ਵੀ ਇਮਦਾਦ ਇਕੱਠੇ ਕੀਤੇ ਜਾਣ ਦੀਆਂ ਵਿਚਾਰਾਂ ਹੋਈਆਂ ਹੀ ਨਹੀਂ ਬਲਕਿ ਜਾਗਰੁਕ ਵਿਅਕਤੀ ਅੱਗੇ ਆਏ।

ਉਧਰ ਸੰਤ ਰਾਮਾਨੰਦ ਜੀ ਦੇ ਅਧਿਆਤਮਕ/ਸਮਾਜਿਕ ਆਦਿ ਪਹਿਲੂਆਂ 'ਤੇ ਸ਼ਰਧਾਂਜਲੀ ਦਿੰਦਿਆਂ ਵਿਸ਼ੇਸ਼ ਜ਼ਿਕਰ ਕੀਤਾ ਗਿਆ। ਇਸ ਮੌਕੇ ਰਸਭਿੰਨਾ ਸ਼ਬਦ ਗਾਇਨ ਕੀਤਾ ਗਿਆ ਤੇ ਵੱਖ ਵੱਖ ਬੁਲਾਰਿਆਂ ਨੇ ਆਪੋ-ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਦਿਆਂ ਕਿਹਾ ਕਿ ਸਾਨੂੰ ਸਮ-ਾਜਿਕ ਤੇ ਰਾਜਨੀਤਿਕ ਖੇਤਰਾਂ ਵਿਚ ਵੀ ਵੱਧ-ਚੜ੍ਹ ਕੇ ਅੱਗੇ ਆਉਣੇ ਤੇ ਯੋਜਨਾਬੱਧ ਤਰੀਕੇ ਨਾਲ ਸੰਘਰਸ਼ ਕਰਨ ਦੀ ਜ਼ਰੂਰਤ ਹੈ।

ਅਖੀਰ ਗੁਰੂ ਘਰ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਭਾਈ ਰਾਮ ਸਿੰਘ ਜੀ ਨੇ ਅਰਦਾਸ ਕੀਤੀ। ਚੇਅਰਮੈਨ ਸ੍ਰੀ ਰਜਿੰਦਰ ਮੋਮੀ ਜੀ ਨੇ ਸਭਨਾਂ ਦਾ ਧੰਨਵਾਦ ਕੀਤਾ ਅਤੇ ਸ੍ਰੀ ਅਮਰ ਦੜੌਚ ਨੇ ਸਟੇਜ ਦੀ ਸੇਵਾ ਨਿਭਾਈ।

ਦੇਸ਼ ਦੁਆਬਾ

# ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ 'ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ।

ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀ-ਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ। ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦਿ ਧਰਮ ਮੰਡਲ ਪੰਜਾਬ ਜੀ ਦੀ ਆਪਣੀ ਹੱਥ ਲਿਖਤ 11-12 ਜੂਨ ਨੂੰ ਸਮਰਪਿਤ**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਜੂਨ 84 ਦਾ ਸਰਕਾਰੀ ਹਮਲਾ ਸਿੱਖਾਂ ਦੀ ਨਸਲਕੁਸ਼ੀ



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਬ੍ਰਾਹਮਣਵਾਦ ਤੇ ਤਰਕ ਗਿਆਨ ਦੀ ਜੰਗ ਭਾਵੇਂ ਸਦੀਆਂ ਤੋਂ ਚੱਲ ਰਹੀ ਸੀ ਪਰ ਜੋ ਝਟਕਾ ਇਸ ਨੂੰ ਕ੍ਰਾਂਤੀਕਾਰੀ ਭਗਤਾਂ ਅਤੇ ਸਿੱਖ ਗੁਰੂ ਸਹਿਬਾਨਾਂ ਨੇ ਦਿੱਤਾ ਉਸ ਨਾਲ ਇਸ ਦਾ ਲੱਕ ਟੁੱਟ ਗਿਆ ਅਤੇ ਆਮ ਜਨਤਾ ਉੱਚ ਜਾਤੀ ਬਾਮਣਾਂ, ਪੁਜਾਰੀਆਂ, ਮੁਲਾਂ ਮੌਲਾਣਿਆਂ ਅਤੇ ਸਿੱਧ ਜੋਗੀਆਂ ਦੇ ਕਰਮਕਾਂਡੀ, ਅੰਧਵਿਸ਼ਵਾਸ਼, ਛੂਆ-ਛਾਤ, ਜਾਤ-ਪਾਤ ਅਤੇ ਅਗਿਆਨਤਾ ਦੇ ਜੂਲੇ ਚੋਂ ਬਾਹਰ ਨਿਕਲ ਕੇ ਸਿਰ ਉੱਚਾ ਕਰ ਸਵੈਮਾਨ ਨਾਲ ਜੀਣਾ ਸਿੱਖ ਚੁੱਕੀ ਸੀ। ਇਸ ਜੰਗ ਵਿਰੁੱਧ ਦਸ ਗੁਰੂ ਸਹਿਬਾਨ ਨੂੰ ਲੰਬਾ ਸਮਾ ਲਾਉਣਾ ਪਿਆ। ਇਸ ਵਿੱਚ ਗੁਰੂ ਅਰਜਨ ਸਹਿਬ ਪਹਿਲੇ ਸ਼ਹੀਦ ਹੋਏ, ਚਾਰ ਜੰਗਾਂ ਗੁਰੂ ਹਰਗੋਬਿੰਦ ਸਾਹਿਬ ਨੂੰ ਲੜਨੀਆਂ ਪਈਆਂ। ਗੁਰੂ ਤੇਗ ਬਹਦਰ ਨੂੰ ਧਰਮ ਲਈ ਆਪਾ ਵਾਰਨਾਂ ਪਿਆ, ਚਾਰ ਸਹਿਬਜ਼ਾਦੇ, ਪੰਜ ਪਿਆਰੇ, ਗੁਰੂ ਗੋਬਿੰਦ ਸਿੰਘ, ਮਾਤਾ ਗੁਜਰ ਕੌਰ, ਮਾਤਾ ਭਾਗ ਕੌਰ, ਬੀਬੀ ਸ਼ਰਨ ਕੌਰ, ਬਾਬਾ ਸੰਗਤ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਭਾ ਮਨੀ ਸਿੰਘ, ਬਾਬਾ ਦੀਪ ਸਿੰਘ, ਜੱਸਾ ਸਿੰਘ ਆਹਲੂਵਾਲੀਆਂ ਤੇ ਰਾਮਗੜੀਆ, ਅਕਾਲੀ ਫੂਲਾ ਸਿੰਘ, ਸ੍ਰ. ਸ਼ਾਮ ਸਿੰਘ ਅਟਾਰੀ ਅਤੇ ਹੋਰ ਬੇਅੰਤ ਸਿੰਘ, ਸਿੰਘਣੀਆਂ, ਬੱਚਿਆਂ ਅਤੇ ਬਜੁਰਗਾਂ ਨੂੰ ਸ਼ਹੀਦ ਹੋਣਾ ਪਿਆ।

ਪਹਿਲੇ ਜੰਗਲੀ ਰਹਿ ਘਰ-ਘਾਟ ਤੇ ਫਿਰ ਆਪਸੀ ਫੁੱਟ ਕਰਕੇ ਸਿੱਖ ਰਾਜ, ਗੁਰਧਾਮ ਗਵਾਏ। ਪੁਜਾਰੀਵਾਦ ਇੱਕ ਵਾਰ ਫਿਰ ਉਦਾਸੀ, ਨਿਰਮਲੇ ਆਦਿਕ ਬ੍ਰਾਹਮਣੀ ਮਹੰਤਾਂ ਦੇ ਰੂਪ ਚ ਗੁਰਧਾਮਾਂ ਤੇ ਕਾਬਜ ਹੋ ਗਿਆ। ਫਿਰ ਸਿੰਘ ਸਭਾ ਤੇ ਚਲਾਕ ਬਾਮਣ ਹੀ ਬਣਿਆਂ। ਮੁਸਲਿਮ ਲੀਡਰ ਦੀ ਸਿਆਣਪ ਨਾਲ ਅਲੱਗ ਅਜ਼ਾਦ ਹੋ ਗਏ ਪਰ ਸਿੱਖਾਂ ਦੇ ਗੁਰਮਤਿ ਗਿਆਨ ਵਿਹੂਣੇ ਲੀਡਰਾਂ ਨੇ ਫਿਰ ਬਾਮਣ ਭਾਊ ਦੀ ਸਰਦਾਰੀ ਕਬੂਲ ਲਈ ਤੇ ਕੁਝ ਸਮੇ ਬਾਅਦ ਹੀ ਬਾਮਣ ਸਰਕਾਰ ਨੇ ਸਿੱਖਾਂ ਨੂੰ ਜ਼ਰਾਇਮਪੇਸ਼ਾ ਕੌਮ ਗਰਦਾਨ ਦਿੱਤਾ।

ਫਿਰ ਪੰਜਾਬੀ ਸੂਬੇ ਤੇ ਵੱਧ ਅਧਿਕਾਰਾਂ ਦੀ ਲੜਾਈ ਚੱਲੀ ਜਿਸ ਵਿੱਚ ਵੀ ਮਹਾਂ ਪੰਜਾਬ ਨਾਲੋਂ ਹਿਮਾਚਲ, ਹਰਿਆਣਾ, ਦਿੱਲੀ ਆਗਰਾ ਤੇ ਗੰਗਾਨਗਰ ਆਦਿਕ ਪੰਜਾਬੀ ਤੇ ਸਿੱਖ ਵਸੋਂ ਵਾਲੇ ਇਲਾਕੇ ਕੱਟ ਕੇ ਛੋਟੀ ਜਿਹੀ ਪੰਜਾਬੀ ਸੂਬੀ ਦੇ ਦਿੱਤੀ ਪਰ ਸਿੱਖਾਂ ਤੇ ਪੰਜਾਬੀਆਂ ਨਾਲ ਵਿਤਕਰਾ ਓਵੇਂ ਹੀ ਜਾਰੀ ਰਿਹਾ, ਪੰਜਾਬੀ ਸੂਬੇ ਨੂੰ ਪੂਰੇ ਅਧਿਕਾਰ ਨਾ ਦਿੱਤੇ ਗਏ। ਪੰਜਾਬੀ ਮਾਂ ਬੋਲੀ ਨੂੰ ਦਰ ਕਿਨਾਰ ਰੱਖਿਆ, ਸਰਕਾਰੀ ਨੌਕਰੀਆਂ ਚ ਭਾਰੀ ਵਿਤਕਰਾ ਕੀਤਾ ਗਿਆ। ਇਸ ਦੇ ਫਲਸ



ਲਹਿਰ ਦੇ ਰੂਪ ਚ ਸਿੱਖਾਂ ਨੇ ਭਾਰੀ ਕੁਰਬਾਨੀਆਂ ਦੇ ਗੁਰਧਾਮ ਅਜ਼ਾਦ ਕਰਵਾਏ। ਸ੍ਰ. ਭਗਤ ਸਿੰਘ, ਸ੍ਰ. ਊਧਮ ਸਿੰਘ, ਰਾਜਗੁਰੂ ਵਰਗੇ ਅਨੇਕਾਂ ਸਿੱਖ, ਮੁਸਲਿਮ ਅਤੇ ਹਿੰਦੂ ਵੀਰਾਂ ਨੇ ਬ੍ਰਿਟਸ਼ ਤੋਂ ਭਾਰਤ ਨੂੰ ਅਜ਼ਾਦ ਕਰਵਾਇਆ ਪਰ ਲੀਡਰ ਫਿਰ ਕਪਟੀ ਰੂਪ ਪੰਜਾਬ ਦੇ ਨੌਜਵਾਨ ਬੇਰੁਜਗਾਰ ਹੋ ਗਏ। ਜਦ ਪੰਜਾਬ ਦੀ ਕੋਈ ਵੀ ਹੱਕੀ ਮੰਗ ਕੇਂਦਰ ਸਰਕਾਰ ਨੇ ਨਾਂ

(ਬਾਕੀ ਸਫਾ 13 'ਤੇ)

# ਸੰਤ ਸਰਵਨ ਦਾਸ ਜੀ ਬਲਾਂ ਦੀ 46ਵੀ ਸਾਲਾਨਾ ਬਰਸੀ 11 ਜੂਨ 'ਤੇ ਵਿਸ਼ੇਸ਼

ਗਿਰ ਗਿਰ ਮੈਂ ਮਾਣਕ ਨਹੀਂ ਗਜ਼ ਗਜ਼ ਮੋਤੀ ਨਾਹਿਠ ।
ਚੰਦਨ ਤਰ ਬਣ ਬਣ ਨਹੀਂ ਸੰਤ ਨਾ ਪੁਰ ਪੁਰ ਮਾਹਿਠ ॥

ਆਪ ਜੀ ਦਾ ਜਨਮ ਸੰਨ 1895ਵੇਂ ਈਸਵੀ ਨੂੰ ਗਿੱਲ ਪੱਤੀ ਜ਼ਿਲ੍ਹਾ ਬਠਿੰਡਾ ਵਿਖੇ ਮਾਤਾ ਸੋਭਾਵੰਤੀ ਜੀ ਦੀ ਕੁੱਖੋਂ ਬਾਬਾ ਪਿੱਪਲ ਦਾਸ ਜੀ ਦੇ ਗ੍ਰਹਿ ਵਿਖੇ ਹੋਇਆ ਆਪ ਜੀ ਦੀ ਪਰਵਰਿਸ਼ ਸਾਂਤ ਵਾਤਾਵਰਨ ਵਿੱਚ ਹੋਈ ਉਸ ਸਮੇਂ ਆਪ ਜੀ ਦੀ ਉਮਰ ਮਸਾ ਚਾਰ ਕੁ ਸਾਲ ਦੀ ਸੀ ਜਦੋਂ ਆਪ ਜੀ ਦੀ ਮਾਤਾ ਦਾ ਸਾਇਆ ਸਦਾ ਵਾਸਤੇ ਸਿਰ ਤੋਂ ਉੱਠ ਗਿਆ। ਬਾਬਾ ਪਿੱਪਲ ਦਾਸ ਜੀ ਨੂੰ ਇਨ੍ਹਾਂ ਦੀ ਬਾਲ ਅਵਸਥਾ ਵਿੱਚ ਅਜਿਹੀ ਕਿਰਨ ਦਿਖਾਈ ਦਿੱਤੀ ਜਿਸ ਨੇ ਅੱਗੇ ਜਾਕੇ ਬੜੇ ਆਕਾਰ ਵਿੱਚ ਜਗਤ ਵਿੱਚ ਪ੍ਰਗਟ ਹੋਣਾ ਸੀ ਇਸ ਕਰਕੇ ਬਾਬਾ ਪਿੱਪਲ ਦਾਸ ਜੀ ਨੇ ਆਪਣੇ ਸਪੁੱਤਰ ਸਰਵਨ ਦਾਸ ਨੂੰ ਨਾਲ ਲੈ ਕੇ ਸਦਾ ਵਾਸਤੇ ਆਪਣੇ ਘਰ ਤੋਂ ਅਲਵਿਦਾ ਲੈ ਲਈ ਸੀ

ਆਪ ਵੱਖ ਵੱਖ ਇਲਾਕਿਆਂ ਦੀ ਸੈਰ ਕਰਦੇ ਹੋਏ ਜਲੰਧਰ ਦੇ ਨਜ਼ਦੀਕ ਪਿੰਡ ਬੱਲਾਂ ਵਿਖੇ ਆਣ ਡੇਰਾ ਲਾਇਆ ਬਾਬਾ ਪਿੱਪਲ ਦਾਸ ਜੀ ਲੋਕਾਂ ਵਿੱਚ ਨੇਕੀ ਅਤੇ ਭਗਤੀ ਦਾ ਪ੍ਰਚਾਰ ਕਰਦੇ ਸਨ 27ਅਕਤੂਬਰ 1928 ਨੂੰ ਪ੍ਰਭੂ ਚਰਨਾਂ ਵਿੱਚ ਬਿਰਾਜਮਾਨ ਹੋਏ ਤੇ ਭਜਨ ਬੰਦਗੀ ਦਾ ਭਰਿਆ ਖ਼ਜ਼ਾਨਾ ਆਪਣੇ ਸਪੁੱਤਰ ਸੰਤ ਸਰਵਨ ਦਾਸ ਜੀ ਦੇ ਸਪੁਰਦ ਕਰ ਗਏ ਉਸ ਵਕਤ ਸਤਿਗੁਰੂ ਸਰਵਣ ਦਾਸ ਜੀ ਦੀ ਉਮਰ ਕਰੀਬ 32 ਕੁ ਸਾਲ ਦੀ ਹੋ ਚੁੱਕੀ ਸੀ ਪਿਤਾ ਜੀ ਦੇ ਵਿਛੋੜੇ ਤੋਂ ਬਾਅਦ ਆਪ ਜੀ ਨੂੰ ਡੇਰੇ ਦੀ ਵਾਗਡੋਰ ਸੰਭਾਲਣੀ ਪਈ ਆਪ ਜੀ ਨੇ ਪਿੰਡ ਤੋਂ ਬਾਹਰ ਇੱਕ ਜੰਗਲ ਨੁਮਾ ਅਸਥਾਨ ਤੇ ਕੁਟੀਆ ਸਜਾ ਕੇ ਉੱਥੇ ਲੋਕਾਂ ਵਿੱਚ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਾਉਣ ਲੱਗੇ ਸਨ ਆਪ ਜੀ ਉਚ ਨੀਚਤਾ ਦੇ ਪਏ ਹੋਏ ਪਾੜੇ ਦਾ ਖਾਤਮਾ ਕਰਕੇ ਪਰਉਪਕਾਰੀ ਨੇਕੀ ਅਤੇ ਦਾਇਆ ਦਾ ਰਾਜ ਸਥਾਪਤ ਕਰਨ ਵਾਸਤੇ ਇੱਕ ਨੇਕ ਰਹਿਬਰ ਬਣ ਕੇ ਉਭਰੇ ਅਤੇ ਗ਼ਰੀਬਾਂ ਨਿਮਾਣਿਆਂ ਲਈ ਇੱਕ ਓਟ ਆਸਰਾ ਬਣ ਕੇ ਆਪ ਨੇ ਮਾਨਸਿਕ ਤੌਰ ਤੇ ਗੁਲਾਮ ਹੋ ਚੁੱਕੇ ਲੋਕਾਂ ਦੇ ਸਮਾਜਿਕ ਪੱਧਰ ਨੂੰ ਉੱਚਾ ਚੁੱਕਣ ਦਾ ਯਤਨ ਕੀਤਾ ਸਭਨਾਂ ਨੂੰ ਹੱਕ ਸੱਚ ਅਤੇ ਨਿਆਂ ਦੇ ਮਾਰਗ ਤੇ ਚੱਲਣ ਦੀ ਸਿੱਖਿਆ ਦਿੱਤੀ ਧਾਰਮਿਕ ਪੱਧਰ ਤੇ ਆ ਰਹੀ ਗਿਰਾਵਟ ਨੂੰ ਦੂਰ ਕੀਤਾ ਲੰਗਰ ਅਤੇ ਪੰਗਤ ਦੇ ਪ੍ਰਵਾਹ ਦੇ ਨਾਲ ਨਾਲ ਗ਼ਰੀਬ ਜਨਤਾ ਦੇ ਲਈ ਮੁਫ਼ਤ ਦੁਆ ਦਾਰੂ ਦਾ ਵੀ ਪ੍ਰਬੰਧ ਕੀਤਾ ਤੇ ਲੋਕਾਈ ਵਿੱਚ ਨਾਮ ਬਾਣੀ ਦੇ ਸਿਮਰਨ ਦਾ ਪ੍ਰਚਾਰ ਕਰਦਿਆਂ ਕਹਿ ਰਵਿਦਾਸ ਜੋ ਜਪੈ ਨਾਮੁ ।
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ।




ਦਾ ਨਾਅਰਾ ਬੁਲੰਦ ਕੀਤਾ ਲੱਖਾਂ ਪ੍ਰਾਣੀਆਂ ਨੂੰ ਪ੍ਰਭੂ ਸਿਮਰਨ ਨਾਲ ਜੋੜ ਕੇ ਇਸ ਸੰਸਾਰਿਕ ਭਵਸਾਗਰ ਤੋਂ ਪਾਰ ਲੰਘਾਇਆ ਕਾਂਸ਼ੀ ਬਨਾਰਸ ਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਦੀ ਖੋਜ ਕਰਕੇ ਉੱਥੇ ਮੰਦਰ ਉਸਾਰ ਕੇ ਜਗਤ ਪ੍ਰਸਿੱਧੀ ਪ੍ਰਾਪਤ ਕੀਤੀ ।

ਸੰਤ ਸਰਵਨ ਦਾਸ ਜੀ ਚਾਹੁੰਦੇ ਸਨ ਕਿ ਕੌਮ ਦੇ ਪੜ੍ਹਨ ਲਾਇਕ ਬੱਚੇ ਉਚੇਰੀ ਤਾਲੀਮ ਗ੍ਰਹਿਣ ਕਰਕੇ ਉੱਚੇ ਪਦ ਹਾਸਲ ਕਰਕੇ ਆਪਣੀ ਜ਼ਿੰਦਗੀ ਦੇ ਮਨੋਰਥ ਨੂੰ ਪੂਰਨ ਤੋਰ ਤੇ ਗ੍ਰਹਿਣ ਕਰ ਸਕਣ ਸਤਿਗੁਰ ਰਵਿਦਾਸ ਜੀ ਦੇ ਦਿੱਤੇ ਆਦੇਸ਼ :
ਮਾਧੋ ਅਬਿਦਿਆ ਹਿਤ ਕੀਨ।
ਬਿਬੇਕ ਦੀਪ ਮਲੀਨ ॥

ਤੇ ਚੱਲਦਿਆਂ ਸੰਤਾਂ ਨੇ ਵਿੱਦਿਆ ਦੇ ਪ੍ਰਚਾਰ ਪ੍ਰਸਾਰ ਸੰਚਾਰ ਲਈ ਵੱਡੇ ਕਾਰਜ ਵੀ ਕੀਤੇ ਅੱਜ ਉਨ੍ਹਾਂ ਦੇ ਸਿਰਜੇ ਹੋਏ ਲਾਸਾਨੀ ਇਤਿਹਾਸ ਨੂੰ ਵਿਸ਼ਵ ਦੇ ਸਾਹਮਣੇ ਪ੍ਰਚਾਰਨ ਦੀ ਲੋੜ ਹੈ ਆਪ ਨੇਕੀ ਤੇ ਭਗਤੀ ਦਾ ਪ੍ਰਚਾਰ ਕਰਦੇ ਹੋਏ 11ਜੂਨ ਸੰਨ 1972 ਨੂੰ ਜੋਤੀ ਜੋਤ ਸਮਾ ਗਏ । ਆਓ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ ਉੱਪਰ ਚੱਲ ਕੇ ਉਨ੍ਹਾਂ ਦੇ ਦਰਸਾਏ ਰਾਹ ਤੇ ਚੱਲਦਿਆਂ ਆਪਣਾ ਸਮੁੱਚਾ ਜੀਵਨ ਸਫਲਾ ਕਰੀਏ ਉਨ੍ਹਾਂ ਦੇ ਚਰਨਾਂ ਵਿੱਚ ਇਹੀ ਸੱਚੀ ਸ਼ਰਧਾਂਜਲੀ ਅਰਪਿਤ ਹੋਵੇਗੀ ।

ਸੂਰਜ ਕਿਰਨ ਮਿਲੀ ਜਲ ਕਾ ਜਲ ਹੂਆ ਰਾਮੁ ।
ਜੋਤੀ ਜੋਤਿ ਰਲੀ ਸੰਪੂਰਨ ਥੀਆ ਕਾਮੁ ॥

**ਮਲਕੀਤ ਸਿੰਘ ਚੱਕੋਵਾਲ ਸ਼ੇਖਾਂ, ਮਦਨ ਬੰਗੜ**
8146657410, 9501575511


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਜਸਵੰਤ ਜ਼ਫ਼ਰ ਨਾਲ ਵਿਪਸਾ ਦੀ ਸਾਹਿਤਕ ਸ਼ਾਮ

**ਨਿਊਅਰਕ (ਬਿਊਰੋ)–** ਪਿਛਲੇ ਸ਼ੁਕਰਵਾਰ ਨੂੰ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ, ਰਾਜਾ ਸਵੀਟਸ, ਨਿਊਅਰਕ, ਕੈਲੀਫੋਰਨੀਆ ਵਿਖੇ ਇਕ ਭਰਵੀਂ ਵਿਸ਼ੇਸ਼ ਸਾਹਿਤਕ ਇਕੱਤਰਤਾ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਪੰਜਾਬ ਤੋਂ ਆਏ ਪ੍ਰਸਿੱਧ ਸਾਹਿਤਕਾਰ ਜਸਵੰਤ ਜ਼ਫ਼ਰ ਵਿਸ਼ੇਸ਼ ਮਹਿਮਾਨ ਵਜੋਂ ਆਮੰਤ੍ਰਿਤ ਹੋਏ। ਵਿਪਸਾ ਦੇ ਉਪ ਪ੍ਰਧਾਨ ਸੁਰਿੰਦਰ ਸੀਰਤ ਨੇ ਜ਼ਫ਼ਓਮਪ;ਰ ਜੀ ਅਤੇ ਆਏ ਸਾਹਿਤਕਾਰਾਂ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਜੀ ਆਇਆਂ ਕਹਿਣ ਮਗਰੋਂ, ਜਗਜੀਤ ਨੌਸ਼ਹਿਰਵੀ ਨੂੰ ਇਸ ਬੈਠਕ ਦੇ ਸੰਚਾਲਨ ਦੀ ਜ਼ਿੰਮੇਦਾਰੀ ਸੰਭਾਲਣ ਲਈ ਬਿਨਤੀ ਕੀਤੀ, ਜਿਸ ਨੂੰ ਜਗਜੀਤ ਨੇ ਬੜੇ ਹੀ ਸੰਯਮ ਨਾਲ ਸਿਰੇ ਚਾੜਿਆ।

ਸਭ ਤੋਂ ਪਹਿਲਾਂ , ਜ਼ਫ਼ਰ ਸਾਹਿਬ ਨੇ ਅਜੋਕੇ ਭਾਰਤ ਵਿਚ ਵਿਚਰ ਰਹੇ ਸਾਹਿਤਕ, ਸਿਆਸੀ ਅਤੇ ਸਾਮੂਹਿਕ ਵਰਤਾਰੇ ਪ੍ਰਤੀ ਆਪਣੇ ਪਰਵੱਚਨ ਸਾਂਜੇ ਕੀਤੇ ਜਿਸ ਅਨੁੰਸਾਰ, ਆਮ ਆਦਮੀ ਨੂੰ ਸੱਤਾ, ਧਾਰਮਕ ਸੱਤਾ ਅਤੇ ਸਾਮੂਹਿਕ ਮੀਡੀਆ ਵਲੋਂ ਗੁਮਰਾਹ ਕੀਤਾ ਜਾ ਰਿਹਾ ਏ ਜਿਸ ਅਧੀਨ ਰਹਿ ਕੇ ਉਹ ਨਿੱਕੀਆਂ ਨਿੱਕੀਆਂ ਖੁਸ਼ੀਆਂ ਤੀਕ ਹੀ ਸੀਮਤ ਕਰ ਦਿੱਤਾ ਗਿਆ ਹੈ। ਪਰ, ਜਿਵੇਂ ਕਿ ਹਰ ਹਨੇਰੇ ਦੌਰ ਵਿਚ ਹੁੰਦਾ ਹੈ, ਜਾਗਰੂਕਤਾ ਦੇ ਜੁਗਨੂੰ ਵੀ ਰਾਹ ਦਸੇਰੇ ਹੋ ਨਿਭੜਦੇ ਹਨ ਅਤੇ ਹੋ ਰਹੇ ਹਨ। ਲੜੀ ਨੂੰ ਜੋੜਦਿਆਂ, ਪਰਵਾਰ ਸਮੇਤ ਹਾਜ਼ਰ ਬੀਬੀ ਸਰਭਜੀਤ ਕੌਰ ਚੀਮਾ ਨੇ ਜ਼ਫ਼ਓਮਪ;ਰ ਜੀ ਨਾਲ ਸਹਿਮਤੀ ਪ੍ਰਗਟਾਈ ਅਤੇ ਵਿਰਸਾ ਸੰਭਾਲ ਸੂਝ ਦੀ ਪ੍ਰੋੜਤਾ ਕੀਤੀ। ਉਹਨਾਂ ਦੱਸਿਆ ਕਿ ਵ੍ਹਰਾ 2005 ਤੋਂ ਆਪ ਨੇ ਯੂਨੀਅਨ ਸਿਟੀ ਡਿਸਟ੍ਰਿਕ ਵਿਚ



ਪੰਜਾਬੀ ਭਾਸ਼ਾ ਦਾ ਕੋਰਸ ਆਰੰਭ ਕਰਵਾਇਆ ਹੈ।

ਕਵਿਤਾ ਸੈਸ਼ਨ ਵਿਚ ਸਭ ਤੋਂ ਪਹਿਲਾਂ ਹਜ਼ੂਰਾ ਸਿੰਘ ਨੇ ਇਕ ਨਵੀਂ ਗ਼ਜ਼ਲ ਦਾ ਗਾਇਨ ਕੀਤਾ ਜਿਸ ਨੂੰ ਹਾਜ਼ਰੀਨ ਦਾਦ ਦਿੱਤੇ ਬਗ਼ੈਰ ਨਾ ਰਹਿ ਸਕੇ। ਜੋਤੀ ਸਿੰਘ ਨੇ, ''ਇਹ ਜੋ ਸਹਿਜ ਸਹਿਜ ਆਨੰਦ ਹੈ, ਜਿਹੇ ਅਧਿਆਤਮਕ ਪਰਪੇਖ ਵਿਚ ਰਚੀ ਕਵਿਤਾ ਨੂੰ ਸੁਰਮਈ ਸੁਰ ਵਿਚ ਪਰਸਤੁਤ ਕਰ ਕੇ ਦਾਦ ਖਟੀ। ਗਗਨਦੀਪ ਵੀ ਵਿਪਸਾ ਵਿਚ ਆਮੰਤ੍ਰਿਤ ਸੀ। ਆਜ਼ਾਦ ਖ਼ਿਆਲੀ ਅਤੇ ਜਾਗਰੂਕਤਾ ਦੇ ਉਧਾਰਣ ਉਸ ਦੀ ਸ਼ਾਇਰੀ ਚੋਂ ਡੁਲ ਡੁਲ ਪੈ ਰਹੇ ਸੀ।ਖ਼ਵਾਜਾ ਅਸ਼ਰਫ਼ਓਮਪ; ਵੀ ਇਸ ਮਹਿਫ਼ਿਓਮਪ;ਲ ਦਾ ਸ਼ਿੰਗਾਰ ਬਣੇ। ਆਪ ਦੀ ਉਰਦੂ ਗ਼ਜ਼ਲ ਨੇ ਨਵੇਕਲਾ ਰੰਗ ਬਖੇਰਿਆ। ਆਪ ਦੀ ਗ਼ਜ਼ਲ ਦਾ ਮਤਲਾ ਸੀ, ਉਤੂ ਖ਼ੁਦਾ ਹੈ, ਤੋ ਇਲਾਜ-ਏ- ਗ਼ਮ-ਏ-ਦੌਰਾਂ ਕਰ ਦੇ ਅਪਨੇ ਬੰਦੋਂ ਪੈ, ਸ਼ਬ-ਏ-ਅਰੂਜ਼ ਤੋ ਆਸਾਂ ਕਰ ਦ'' ਹਰਭਜਨ ਢਿੱਲੋਂ ਨੇ ਬਾਦਸਤੂਰ ਉਅਜੇ ਵੀ ਹਨੇਰਾ ਚਿਰਾਗਾਂ ਦੇ ਥੱਲੇ ਉ ਦਾ ਦਰਦ ਭਰੇ ਲਹਿਜੇ'ਚ ਗਾਇਨ ਕੀਤਾ।ਸੁਰਿੰਦਰ ਸੀਰਤ ਨੇ ਆਪਣੀ ਪਾਰੀ ਅਨੁਸਾਰ ਇਕ ਨਵੀਂ ਗ਼ਜ਼ਲ ਨੂੰ ਤਹਿਤਲ 'ਚ ਕਿਹਾ।ਤਾਰਾ ਸਾਗਰ ਨੇ ਦੋ ਕਵਿਤਾਵਾਂ ਦਾ ਪਾਠ ਕੀਤਾ । ਇਸ ਉਪਰੰਤ ਸ਼ੱਮਾਂ ਬੈਠਕ ਦੇ ਮੁੱਖ ਮਹਿਮਾਨ ਜਸਵੰਤ ਜ਼ਫ਼ਓਮਪ;ਰ ਅੱਗੇ ਰਖੀ ਗਈ। ਜ਼ਫ਼ਰ ਜੀ ਨੇ ਜ਼ੁਬਾਨੀ ਯਾਦ ਕਵਿਤਾਵਾਂ ਨੂੰ ਸਾਂਝਿਆਂ ਕਰਨ ਦੀ ਚੇਸ਼ਠਾ ਕੀਤੀ। ਇਹਨਾਂ ਵਿਚ ਉਭਾਈ ਘਣਈਆ'' ਵਿਸ਼ੇਸ਼ ਰਹੀ। ਆਪ ਨੇ ਕੁਝ ਸ਼ਿਅਰ ਵੀ ਕਹੇ ਹਿਨਾਂ ਵਿਚ ਇਸ ਸ਼ਿਅਰ ਨੇ ਸਭ ਨੂੰ ਪਰਭਾਵਤ ਕੀਤਾ,''ਕੱਢਣ ਵਾਲੇ ਕੱਢ ਲੈਂਦੇ ਨੇ ਪੱਥਰਾਂ ਚੋਂ ਆਵਾਜ਼''। ਜ਼ਫ਼ਰ ਜੀ ਨੇ ਇਕ ਦੋ ਗ਼ਜ਼ਲਾਂ ਵੀ ਕਹੀਆਂ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਮੁੱਚੀ ਪੰਜਾਬੀ ਕਵਿਤਾ ਉੱਪਰ ਗ਼ਜ਼ਲ ਨੇ ਮੁੱਲਵਾਨ ਥਾਂ ਨਿਸਚਿਤ ਕਰ ਲਈ ਹੈ। ਇਸ ਬੈਠਕ ਵਿਚ ਜਿੱਥੇ ਹੋਰ ਸਾਹਿਤਕਾਰਾਂ ਵਿਚ ਗੁਲਸ਼ਨ ਦਿਆਲ ਅਤੇ ਸੁਖਪਾਲ ਸੰਘੇੜਾ ਸ਼ਾਮਲ ਸਨ ਓਥੇ ਹੀ ਬੀਬੀ ਬਲਵੀਰ ਕੌਰ (ਜ਼ਫ਼ਰ), ਪ੍ਰੀਤਮ ਸਿੰਘ,ਪ੍ਰਦੀਪ ਕੌਰ,ਨਵਜੋਤ ਸਿੰਘ,ਰਾਜਿੰਦਰ ਸਿੰਘ, ਬਲਜੀਤ ਰੰਧਾਵਾ, ਕੀਰਤ ਕੌਰ ਪੰਧੇਰ, ਪ੍ਰੋ.ਬਲਜਿੰਦਰ ਸਿੰਘ., ਬਲਜਿੰਦਰ ਸਿੰਘ, ਸਤਿੰਦਰਜੀਤ ਕੌਰ, ਸੂਰਤ ਸ਼ੇਰਗਿਲ ਅਤੇ ਲਖਵਿੰਦਰ ਸ਼ੇਰਗਿਲ ਨੇ ਉਤੇਜਤ ਹਾਜ਼ਰੀ ਭਰੀ।

**– ਸੁਰਿੰਦਰ ਸੀਰਤ (510-847-1698)**

# ਰਾਠੇਸ਼ਵਰ ਸਿੰਘ ਸੂਰਾਪੂਰੀ ਦੀ ਕਿਤਾਬ ਦਿਲੀ ਵਲਵਲਿਆਂ ਦੀ ਦਾਸਤਾਂ ਲੋਕ ਅਰਪਿਤ

**ਸੈਕਰਾਮੈਂਟੋ–** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਸੈਕਰਾਮੈਂਟੋ/ ਯੂਬਾ ਸਿਟੀ ਯੂਨਿਟ ਦੀ ਮਾਸਿਕ ਇਕੱਤਰਤਾ ਰਣਜੀਤ ਕਾਹਲੋਂ ਦੇ ਮਾਉਨਟੇਕ ਮਾਈਕ ਪੀਜ਼ਾ ਆਬਰਨ ਬੁਲੇਵਰਡ ਵਿਖੇ ਬੀਤੀ 27 ਮਈ ਦਿਨ ਐਤਵਾਰ ਨੂੰ ਸੈਕਰਾਮੈਂਟੋ ਵਿਖੇ ਹੋਈ। ਸ਼ੁਰੂ ਵਿਚ ਹਾਜ਼ਰ ਮੈਂਬਰਾਂ ਵੱਲੋਂ ਸਭਾ ਬਾਰੇ ਰਸਮੀ ਵਿਚਾਰਾਂ ਕੀਤੀਆਂ ਗਈਆਂ। ਇਸ ਤੋਂ ਪਿੱਛੋਂ ਜੀਵਨ ਰੱਤੂ ਨੇ ਸਟੇਜ ਦੀ ਸੇਵਾ ਸੰਭਾਲਦਿਆਂ ਜਸਵੰਤ ਜੱਸੀ ਸ਼ੀਮਾਰ ਨੂੰ ਸੱਦਾ ਦਿੱਤਾ ਅਤੇ ਜਸਵੰਤ ਸ਼ੀਮਾਰ ਨੇ ਸਾਰੇ ਆਏ ਹੋਏ ਮੈਂਬਰ ਸਾਹਿਬਾਨਾਂ ਨੂੰ ਜੀ ਆਇਆਂ ਕਿਹਾ ਅਤੇ ਸਭਾ ਦੇ ਡਾਇਰੈਕਟਰ ਸੂਰਾਪੁਰੀ ਹੋਰਾਂ ਦੀ ਤੀਜੀ ਕਿਤਾਬ ਸਾਹਿਤ ਦੀ ਝੋਲੀ ਪਾਉਣ ਤੇ ਉਹਨਾਂ ਨੂੰ ਵਧਾਈ ਦਿੱਤੀ ਅਤੇ ਨਾਲ ਹੀ ਨਾਲ ਉਹਨਾਂ ਦੀ ਕਿਤਾਬ



'ਦਿਲੀ ਵਲਵਲਿਆਂ ਦੀ ਦਾਸਤਾਂ' ਲੋਕ ਅਰਪਿਤ ਕੀਤੀ ਗਈ ਤੇ ਤਸਵੀਰਾਂ ਲਈਆਂ ਗਈਆਂ।

ਸਾਰੇ ਹੀ ਸਾਹਿਤਕਾਰਾਂ ਨੇ ਜਿੱਥੇ ਸੂਰਾਪੂਰੀ ਹੋਰਾਂ ਦੀ ਕਿਤਾਬ ਵਿਚੋਂ ਕਵਿਤਾਵਾਂ ਪੜ੍ਹ ਕੇ ਸੁਣਾਈਆਂ, ਉਥੇ ਉਹਨਾਂ ਨੂੰ ਵਧਾਈ ਵੀ ਦਿੱਤੀ ਗਈ।

ਪੀਜ਼ਾ ਬਰੇਕ ਤੋਂ ਬਾਅਦ ਕਵੀ ਦਰਬਾਰ ਵਿਚ ਫਿਰ ਸਾਰੇ ਮੈਂਬਰਾਂ ਨੇ ਆਪੋ-ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਗਵਾਈ, ਜਿਹਨਾਂ ਵਿਚ ਹਰਬੰਸ ਸਿੰਘ ਜਗਿਆਸੂ, ਰਾਠੇਸ਼ਵਰ ਸੂਰਾਪੂਰੀ, ਜਸਵੰਤ ਜੱਸੀ ਸ਼ੀਮਾਰ, ਜੀਵਨ ਰੱਤੂ, ਬਿੱਕਰ ਕੰਮੇਆਣਾ, ਜਤਿੰਦਰ ਢਿੱਲੋਂ, ਫਕੀਰ ਸਿੰਘ ਮੱਲੀ, ਦਿਆਲ ਰਾਮ ਸਰਪੰਚ, ਅਜੈਬ ਸਿੰਘ ਚੀਮਾ ਆਦਿ ਹਾਜ਼ਰ ਸਨ। ਸਟੇਜ ਦੀ ਸੇਵਾ ਜੀਵਨ ਰੱਤੂ ਨੇ ਬਾਖ਼ੂਬੀ ਨਿਭਾਈ।

# ਅਰਪਨ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿੱਚ ਕੋਰਸ ਮੁਕੰਮਲ ਕਰਨ ਵਾਲੀਆਂ ਲੜਕੀਆਂ ਅਤੇ ਮਹਿਲਾਵਾਂ ਨੂੰ ਪ੍ਰਮਾਣ ਪੱਤਰ ਅਤੇ ਸਿਲਾਈ ਮਸ਼ੀਨਾਂ ਦਿਤੀਆਂ

ਅਰਪਨ ਸੰਸਥਾ ਵਲੋਂ ਸੋਸਵਾ ਨਾਰਥ ਪੰਜਾਬ ਦੀ ਮੱਦਦ ਨਾਲ ਪਿੰਡ ਡੁੱਕਲੀ ਵਿੱਚ ਚਲਾਏ ਜਾ ਰਹੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿੱਚ ਕੋਰਸ ਮੁਕੰਮਲ ਕਰਨ ਵਾਲੀਆਂ ਲੜਕੀਆਂ ਅਤੇ ਮਹਿਲਾਵਾਂ ਨੂੰ ਪ੍ਰਮਾਣ ਪੱਤਰ ਅਤੇ ਸਿਲਾਈ ਮਸ਼ੀਨਾਂ ਦਿਤੀਆਂ ਗਈਆਂ। ਇਸ



ਸਬੰਧੀ ਕਰਵਾਏ ਗਏ ਸਮਾਗਮ ਵਿੱਚ ਨਾਇਬ ਤਹਿਸੀਲਦਾਰ ਨੰਗਲ ਜੋਗਿੰਦਰ ਸਿੰਘ ਮੁੱਖ ਮਹਿਮਾਨ ਵਜੋਂ ਪਹੁੰਚੇ। ਸਮਾਗਮ ਵਿੱਚ ਹਾਜਰ ਲੜਕੀਆਂ ਨੇਹਾ, ਸੁਨੈਨਾ, ਸਾਕਸ਼ੀ ਦੇਵੀ, ਅਨੀਤਾ ਦੇਵੀ, ਦਰਸ਼ਨੋ ਦੇਵੀ, ਸਤਵੀਰ ਕੌਰ, ਨੀਤਿਕਾ, ਲਵਲੀਨ ਕੌਰ, ਅੰਜੂ ਬਾਲਾ, ਬੰਦਨਾ ਦੇਵੀ, ਅਨੂੰ ਕੁਮਾਰੀ, ਰਜਨੀ ਦੇਵੀ, ਸ਼ਮਾ ਦੇਵੀ, ਸ਼ੁਸਮਾ, ਹਰਪ੍ਰੀਤ ਕੌਰ, ਬਬਿਤਾ ਰਾਣੀ, ਨਿਕਿਤਾ ਦੇਵੀ, ਤਾਨੀਆ ਆਦਿ ਨੇ ਸਿਲਾਈ ਸੈਂਟਰ ਦੇ ਤਜ਼ਰਬੇ ਸਾਂਝੇ ਕੀਤੇ ਅਤੇ ਦੱਸਿਆ ਕਿ ਇਸ ਸੈਂਟਰ ਵਿੱਚ ਆਕੇ ਉਨ੍ਹਾਂ ਨੇ ਕਈ ਨਵੀਆਂ ਗੱਲਾਂ ਸਿਖੀਆਂ ਹਨ। ਇਸ ਮੌਕੇ ਮੁੱਖ ਮਹਿਮਾਨ ਨਾਇਬ ਤਹਿਸੀਲਦਾਰ ਨੰਗਲ ਜੋਗਿੰਦਰ ਸਿੰਘ ਨੇ ਕਿਹਾਕਿ ਅੱਜ ਦੇ ਸਮੇਂ ਵਿੱਚ ਲੜਕੀਆਂ ਕਿਸੇ ਗੱਲੋਂ ਮੁੰਡਿਆਂ ਨਾਲੋ ਘੱਟ ਨਹੀਂ ਹਨ। ਉਨ੍ਹਾਂ ਕਿਹਾਕਿ ਜੇਕਰ ਉਨ੍ਹਾਂ ਨੂੰ ਕੁੱਝ ਕਰਨ ਅਤੇ ਸਿੱਖਣ ਦਾ ਮੌਕਾ ਮਿ਼ਲੇ ਤਾਂ ਉਹ ਮੁੰਡਿਆਂ ਨਾਲੋਂ ਵੀ ਵੱਧ ਲਗਨ ਨਾਲ ਸਿਖਦੀਆਂ ਹਨ ਅਤੇ ਮਿਹਨਤ ਕਰਦੀਆਂ ਹਨ। ਉਹਨਾਂ ਨੇ ਬੇਨਤੀ ਕੀਤੀ ਕਿ ਉਹ ਕੁੜੀਆਂ ਨਾਲ ਕਿਸੇ ਵੀ ਤਰਾਂ ਦਾ ਪੱਖਪਾਤ ਨਾ ਕਰਨ ਅਤੇ ਉਹਨਾ ਨੂੰ ਵੀ ਮੁੰਡਿਆਂ ਦੇ ਬਰਾਬਰ ਹੀ ਸਹੂਲਤਾਂ ਦੇਣ। ਇਸ ਮੌਕੇ ਰੋਟਰੀ ਕਲੱਬ ਦੇ ਸਾਬਕਾ ਜਿਲ੍ਹਾ ਗਵਰਨਰ ਅਤੇ ਅਰਪਨ ਸੰਸਥਾ ਦੇ ਪ੍ਰਧਾਨ ਪਰਮਿੰਦਰ ਸੰਧੂ ਨੇ ਸਮਾਜ ਵਿੱਚ ਫੈਲ ਰਹੀਆਂ ਸਮਾਜਿਕ ਬੁਰਾਈਆਂ ਅਨਪੜਤਾ, ਨਸ਼ੇ, ਕੰਨਿਆ ਭਰੂਣ ਹੱਤਿਆ ਆਦਿ ਨਾਲ ਲੜਣ ਲਈ ਲੜਕੀਆਂ ਨੂੰ ਅੱਗੇ ਹੋਕੇ ਕੰਮ ਕਰਨ ਦਾ ਸੁਨੇਹਾ ਦਿਤਾ। ਅਧਿਆਪਕ ਬਲਦੇਵ ਬੈਂਸ ਨੇ ਸਮਾਜ ਵਿੱਚ ਔਰਤਾਂ ਪ੍ਰਤੀ ਵੱਧ ਰਹੇ ਅਪਰਾਧਾਂ ਤੇ ਚਿੰਤਾ ਪ੍ਰਗਟ ਕਰਦਿਆਂ ਲੜਕੀਆਂ ਨੂੰ ਆਰਥਿਕ ਤੋਰ ਤੇ ਆਤਮ ਨਿਰਭਰ ਬਣਨ ਦੀ ਪ੍ਰੇਰਨਾ ਦਿਤੀ। ਉਨ੍ਹਾਂ ਦੱਸਿਆ ਕਿ ਔਰਤਾਂ ਨੂੰ ਆਤਮ-ਨਿਰਭਰ ਬਣਾਉਣ ਲਈ ਸਰਕਾਰ ਵਲੋਂ ਕਈ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ ਅਤੇ ਮਹਿਲਾਵਾਂ ਨੂੰ ਇਨ੍ਹਾਂ ਦਾ ਭਰਪੂਰ ਲਾਭ ਉਠਾਉਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ਼ ਦਾ ਸਹੀ ਦਿਸ਼ਾ ਵਿੱਚ ਵਿਕਾਸ ਹੋ ਸਕੇ। ਇਸ ਮੋਕੇ ਅਰਪਨ ਸੰਸਥਾ ਦੇ ਡਾਇਰੈਕਟਰ ਕੁਲਦੀਪ ਚੰਦ ਨੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿੱਚ ਕੋਰਸ ਮੁਕੰਮਲ ਕਰ ਚੁਕੀਆਂ ਲੜਕੀਆਂ ਵਲੋਂ ਪਰਿਵਾਰ ਦੀ ਆਰਥਿਕ ਆਤਮ ਨਿਰਭਰਤਾ ਲਈ ਕੀਤੇ ਜਾ ਰਹੇ ਕੰਮਾ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਆਸ ਪ੍ਰਗਟ ਕੀਤੀ ਕਿ ਇਹ ਸਿਖਿਆਰਥਣਾ ਵੀ ਇਸ ਕਿੱਤੇ ਨੂੰ ਅਪਣਾਉਣਗੀਆਂ ਅਤੇ ਆਰਥਿਕ ਤੋਰ ਤੇ ਆਤਮ ਨਿਰਭਰ ਬਣ ਸਕਣਗੀਆਂ। ਇਸ ਮੌਕੇ ਅਰਪਨ ਸੰਸਥਾ ਦੇ ਇੰਸਟਰਕਟਰ ਮੈਡਮ ਤਰੁਨਾ ਨੇ ਇਸ ਸਿਖਲਾਈ ਕੋਰਸ ਦੌਰਾਨ ਦਿਤੀ ਗਈ ਟ੍ਰੇਨਿੰਗ ਬਾਰੇ ਵਿਸਥਾਰ ਵਿੱਚ ਦੱਸਿਆ। ਸੰਸਥਾ ਦੇ ਪ੍ਰੋਜੈਕਟ ਕੋਆਰਡੀਨੇਟਰ ਮੈਡਮ ਇੰਦੂ ਕਪਿਲਾ ਨੇ ਅਰਪਨ ਸੰਸਥਾ ਵਲੋਂ ਇਲਾਕੇ ਵਿੱਚ ਕੀਤੇ ਜਾ ਰਹੇ ਸਮਾਜ ਭਲਾਈ ਦੇ ਕੰਮਾ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਮੌਕੇ ਹੈਲਥ ਵਰਕਰ ਮੋਨਿਕਾ ਰਾਣੀ, ਨੈਨਿਕਾ, ਪਿੰਡ ਦੇ ਸਰਪੰਚ ਮੈਡਮ ਚੰਚਲ ਦੇਵੀ ਆਦਿ ਨੇ ਵੀ ਅਪਣੇ ਅਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਪੰਚ ਸੁਮਨ ਦੇਵੀ, ਦਰਸ਼ਨ ਸਿੰਘ, ਹਜ਼ਾਰਾ ਸਿੰਘ, ਦਰਵੇਸ਼ ਚੰਦ, ਨਾਨਕ ਸਿੰਘ, ਅਮਰਜੀਤ, ਸਾਬਕਾ ਸਰਪੰਚ ਗੁਰਦੇਵ ਸਿੰਘ, ਰੋਸ਼ਨ ਲਾਲ, ਪ੍ਰਿੰਸੀਪਲ ਬਾਲ ਭਾਰਤੀ ਪਬਲਿਕ ਸਕੂਲ ਮੈਡਮ ਸੋਨੀਆ, ਮੈਡਮ ਮਨਜੀਤ ਕੌਰ ਰਾਏਪੁਰ, ਮੈਡਮ ਸ਼ਬਨਮ ਆਦਿ ਹਾਜਰ ਸਨ। **ਕੁਲਦੀਪ ਚੰਦ (91-94175-63054)**

# ਪਰਮਜੀਤ ਸਿੰਘ ਮਰਵਾਹ ਨੂੰ ਸਦਮਾ-ਮਾਤਾ ਜੀ ਦਾ ਦੇਹਾਂਤ

**ਸਟਾਕਟਨ–** ਪੰਜਾਬੀ ਰੰਗ ਮੰਚ ਦੇ ਉੱਘੇ ਕਲਾਕਾਰ, ਸਾਫ ਸੁਥਰੀ ਤੇ ਲੋਕ ਹਿਤੈਸ਼ੀ ਗੀਤ ਸੰਗੀਤ ਦੀ ਮਿਸ਼ਾਲ ਨੂੰ ਸਦਾ ਬਲਦੀ ਰੱਖਣ ਵਾਲੇ,ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਸਰਗਰਮ ਮੈਂਬਰ, ਪਰਮਜੀਤ ਜੀਤ ਸਿੰਘ ਮਰਵਾਹ ਨੂੰ ਉਸ ਸਮੇਂ ਗਹਿਰਾ ਸਦਮਾ ਪਹੁੰਚਿਆ ਜਦੋਂ 30 ਮਈ ਨੂੰ ਉਨ੍ਹਾਂ ਦੇ ਮਾਤਾ ਜੀ ਰਣਜੀਤ ਕੌਰ 90 ਵਰ੍ਹਿਆਂ ਦੀ ਲੰਬੀ ਉਮਰ ਭੋਗ ਕੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਸਦੀਵੀ ਵਿਛੋੜਾ ਦੇ ਗਏ। ਜੀਵਨ ਦੇ ਆਖਰੀ ਵਰ੍ਹਿਆਂ ਦੌਰਾਨ ਉਹ ਆਪਣੇ ਛੋਟੇ ਪੁੱਤਰ ਮਨਵਿੰਦਰ ਨਾਲ ਅੰਮ੍ਰਿਤਸਰ ਰਹਿ ਰਹੇ ਸਨ। ਸੰਯੋਗ ਦੀ ਗੱਲ ਹੈ ਕਿ ਜਿੱਸ ਵੇਲੇ ਇਹ ਭਾਣਾ ਵਰਤਿਆ ਉਸ ਵੇਲੇ ਪਰਮਜੀਤ ਤੇ ਰੇਣੂੰ ਸਿੰਘ ਦੀ ਜੋੜੀ 'ਡੈਨਵਰ' ਵਿਖੇ ਹੋ ਰਹੇ 'ਅੰਤਰ ਰਾਸ਼ਟਰੀ ਸਭਿਆਚਾਰਕ ਸਮਾਰੋਹ'ਵਿੱਚ ਮਾਵਾਂ ਨੂੰ ਸਮਰਪਿਤ ਇੱਕ ਸੰਵੇਦਨਸ਼ੀਲ ਗੀਤ ਗਾ ਰਹੇ ਸਨ। ਜਿਸ ਨਾਲ ਸਰੋਤਿਆਂ ਦੀਆਂ ਅੱਖਾਂ ਨਮ ਹੋ ਰਹੀਆਂ ਸਨ। ਪਰਮਜੀਤ ਨੂੰ ਗੀਤ ਸੰਗੀਤ ਦੀ ਚੇਟਕ ਵੀ ਉਨ੍ਹਾਂ ਦੀ ਮਾਤਾ ਕੋਲੋਂ ਹੀ ਵਿਰਸੇ ਵਿੱਚ ਮਿਲੀ ਅਣਮੋਲ ਸੌਗਾਤ ਹੈ। ਜਿਸ ਨੂੰ ਬਾਅਦ ਵਿੱਚ ਗੁਰਸ਼ਰਨ ਭਾ ਜੀ ਨੇ ਲੋਕ ਕਲਿਆਣਕਾਰੀ ਸਾਣ ਤੇ ਚਾੜ੍ਹਿਆ। ਮਾਤਾ ਰਣਜੀਤ ਕੌਰ ਜੀ ਨਮਿਤ ਭੋਗ ਅਤੇ ਅੰਤਮ ਅਰਦਾਸ ਮਿਤੀ 8 ਜੂਨ ਨੂੰ ਦੁਪਹਿਰ ਇੱਕ ਵਜੇ ਅੰਮ੍ਰਿਤਸਰ ਦੇ ਸਿੰਘ ਸਭਾ ਗੁਰਦਵਾਰਾ ਸਾਹਿਬ ਰਣਜੀਤ ਪੁਰਾ ਵਿਖੇ ਹੋਵੇਗੀ। ਇਸ ਗ਼ਮਗ਼ੀਨ ਮੌਕੇ ਦੀ ਘੜੀ ਤੇ ਪੰਜਾਬੀ ਸਾਹਿਤ ਸਭਾ ਸਟਾਕਟਨ ਅਤੇ ਹੋਰ ਦੋਸਤ ਮਿੱਤਰ ਮਰਵਾਹਾ ਪਰਵਾਰ ਨਾਲ ਸਮੂਹਕ ਤੌਰ ਤੇ ਦੁੱਖ ਸਾਂਝਾ ਕਰਦੇ ਹਨ। **ਹਰਜਿੰਦਰ ਪੰਧੇਰ: 209-610-5055**



# ਇਕੋ ਸਮੇਂ ਚੋਣਾਂ ਕਰਾਉਣ ਲਈ 24 ਲੱਖ ਮਸ਼ੀਨਾਂ ਦੀ ਲੋੜ

**ਨਵੀਂ ਦਿੱਲੀ –** ਜੇਕਰ 2019 'ਚ ਇੱਕੋ ਸਮੇਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਹੁੰਦੀਆਂ ਹਨ ਤਾਂ ਚੋਣ ਕਮਿਸ਼ਨ ਨੂੰ ਲਗਪਗ 24 ਲੱਖ ਈ. ਵੀ. ਐਮ. ਮਸ਼ੀਨਾਂ ਦੀ ਲੋੜ ਪਵੇਗੀ ਜੋ ਕਿ ਲੋਕ ਸਭਾ ਚੋਣਾਂ ਨਾਲੋਂ ਦੁੱਗਣੀ ਗਿਣਤੀ ਹੈ। ਚੋਣ ਕਮਿਸ਼ਨ ਨੇ 16 ਮਈ ਨੂੰ ਕਾਨੂੰਨ ਕਮਿਸ਼ਨ ਦੇ ਨਾਲ ਇੱਕੋ ਸਮੇਂ ਚੋਣਾਂ ਪੈਣ ਦੇ ਮਸਲੇ 'ਤੇ ਵਿਚਾਰ ਵਟਾਂਦਰਾ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ 12 ਲੱਖ ਹੋਰ ਬਿਜਲਈ ਈ. ਵੀ. ਐਮ. ਮਸ਼ੀਨਾਂ ਅਤੇ ਏ- ਨੀਆਂ ਹੀ ਵੀ. ਵੀ. ਪੀ. ਏ. ਟੀ. ਮਸ਼ੀਨਾਂ ਖ੍ਰੀਦਣ ਲਈ ਕਰੀਬ 4,500 ਕਰੋੜ ਰੁਪਏ ਦੀ ਲੋੜ ਹੈ । ਇਹ ਅਨੁਮਾਨ ਮਸ਼ੀਨਾਂ ਦੇ ਮੌਜੂਦਾ ਮੁੱਲ ਅਨੁਸਾਰ ਲਗਾਇਆ ਗਿਆ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਪੂਰੇ ਦੇਸ਼ 'ਚ ਕਰੀਬ 10 ਲੱਖ ਪੋਲਿੰਗ ਸਟੇਸ਼ਨ ਹਨ । ਜਿਨ੍ਹਾਂ 'ਚ ਹਰੇਕ ਪੋਲਿੰਗ ਸਟੇਸ਼ਨ 'ਚ 10 ਲੱਖ ਈ. ਵੀ. ਐਮ. ਅਤੇ ਏਨੀਆਂ ਹੀ ਪੇਪਰ ਆਡਿਟ ਟ੍ਰਾਇਲ ਮਸ਼ੀਨਾਂ ਦੀ ਲੋੜ ਪਵੇਗੀ। ਇਸ ਤੋਂ ਇਲਾਵਾ 2 ਲੱਖ ਮਸ਼ੀਨਾਂ ਰਿਜ਼ਰਵ 'ਚ ਰੱਖੀਆਂ ਜਾਣਗੀਆਂ । ਇਸ ਲਈ 2019 ਦੀਆਂ ਲੋਕ ਸਭਾ ਚੋਣਾਂ ਲਈ ਚੋਣ ਕਮਿਸ਼ਨ ਨੂੰ 12 ਲੱਖ ਈ. ਵੀ. ਐਮ. ਮਸ਼ੀਨਾਂ ਅਤੇ ਏਨੀਆਂ ਹੀ ਵੀ. ਵੀ. ਪੀ. ਏ. ਟੀ. ਮਸ਼ੀਨਾਂ ਦੀ ਲੋੜ ਪਵੇਗੀ।



# ਸ਼ਾਹਕੋਟ ਜ਼ਿਮਨੀ ਚੋਣ ਨਤੀਜੇ ਨੇ ਉਭਾਰੇ ਇਹ ਪੰਜ ਰੋਚਕ ਤੱਥ

ਕਾਂਗਰਸ ਦੇ ਉਮੀਦਵਾਰ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੂੰ 82, 745 ਵੋਟਾਂ ਪਈਆਂ ਜਦਕਿ ਅਕਾਲੀ ਉਮੀਦਵਾਰ ਨਾਇਬ ਸਿੰਘ ਨੂੰ 43,944 ਵੋਟਾਂ ਮਿਲੀਆਂ। ਜਿੱਤ ਤੇ ਹਾਰ ਦਾ ਫਰਕ 38,802 ਵੋਟਾਂ ਦਾ ਰਿਹਾ।



ਇਸ ਨਤੀਜੇ ਮੁਤਾਬਕ 2017 ਵਿੱਚ ਆਮ ਆਦਮੀ ਪਾਰਟੀ ਨੂੰ ਪਈਆਂ ਕਰੀਬ 40 ਹਜ਼ਾਰ ਵੋਟਾਂ ਸਿੱਧਿਆਂ ਕਾਂਗਰਸ ਨੂੰ ਭੁਗਤ ਗਈਆਂ।

ਅਕਾਲੀ ਦਲ ਦੇ ਮਰਹੂਮ ਆਗੂ ਅਜੀਤ ਸਿੰਘ ਕੋਹਾੜ 1997 ਤੋਂ 2018 ਤੱਕ 21 ਸਾਲ ਵਿਧਾਇਕ ਰਹੇ। ਉਹ 1997 ਤੋਂ 2017 ਤੱਕ ਬਣੀਆਂ ਤਿੰਨ ਅਕਾਲੀ ਸਰਕਾਰਾਂ ਵਿੱਚ ਮੰਤਰੀ ਵੀ ਰਹੇ। ਉਨ੍ਹਾਂ ਦੀ ਮੌਤ ਕਾਰਨ ਹੋਈ ਇਸ ਜ਼ਿਮਨੀ ਚੋਣ ਵਿੱਚ ਉਨ੍ਹਾਂ ਦਾ ਪੁੱਤਰ ਨਾਇਬ ਸਿੰਘ ਆਪਣੇ ਜੱਦੀ ਪਿੰਡ ਵੀ ਤੋਂ 78 ਵੋਟਾਂ ਨਾਲ ਹਾਰ ਗਿਆ। ਕਾਂਗਰਸ ਸਿਰਫ਼ 1992 ਵਿੱਚ ਸ਼ਾਹਕੋਟ ਤੋਂ ਚੋਣ ਜਿੱਤੀ ਸੀ ਉਹ ਵੀ ਸਿਰਫ਼ ਇਸ ਲਈ ਕਿ ਅਕਾਲੀ ਦਲ ਨੇ ਚੋਣਾਂ ਦਾ ਬਾਇਕਾਟ ਕੀਤਾ ਹੋਇਆ ਸੀ।

ਆਮ ਆਦਮੀ ਪਾਰਟੀ ਨੂੰ ਇਸ ਚੋਣ ਵਿੱਚ ਸਿਰਫ਼ 1900 ਵੋਟਾਂ ਮਿਲੀਆਂ ਜਦਕਿ ਪਿਛਲੀਆਂ ਆਮ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੇ ਉਮੀਦਵਾਰ ਅਮਰਜੀਤ ਥਿੰਦ ਨੂੰ 41 ਹਜ਼ਾਰ 10 ਵੋਟਾਂ ਮਿਲੀਆਂ ਸਨ।

41 ਹਜ਼ਾਰ ਤੋਂ ਵੱਧ ਵੋਟਾਂ ਹਾਸਲ ਕਰਨ ਵਾਲੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਹੁਣ ਬਾਗੀ ਹੋਕੇ ਥਿੰਦ ਇਸ ਵਾਰ ਅਕਾਲੀ ਦਲ ਵਿੱਚ ਸ਼ਾਮਲ ਹੋਏ ਅਮਰਜੀਤ ਸਿੰਘ ਥਿੰਦ ਅਤੇ ਇਸੇ ਹਲਕੇ ਤੋਂ ਆਮ ਆਦਮੀ ਪਾਰਟੀ ਦਾ ਦੂਜੇ ਵੱਡੇ ਆਗੂ ਕਰਨਲ ਸੀਡੀ ਸਿੰਘ ਕੰਬੋਜ ਵੀ ਅਕਾਲੀ ਦਲ ਦੇ ਖੇਮੇ 'ਚ ਗਿਆ ਪਰ ਅਕਾਲੀ ਦਲ ਦਾ ਬੇੜਾ ਪਾਰ ਨਾ ਲੱਗ ਸਕਿਆ।

ਨੋਟਾ ਤਹਿਤ 1268 ਲੋਕਾਂ ਨੇ ਵੋਟ ਪਾਈ। ਇਹ ਵੋਟਾਂ ਸਿਮਰਨਜੀਤ ਮਾਨ ਦੀ ਪਾਰਟੀ ਨੂੰ ਮਿਲੀਆਂ ਕੁੱਲ 937 ਅਤੇ ਬਹੁਜਨ ਸਮਾਜ ਪਾਰਟੀ(ਅੰਬੇਦਕਰ) ਨੂੰ ਮਿਲੀਆਂ ਕੁੱਲ 504 ਵੋਟਾਂ ਤੋਂ ਜ਼ਿਆਦਾ ਹੈ। ਮੈਦਾਨ ਵਿੱਚ ਕੁੱਲ 12 ਉਮੀਦਵਾਰ ਸਨ ਜਿਨ੍ਹਾਂ ਵਿੱਚੋਂ 2 ਨੂੰ 100 ਤੋਂ ਘੱਟ ਵੋਟਾਂ ਪਈਆਂ, 4 ਨੂੰ 115 ਤੋਂ 400 ਤੋਂ ਵਿਚਾਲੇ ਵੋਟਾਂ ਹੀ ਪਈਆਂ। ਇਸੇ ਤਰ੍ਹਾਂ ਦੋ ਪਾਰਟੀਆਂ ਇੱਕ ਹਜ਼ਾਰ ਤੋਂ ਘੱਟ ਵੋਟਾਂ ਵਿੱਚ ਸਿਮਟ ਗਈਆਂ।

# ਜਲੰਧਰ ਵਿਖੇ ਰਹਿ ਕੇ ਵੀ ਆਪਣੇ ਸਕੂਲ ਨੂੰ ਨਹੀ ਭੁੱਲਾ ਘੁੰਮਣ ਪਰਿਵਾਰ



**ਬਟਾਲਾ (ਬਰਨਾਲ)-** ਸਿਖਿਆ ਵਿਭਾਗ ਪੰਜਾਬ ਭਾਵੇ ਆਪਣੇ ਸਕੂਲੀ ਵਿਦਿਆਰਥੀਆ ਨੂੰ ਬਹੁਤ ਸਾਰੀਆਂ ਸਹੂਲਤਾਂ ਪ੍ਦਾਨ ਕਰਦਾ ਆ ਰਿਹਾ ਹੈ ਪਰ ਸਮਾਜ ਸੇਵੀ ਜਥੇਬੰਦੀਆਂ ਤੇ ਆਪਣੇ ਪਿੰਡ ਦੇ ਸਕੂਲਾਂ ਨੂੰ ਗੋਦ ਲੈਣ ਵਾਲੇ ਸਮਾਜ ਸੇਵੀ ਵੀ ਆਪਣੀਆਂ ਸੇਵਾਵਾਂ ਦੇ ਰਹੇ ਹਨ, ਇਹਨਾ ਸੇਵਾਵਾਂ ਵਿਚ ।ਸਕੂਲ ਵਿਚ ਪੜਦੇ ਵਿਦਿਆਰਥੀਆਂ ਵਾਸਤੇ ਹਰ ਸਹੂਲਤ ਦੇਦੇ ਹਨ, ਜਿਸ ਨਾਲ ਵਿਦਿਆਰਥੀਆਂ ਕਿਸੇ ਗੱਲੋ ਘੱਟ ਨਾ ਸਮਝਣ ਇਸੇ ਸੋਚ ਨੂੰ ਮੁੱਖ ਰੱਖਦਿਆਂ ਸਰਕਾਰੀ ਮਿਡਲ ਸਕੂਲ ਵਿਖੇ ਘੁੰਮਣ ਪਰਿਵਾਰ ਵੱਲੋ ਵੀ ਅਜਿਹਾ ਉਪਰਾਲਾ ਕਰਦਾ ਆ ਰਿਹਾ ਹੈ। ਸਰਕਾਰੀ ਮਿਡਲ ਸਕੂਲ, ਤਲਵੰਡੀ ਝੁੰਗਲਾਂ ਵਿਖੇ ਜਰਨੈਲ ਸਿੰਘ ਘੁੰਮਣ ਸਮਾਜ-ਸੇਵੀ ਵੱਲੋਂ ਸਕੂਲ ਵਿਖੇ ਉਸਾਰੇ ਗਏ ਵਰਾਂਡੇ ਦਾ ਆਪਣੇ ਕਰ ਕਮਲਾਂ ਨਾਲ ਉਦਘਾਟਨ ਕੀਤਾ ਗਿਆ। ਇਸ ਮੌਕੇ ਜਰਨੈਲ ਸਿੰਘ ਘੁੰਮਣ ਜਿਹਨਾਂ ਦਾ ਪਿਛੋਕੜ ਤਲਵੰਡੀ ਝੁੰਗਲਾਂ ਦਾ ਹੈ ਜੋ ਜਲੰਧਰ ਵਿਖੇ ਰਹਿ ਰਹੇ ਹਨ। ਉਹਨਾਂ ਵਰਾਂਡੇ ਦੀ ਉਸਾਰੀ ਲਈ 1 ਲੱਖ 80 ਹਜ਼ਾਰ ਰੁਪਏ ਦਾਨ ਵਜੋਂ ਦਿੱਤੇ ਸਨ। ਇਸਦੇ ਨਾਲ ਹੀ ਸੇਵਾਮੁਕਤ ਪ੍ਰਿੰਸੀਪਲ ਗੁਰਚਰਨ ਸਿੰਘ ਨੇ ਬੱਚਿਆਂ ਨੂੰ ਆਪਣੇ ਦਸਾਂ ਨਹੁੰਆਂ ਦੀ ਕਮਾਈ 'ਚੋਂ ਵਰਦੀਆਂ ਦਿੱਤੀਆਂ। ਇਸ ਮੌਕੇ ਜਰਨੈਲ ਸਿੰਘ ਘੁੰਮਣ ਵੱਲੋਂ ਸਕੂਲ ਨੂੰ ਵਾਟਰ ਕੂਲਰ ਵੀ ਦਾਨ ਕੀਤਾ ਗਿਆ। ਇਸ ਮੌਕੇ ਪਵਨ ਕੁਮਾਰ, ਜਤਿੰਦਰ ਸਿੰਘ, ਨੱਥਾ ਸਿੰਘ, ਮਨਦੀਪ ਸਿੰਘ, ਪ੍ਰਭਜੀਤ ਸਿੰਘ, ਮੋਹਨਬੀਰ ਕੌਰ, ਜਸਵੰਤ ਸਿੰਘ, ਸਾਬਕਾ ਸਰਪੰਚ ਦਰਸ਼ਨ ਸਿੰਘ, ਪੰਚਾਇਤ ਮੈਂਬਰ ਨਿਸ਼ਾਨ ਸਿੰਘ, ਮਾ. ਕਰਨੈਲ ਸਿੰਘ, ਬਲਕਾਰ ਸਿੰਘ ਆਦਿ ਹਾਜ਼ਰ ਸਨ।

# ਵਿਸ਼ਾਲ ਜਾਗ੍ਤੀ ਸੰਮੇਲਨ ਕਰਵਾਇਆ

**ਹੁਸਿਆਰਪੁਰ-** ਡਾ ਬੀ ਆਰ ਅੰਬੇਡਕਰ ਜੀ ਦਾ 127 ਵਾਂ ਜਨਮ ਦਿਨ ਮਨਾਉਂਦਿਆਂ ਪਿੰਡ ਬੱਸੀ ਦੌਲਤ ਖਾਂ ਵਿਖੇ ਵਿਸਾਲ ਜਾਗ੍ਰਿਤੀ ਸੰਮੇਲਨ ਕਰਵਾਇਆ ਗਿਆ ਇਸ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਭਾਰਤ ਰਤਨ , ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ ਬੀ ਆਰ ਅੰਬੇਡਕਰ ਸਾਹਿਬ ਜੀ ਦੀ ਬਹੁਜਨ ਸਮਾਜ ਨੂੰ ਦੇਣ ਬਾਰੇ ਹਾਜਰੀਨ ਨੂੰ ਜਾਣੂ ਕਰਵਾਇਆ ਇਸ ਮੇਕੇ ਫਗਵਾੜਾ ਦੇ ਗੋਲ ਚੌਕ ਦਾ ਨਾਂਅ ਸੰਵਿਧਾਨ ਚੌਕ ਰੱਖਣ ਲਈ ਕੀਤੇ ਸੰਘਰਸ਼ ਦੌਰਾਨ ਗੋਲੀ ਕਾਂਡ ਚ ਸ਼ਹੀਦ ਹੋਏ ਜਸਵੰਤ ਬੌਬੀ ਨੂੰ ਸ਼ਰਧਾ ਦੇ ਫੁੱਲ ਅਰਪਣ ਕੀਤੇ ਗਏ ਇਸ ਮੇਕੇ ਤੇ ਪ੍ਗਤੀ ਕਲਾ ਕੇਂਦਰ ਲਾਂਦੜਾ ਦੀ ਨਾਟਕ ਟੀਮ ਵੱਲੋਂ ਦਹੇਜ ਪ੍ਥਾ , ਭਰੂਣ ਹੱਤਿਆ, ਬਾਲ ਮਜ਼ਦੂਰੀ ਅਤੇ ਔਰਤਾਂ ਤੇ ਅੱਤਿਆਚਾਰ ਵਿਰੁੱਧ ਨੁੱਕੜ ਨਾਟਕ ਪੇਸ਼ ਕੀਤੇ ਗਏ ਅਤੇ ਭਾਰਤ ਦੇ ਮੂਲਨਿਵਾਸੀਆਂ ਨੂੰ ਬਾਬਾ ਸਾਹਿਬ ਡਾ ਬੀ ਆਰ ਅੰਬੇਡਕਰ ਜੀ ਦੇ ਉਪਦੇਸ਼ ਪੜ੍ਹੋ , ਜੁੜੋ ਤੇ ਸੰਘਰਸ਼ ਕਰੋ ਤੇ ਚੱਲਣ ਲਈ ਪੇਰਿਤ ਕੀਤਾ ਗਿਆ ਇਸ ਮੇਕੇ ,ਗੁਰੂ ਰਵਿਦਾਸ ਟਾਈਗਰ ਫੋਰਸ ਦੇ ਪ੍ਧਾਨ ਮੋਹਣ ਲਾਲ ਭਟੋਆ, ਅਨਿਲ ਕੁਮਾਰ ਬਾਘਾ ਪ੍ਧਾਨ ਡਾ ਅੰਬੇਡਕਰ ਫੋਰਸ, ਅਮਰਜੀਤ ਭੱਟੀ ਪ੍ਧਾਨ ਭੀਮ ਕ੍ਾਂਤੀ ਦਲ ਹੁਸ਼ਿਆਰਪੁਰ , ਰਣਜੀਤ ਕੁਮਾਰ ਐਡਵੋਕੇਟ ਹੁਸਿਆਰਪੁਰ, ਲਵਲੀ ਪੰਡੋਰੀ , ਧਰਮਿੰਦਰ ਭੁੱਲਾਰਾਈ , ਨਰਿੰਦਰ ਖਣੌੜਾ , ਇੰਜ ਮਹਿੰਦਰ ਸਿੰਘ ਸੰਧਰਾ ਬਸਪਾ , ਦਰਸ਼ਨ ਲੱਧੜ ਯੂਥ ਬਸਪਾ ਹੁਸਿਆਰਪੁਰ,ਜਗਮੋਹਨ ਸੱਜਣਾਂ ਸਾਬਕਾ ਸਰਪੰਚ, ਯਸ਼ ਭੱਟੀ, ਬਲਬੀਰ ਸਿੰਘ ਬਸਪਾ, ਬੀਬੀ ਮਹਿੰਦਰ ਕੋਰ ਹਲਕਾ ਪ੍ਧਾਨ ਬਸਪਾ ਹੁਸਿਆਰਪੁਰ, ਕਮਲਜੀਤ ਦਰਦੀ ਰਹੀਮਪੁਰ , ਸਮਾਗਮ ਦੌਰਾਨ ਕੁਲਦੀਪ ਕੁਮਾਰ ਨੇ ਸਟੇਜ ਸੰਚਾਲਕ ਦੀ ਭੂਮਿਕਾ ਨਿਭਾਈ



ਵਿਸ਼ਾਲ ਜਾਗ੍ਤੀ ਸੰਮੇਲਨ ਦੀਆਂ ਝਲਕੀਆਂ



## ਮੈਟਰੀਮੋਨੀਅਲ

ਸੋਹਣਾ-ਸੁਨੱਖਾ, ਆਦਿ ਧਰਮੀ ਪਰਿਵਾਰਕ ਲੜਕਾ, ਉਮਰ 24 ਸਾਲ, ਪੰਜਾਬ ਤੋਂ ਸਿਵਲ ਇੰਜੀਨੀਅਰਿੰਗ ਕੀਤੀ ਹੋਈ ਹੈ, ਯੂ. ਐਸ. ਏ. ਗ੍ਰੀਨ ਕਾਰਡ ਹੋਲਡਰ, ਸੈਕਰਾਮੈਂਟੋ ਰਹਿ ਰਿਹਾ ਹੈ, ਲਈ ਯੋਗ ਲੜਕੀ ਦੀ ਲੋੜ ਹੈ।

ਸਿਰਫ ਉਹ ਹੀ ਪਰਿਵਾਰ ਸੰਪਰਕ ਕਰਨ ਜੋ ਉਪਰੋਕਤ ਲੜਕੇ ਦੇ ਵੱਡੇ ਵੀਰ ਉਮਰ 29 ਸਾਲ, ਇਲੈਕਟ੍ਰਾਨਿਕ ਇੰਜੀਨੀਅਰਿੰਗ 'ਚ ਡਿਪਲੋਮਾ ਕੀਤਾ ਹੋਇਆ ਹੈ ਅਤੇ ਬੀ. ਟੈਕ ਆਖਰੀ ਸਮੈਸਟਰ ਦਾ ਵਿਦਿਆਰਥੀ ਹੈ, ਪਿਛਲਾ ਪਿੰਡ ਸਮਰਾਏ ਜ਼ਿਲ੍ਹਾ ਜਲੰਧਰ ਹੈ, ਦੇ ਲਈ ਅਮਰੀਕਾ ਰਹਿ ਰਹੀ ਸਿਟੀਜ਼ਨ ਲੜਕੀ ਨਾਲ ਵਿਆਹ ਕਰਵਾ ਕੇ ਅਮਰੀਕਾ ਲਿਆ ਸਕਦੇ ਹੋਣ।

ਲੜਕੇ ਦਾ ਇਕੋ ਇਕ ਵੱਡਾ ਭਰਾ ਹੈ। ਮਾਤਾ ਸੈਕਰਾਮੈਂਟੋ ਰਹਿ ਰਹੀ ਹੈ ਤੇ ਪਿਤਾ ਐਲ. ਆਈ. ਸੀ. 'ਚ ਚੰਗੀ ਪੁਜੀਸ਼ਨ ਅਫਸਰ ਪੋਸਟ 'ਤੇ ਹਨ। ਮਾਤਾ-ਪਿਤਾ ਦੋਵੇਂ ਹੀ ਯੂ. ਐਸ. ਏ. ਗ੍ਰੀਨ ਕਾਰਡ ਹੋਲਡਰ ਹਨ ਅਤੇ ਲੜਕੇ ਦੇ ਹੋਰ ਬਾਕੀ ਰਿਸ਼ਤੇਦਾਰ ਵੱਡੀ ਗਿਣਤੀ 'ਚ ਅਮਰੀਕਾ ਰਹਿ ਰਹੇ ਹਨ।

ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ:

**ਸੁਖਮਿੰਦਰ ਕੁਮਾਰ ਮਾਹੀ (916) 917-7530**

**ਸੁੱਖ ਰਾਮ ਚੰਦੜ (916) 494-4694**


A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431

649 W. Elkhorn Blvd. Suite B2

Rio Linda, CA 95673

Amarjit Sandhu

# ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550 ਸਾਲਾ ਪ੍ਰਕਾਸ਼ ਪੂਰਬ ਨੂੰ ਸਮਰਪਿਤ ਡਰੋਲੀ ਭਾਈ ਤੋਂ ਦਰਸ਼ਨ ਅਭਿਲਾਖੀ ਖ਼ਾਲਸਾ ਮਾਰਚ ਹੋਇਆ

## ਹਜ਼ਾਰਾਂ ਮੋਟਰ ਕਾਰਾਂ 'ਚ ਬੇਅੰਤ ਸੰਗਤਾਂ ਹੋਈਆਂ ਸ਼ਾਮਲ

**ਮੋਗਾ–** ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ 'ਦਰਸ਼ਨ ਅਭਿਲਾਖੀ ਖ਼ਾਲਸਾ ਮਾਰਚ ' (ਵਿਸ਼ਾਲ ਨਗਰ ਕੀਰਤਨ) ਗੁਰਦੁਆਰਾ ਸ੍ਰੀ ਬੇਰ ਸਾਹਿਬ ਪਾਤਸ਼ਾਹੀ ਛੇਵੀਂ ਡਰੋਲੀ ਭਾਈ (ਜ਼ਿਲ੍ਹਾ ਮੋਗਾ) ਤੋਂ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਮਹਾਰਾਜ ਦੀ ਛਤਰ ਛਾਇਆ, ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਹੇਠ ਨਗਾਰੇ ਦੀ ਚੋਟ ਤੇ ਜੈਕਾਰਿਆਂ ਦੀ ਗੂੰਜ ਨਾਲ ਖਾਲਸਾਈ ਸ਼ਾਨੋ-ਸ਼ੌਕਤ ਤੇ ਪੰਥਕ ਜਾਹੋ-ਜਲਾਲ ਨਾਲ ਆਰੰਭ ਹੋਇਆ। ਸੰਪ੍ਰਦਾਇ ਸ੍ਰੀਮਾਨ ਸੰਤ ਬਾਬਾ ਖੜਕ ਸਿੰਘ ਜੀ-ਸ਼ਹੀਦ ਸੰਤ ਬਾਬਾ ਚਰਨ ਸਿੰਘ ਜੀ ਬੀੜ ਸਾਹਿਬ ਦੇ ਉੱਤ੍ਰਾਧਿਕਾਰੀ ਡਾ: ਸੰਤ ਬਾਬਾ ਗੁਰਨਾਮ ਸਿੰਘ ਜੀ (ਕਾਰ ਸੇਵਾ ਡਰੋਲੀ ਭਾਈ) ਦੀ ਦੇਖ ਰੇਖ ਹੇਠ ਹਜ਼ਾਰਾਂ ਮੋਟਰ ਕਾਰਾਂ 'ਚ ਸਵਾਰ ਹੋ ਕੇ ਬੇਅੰਤ ਸੰਗਤਾਂ ਦਾ 20 ਕਿਲੋਮੀਟਰ ਤੋਂ ਵੀ ਲੰਬਾ ਕਾਫਲਾ ਡਗਰੂ, ਸੱਦਾ ਸਿੰਘ ਵਾਲਾ, ਦੌਲਤਪੁਰਾ, ਕਾਲੀਏਵਾਲਾ, ਚੋਟੀਆਂ, ਤਲਵੰਡੀ ਭਾਈ, ਸੇਖਵਾਂ, ਰਟੌਲ, ਜ਼ੀਰਾ,ਮਖੂ, ਸੂਦਾਂ, ਭੂਤੀਵਾਲਾ, ਚੱਕੀਆਂ, ਮੰਝਵਾਲਾ, ਜੋਗੇਵਾਲਾ, ਕੁੱਸੂਵਾਲਾ ਮੋੜ, ਲਾਲੂਵਾਲਾ, ਯੂਸਫਪੁਰ, ਦਾਰੇਵਾਲਾ, ਤਕੀਆ, ਟਿੱਬੀ, ਭਰੋਆਣਾ, ਸ਼ੇਖ ਮਾਂਗਾ, ਸਰੂਪਵਾਲ, ਸ਼ੇਰਪੁਰ ਸੱਧਾ, ਸ਼ਾਹਵਾਲਾ, ਭਾਗੋ ਅਰਾਈਆਂ ਆਦਿ ਪਿੰਡਾਂ-ਸ਼ਹਿਰਾਂ 'ਚੋਂ ਗੁਜ਼ਰਿਆ। ਆਰੰਭਤਾ ਸਮੇਂ ਅਤੇ ਵੱਖ ਵੱਖ ਪੜਾਵਾਂ 'ਤੇ ਖ਼ਾਲਸਾ ਮਾਰਚ 'ਚ ਸ਼ਮੂਲੀਅਤ ਤੇ ਸਵਾਗਤ ਕਰਨ ਵਾਲੀਆਂ ਸ਼ਖਸ਼ੀਅਤਾਂ ਵਿਚ ਸਿੰਘ ਸਾਹਿਬ ਗਿਆਨੀ ਜੁਗਿੰਦਰ ਸਿੰਘ ਜੀ ਵੇਦਾਂਤੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ, ਬਾਬਾ ਅਵਤਾਰ ਸਿੰਘ ਜੀ ਬਿਧੀ ਚੰਦੀਏ, ਸੰਤ ਬਾਬਾ ਹਰਭਜਨ ਸਿੰਘ ਜੀ ਨਾਨਕਸਰ ਕਲੇਰਾਂ, ਬਾਬਾ ਜੋਗਿੰਦਰ ਸਿੰਘ ਜੀ ਆਨੰਦਪੁਰ ਸਾਹਿਬ, ਬਾਬਾ ਹਰੀ ਸਿੰਘ ਜੀ ਨਾਨਕਸਰ ਜ਼ੀਰਾ, ਬਾਬਾ ਮਹਿੰਦਰ ਸਿੰਘ ਜੀ ਜਨੇਰ, ਬਾਬਾ ਸਰਬਜੋਤ ਸਿੰਘ ਜੀ ਡਾਂਗੋ, ਬਾਬਾ ਸੱਜਣ ਸਿੰਘ ਜੀ ਗੁਰੂ ਕੀ ਬੇਰ, ਬਾਬਾ ਜੋਗਿੰਦਰ ਸਿੰਘ



ਜੀ ਲਾਲੂਵਾਲਾ, ਬਾਬਾ ਗਿਆਨ ਸਿੰਘ ਜੀ ਭਰੋਆਣਾ, ਜਥੇਦਾਰ ਲਖਮੀਰ ਸਿੰਘ ਅਰਾਈਆਂ ਵਾਲਾ ਅੰਤ੍ਰਿੰਗ ਮੈਂਬਰ, ਤਰਸੇਮ ਸਿੰਘ ਰੱਤੀਆਂ,ਜਗਤਾਰ ਸਿੰਘ ਰੋਡੇ (ਦੋਵੇਂ ਮੈਂਬਰ ਸ਼੍ਰੋਮਣੀ ਕਮੇਟੀ), ਗੁਰਚੇਤ ਸਿੰਘ ਭੁੱਲਰ ਸਾਬਕਾ ਮੰਤਰੀ, ਵਿਧਾਇਕ ਕੁਲਬੀਰ ਸਿੰਘ ਜ਼ੀਰਾ, ਨਰੇਸ਼ ਕਟਾਰੀਆ ਸਾਬਕਾ ਵਿਧਾਇਕ, ਬੀਬੀ ਸਰਬਜੀਤ ਕੌਰ ਛਾਪੜੀ ਸਾਹਿਬ, ਬਾਬਾ ਗੁਰਦਿਆਲ ਸਿੰਘ ਜੀ ਲੰਗੇਆਣਾ, ਬਾਬਾ ਰੇਸ਼ਮ ਸਿੰਘ ਭਾਈ ਰੂਪਾ, ਬਾਬਾ ਸੁਖਦੇਵ ਸਿੰਘ ਗੁਪਤਸਰ, ਬਾਬਾ ਸੁਖਮੰਦਰ ਸਿੰਘ ਗੁਰੂਸਰ, ਚੇਅਰਮੈਨ ਮਹਿੰਦਰ ਸਿੰਘ ਲਹਿਰਾ, ਗੁਰਪ੍ਰੀਤ ਸਿੰਘ ਜੱਜ ਜ਼ੀਰਾ, ਅਮਰੀਕ ਸਿੰਘ ਹਾਜੀਵਾਲੀ, ਮਹਿੰਦਰ ਮਦਾਨ ਪ੍ਰਧਾਨ ਮਖੂ, ਬੋਹੜ ਸਿੰਘ ਪ੍ਰਧਾਨ, ਰਸ਼ਪਾਲ ਸਿੰਘ ਦੀਨੇਕੇ ਚੇਅਰਮੈਨ, ਜਗਜੀਤ ਸਿੰਘ ਕਾਲੜਾ ਪ੍ਰਧਾਨ, ਮਨਜੀਤ ਸਿੰਘ ਗੱਟਾ ਸਾਬਕਾ ਚੇਅਰਮੈਨ, ਮਹਿਲ ਸਿੰਘ ਵਰਿਆਂ, ਰੌਸ਼ਨ ਲਾਲ ਬਿੱਟਾ ਪ੍ਰਧਾਨ ਮੱਲਾਂਵਾਲਾ ਅਤੇ ਰਸਤੇ ਦੇ ਪਿੰਡਾਂ-ਸ਼ਹਿਰਾਂ ਦੀਆਂ ਗੁਰਦੁਆਰਾ ਕਮੇਟੀਆਂ,ਪੰਚਾਇਤਾਂ ਤੇ ਸੰਗਤਾਂ ਸ਼ਾਮਲ ਸਨ, ਜਿਨ੍ਹਾਂ ਨੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਮਹਾਰਾਜ ਨੂੰ ਸੁੰਦਰ ਰੁਮਾਲੇ ਭੇਟਾ ਕੀਤੇ, ਪੰਜ ਪਿਆਰੇ ਸਾਹਿਬਾਨ, ਸਿੰਘ ਸਾਹਿਬਾਨ ਅਤੇ ਖ਼ਾਲਸਾ ਮਾਰਚ ਵਿਚ ਸ਼ਾਮਲ ਸੰਤਾਂ-ਮਹਾਂਪੁਰਸ਼ਾਂ ਤੇ ਡਾ: ਸੰਤ ਬਾਬਾ ਗੁਰਨਾਮ ਸਿੰਘ ਜੀ ਨੂੰ ਸਿਰਪਾਓ ਦੀ ਬਖਸ਼ਿਸ਼ ਨਾਲ ਸਨਮਾਨਿਤ ਕੀਤਾ।

ਇਸ ਸਮੇਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਡਾ. ਸੰਤ ਬਾਬਾ ਗੁਰਨਾਮ ਸਿੰਘ ਜੀ ਨੇ ਆਖਿਆ ਕਿ ਇਹ ਖਾਲਸਾ ਮਾਰਚ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਚਰਨਾਂ ਵਿਚ ਸ਼ਰਧਾ ਦੇ ਫੁੱਲ ਭੇਟਾ ਕਰਨ ਦੇ ਨਾਲ ਨਾਲ ਨਸ਼ੇ, ਭਰੂਣ ਹੱਤਿਆ, ਵਹਿਮ-ਭਰਮ, ਪਤਿਤਪੁਣਾ ਆਦਿ ਸਮਾਜਿਕ ਕੁਰੀਤੀਆਂ ਖਿਲਾਫ ਗੁਰੂ ਕਾ ਸੁਨੇਹਾ ਦੇਣ ਅਤੇ ਗੁਰੂ ਅਸਥਾਨਾਂ ਦੇ ਦਰਸ਼ਨਾਂ ਦੀ ਅਭਿਲਾਖਾ ਪੈਦਾ ਕਰਨ ਦੇ ਆਪਣੇ ਉਦੇਸ਼ ਵਿਚ ਪੂਰੀ ਤਰ੍ਹਾਂ ਸਫਲ ਰਿਹਾ ਹੈ। ਸ਼ਾਮ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਪੁੱਜਣ 'ਤੇ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੇ ਖਾਲਸਾ ਮਾਰਚ ਦਾ ਭਰਪੂਰ ਸਵਾਗਤ ਕੀਤਾ। ਡਾ: ਉਪਿੰਦਰਜੀਤ ਕੌਰ ਸਾਬਕਾ ਮੰਤਰੀ ,ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਗੁਰਪ੍ਰੀਤ ਕੌਰ,ਮੈਂਬਰ ਜਰਨੈਲ ਸਿੰਘ ਡੋਗਰਾਂ ਵਾਲਾ, ਨਿਰਵੈਰ ਸਿੰਘ ਰਾਗੀ,ਹਰਜਿੰਦਰ ਸਿੰਘ ਹੈੱਡ ਗ੍ਰੰਥੀ,ਸਵਰਨ ਸਿੰਘ ਐੱਸ ਡੀ ਓ,ਗੁਰਦਿਆਲ ਸਿੰਘ ਖਾਲਸਾ, ਦਿਨੇਸ਼ ਧੀਰ ਸਾਬਕਾ ਪ੍ਰਧਾਨ,ਵਿਨੋਦ ਕੁਮਾਰ ਪ੍ਰਧਾਨ ਨਗਰ ਕੌਂਸਲ,ਸਤਨਾਮ ਸਿੰਘ ਮਹਿੰਦਰਾ ਟਰੈਕਟਰਜ਼,ਗੁਲਜ਼ਾਰ ਸਿੰਘ ਬਾਬਾ, ਜਸਪਾਲ ਸਿੰਘ ਢਿੱਲੋਂ ਆੜ੍ਹਤੀ,ਨਿਰਵੈਰ ਖ਼ਾਲਸਾ ਦਲ, ਡਾ: ਨਿਰਵੈਰ ਸਿੰਘ,ਗੁਰੂ ਤੇਗ ਬਹਾਦਰ ਨੌਜਵਾਨ ਸਭਾ ਤੇ ਹੋਰ ਪਤਵੰਤਿਆਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਮਹਾਰਾਜ ਨੂੰ ਸੁੰਦਰ ਰੁਮਾਲਾ ਭੇਟਾ ਕੀਤਾ, ਪੰਜ ਪਿਆਰੇ ਸਾਹਿਬਾਨ ਤੇ ਡਾ. ਸੰਤ ਬਾਬਾ ਗੁਰਨਾਮ ਸਿੰਘ ਜੀ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।

**– ਡਾ ਬਲਰਾਜ ਸਿੰਘ**

# ਕੈਪਟਨ ਸਰਕਾਰ ਵਲੋਂ ਵਿੱਢੀ ਨਸ਼ਾ ਮੁਕਤ ਪੰਜਾਬ ਮੁਹਿੰਮ ਨੂੰ ਅਸਫਲ ਬਣਾਉਣ 'ਚ ਕੋਈ ਕਸਰ ਨਹੀਂ ਛੱਡ ਰਿਹਾ ਜਿਲ੍ਹਾ ਪ੍ਰਸ਼ਾਸਨ

## ਪਿੰਡ ਵਾਸੀਆਂ ਨੇ ਪੁਲਿਸ ਤੇ ਲਾਏ ਦੋਸ਼, ਨਸ਼ਾਂ ਕਰਨ ਵਾਲਿਆਂ ਤੇ ਕੋਈ ਕਾਰਵਾਈ ਨਹੀਂ ਕਰਦੀ ਪੁਲਿਸ

**ਮੋਗਾ–** ਪੰਜਾਬ ਨੂੰ ਨਸ਼ਾ ਮੁਕਤ ਦੇਖਣ ਦਾ ਸੁਪਨਾ ਦੇਖਣ ਵਾਲੀ ਕੈਪਟਨ ਸਰਕਾਰ ਵਲੋਂ ਵਿੱਡੀ ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਉਸ ਵੇਲੇ ਫੂਕ ਨਿਕਲਦੀ ਦੇਖੀ ਜਦੋਂ ਮੋਗਾ ਜ਼ਿਲ੍ਹੇ ਦੇ ਪਿੰਡ ਮਹੇਸਰੀ ਵਿੱਚ 10 ਮਾਰਚ ਨੂੰ ਨਸ਼ਾ ਰੋਕੂ ਮੁਹਿੰਮ ਤਹਿਤ ਆਏ ਡੀ.ਐਸ.ਪੀ ਕੇਸਰ ਸਿੰਘ ਨੂੰ ਪਿੰਡ ਦੇ ਨੌਜਵਾਨਾਂ ਵਲੋਂ ਲਿਖਤੀ ਦਰਖਾਸਤ ਦਿੱਤੀ ਸੀ । ਜਿਸ ਵਿਚ ਪਿੰਡ ਵਾਸੀਆਂ ਨੇ ਮੰਗ ਕੀਤੀ ਸੀ ਕਿ ਪਿੰਡ ਦੇ ਰੇਲਵੇ ਸਟੇਸ਼ਨ ਤੇ ਕੁਝ ਨਸ਼ੇੜੀ ਸਟੇਸ਼ਨ ਤੇ ਆ ਕੇ ਸਿਗ੍ਰੇਟ ਅਤੇ ਹੋਰ ਪ੍ਰਕਾਰ ਦਾ ਨਸ਼ਾ ਕਰਦੇ ਹਨ । ਜਿਸ ਨੂੰ ਰੋਕਣ ਲਈ ਪਿੰਡ ਵਾਸੀਆਂ ਨੇ ਪੁਲਸ ਪ੍ਰਸਾਸ਼ਨ ਨੂੰ ਦਰਖਾਸਤ ਵਿੱਚ ਬੇਨਤੀ ਕੀਤੀ ਸੀ ਕਿ ਹਫਤੇ ਵਿੱਚ ਦੋ ਜਾਂ ਤਿੰਨ ਵਾਰ ਪੁਲਸ ਮੁਲਾਜ਼ਮ ਗਸ਼ਤ ਕਰਇਆ ਕਰਨ ਤਾਂ ਜੋ ਸਟੇਸ਼ਨ ਉਪਰ ਇਹਨਾਂ ਨਸ਼ੇੜੀਆਂ ਵਲੋਂ ਉਡਾਏ ਜਾਂਦੇ ਸਿਗ੍ਰੇਟ ਦੇ ਧੂੰਏ ਤੋਂ ਸਟੇਸ਼ਨ ਦੇ ਸਾਹਮਣੇ ਰਹਿੰਦੇ ਬੱਚਿਆਂ ਅਤੇ ਬੁਜ਼ੁਰਗਾਂ ਨੂੰ ਬਚਾਇਆ ਜਾ ਸਕੇ । ਇਸ ਸਬੰਧੀ ਜਾਣਕਾਰੀ ਦਿੰਦਿਆਂ ਨਵਾਂ ਪੰਜਾਬ ਐਨਜੀਓ ਦੇ ਜਿਲ੍ਹਾ ਪ੍ਰਧਾਨ ਕੰਵਲਜੀਤ ਸਿੰਘ ਨੇ ਦੱਸਿਆ ਕਿ ਦਰਖਾਸਤ ਦੇਣ ਤੋਂ ਬਾਅਦ ਵੀ ਉਸ ਦਰਕਾਸਤ ਤੇ ਕੋਈ ਕਾਰਵਾਈ ਨਹੀਂ ਹੋਈ ।ਜਿਸ ਤੋਂ ਬਾਅਦ ਮਿੱਤੀ ਤਿੰਨ ਅਪ੍ਰੈਲ ਨੂੰ ਦੁਬਾਰਾ ਇਕ ਲਿਖਤੀ ਦਰਖਾਸਤ ਡੀ.ਐਸ.ਪੀ ਕੇਸਰ ਸਿੰਘ ਨੂੰ ਦਿੱਤੀ ਗਈ ।ਉਹਨਾਂ ਦੱਸਿਆ ਕਿ ਇਸ ਤੋਂ ਬਾਅਦ ਜਦ ਡੀਐਸਪੀ ਕੇਸਰ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਨੇ ਭਰੋਸਾ ਦਵਾਇਆ ਕਿ ਪਿੰਡ ਦੇ ਸਟੇਸ਼ਨ ਤੇ ਨਸ਼ਾ ਕਰਦੇ ਨਸ਼ੇੜਿਆਂ ਨੂੰ ਪੁਲਿਸ ਜਲਦੀ ਕਾਬੂ ਕਰਕੇ ਬਣਦੀ ਕਾਰਵਾਈ ਕਰੇਗੀ । ਨਵਾਂ ਪੰਜਾਬ ਐਨਜੀਓ ਦੇ ਜਿਲ੍ਹਾ ਪ੍ਰਧਾਨ ਕੰਵਲਜੀਤ ਸਿੰਘ ਨੇ ਦੱਸਿਆ ਕਿ ਅੱਜ ਲਗਭਗ ਡੇਢ ਮਹੀਨਾਂ ਬੀਤੇ ਜਾਣ ਤੋਂ ਬਾਅਦ ਵੀ ਸਟੇਸ਼ਨ ਉਪਰ ਉਹਨਾਂ ਨਸ਼ੇੜਿਆਂ ਦੱਸਿਆ ਕਿ ਬੀਤੀ ਰਾਤ ਸਟੇਸ਼ਨ ਦੇ ਨਾਲ ਲੱਗਦੇ ਘਰਾਂ ਚੋਂ ਨਸ਼ੇੜਿਆਂ ਵਲੋਂ ਦੋ ਸਾਈਕਲ ਅਤੇ ਗੈਸ ਸਲੈਂਡਰ ਚੋਰੀ ਕਰ ਲਏ ਗਏ ਸਨ ਪਰ ਲੋਕਾਂ ਨੇ ਥਾਣੇ ਦੀ ਖੱਜਲ ਖੁਆਰੀ ਤੋਂ



ਦਾ ਨਸ਼ਾ ਨਹੀ ਰੋਕ ਸਕੀ ਪੁਲਿਸ। ਉਹਨਾਂ ਦੱਸਿਆ ਕਿ ਕਾਰਵਾਈ ਨਾ ਹੋਣ ਕਰਕੇ ਨਸ਼ੇੜਿਆ ਦੇ ਹੌਸਲੇ ਹੋਰ ਬੁਲੰਦ ਹੋ ਗਏ ਅਤੇ ਜੇਕਰ ਉਹਨਾਂ ਨੂੰ ਰੋਕਿਆ ਜਾਂਦਾ ਹੈ ਤਾਂ ਅਗਿਉਂ ਗਾਲੀ ਗਲੋਚ ਜਾਂ ਲੜਨ ਲੱਗ ਜਾਂਦੇ ਹਨ । ਕੰਵਲਜੀਤ ਨੇ ਡਰਦਿਆਂ ਕੋਈ ਚੋਰੀ ਦੀ ਲਿਖਿਤ ਸ਼ਿਕਾਇਤ ਨਹੀਂ ਦਿੱਤੀ । ਉਹਨਾਂ ਦੱਸਿਆ ਕਿ ਅੱਜ ਉਹਨਾਂ ਨੇ ਨਵਾਂ ਪੰਜਾਬ ਐਨਜੀਓ ਪ੍ਰਧਾਨ ਕੀਰਤ ਸਿੰਘ ਮੋਹਾਲੀ ਦੀ ਅਗਵਾਈ ਵਿੱਚ ਇੱਕ ਹੋਰ ਲਿਖਿਤ ਸ਼ਿਕਾਇਤ ਡੀਐਸਪੀ ਸਿੱਟੀ ਦਫਤਰ ਦਿੱਤੀ । ਗੱਲਬਾਤ ਕਰਦਿਆਂ ਨਵਾਂ ਪੰਜਾਬ ਐਨਜੀਓ ਪ੍ਰਧਾਨ ਕੀਰਤ ਸਿੰਘ ਮੋਹਾਲੀ ਨੇ ਦੱਸਿਆ ਕਿ ਜੇਕਰ ਪੁਲਿਸ ਇਹਨਾਂ ਨਸ਼ੇੜਿਆਂ ਤੇ ਕੋਈ ਕਾਰਵਾਈ ਨਹੀਂ ਕਰਦੀ ਤਾਂ ਇੱਕ ਹਫਤੇ ਬਾਅਦ ਪੂਰੇ ਪੰਜਾਬ ਵਿੱਚੋਂ ਨਵਾਂ ਪੰਜਾਬ ਐਨਜੀਓ ਦੇ ਮੈਂਬਰ ਮੋਗਾ ਆ ਕੇ ਅਣਮਿੱਥੇ ਸਮੇਂ ਲਈ ਧਰਨੇ ਤੇ ਬੈਠਣਗੇ । ਇਸ ਮੌਕੇ ਨਵਾਂ ਪੰਜਾਬ ਐਨ-ਜੀਓ ਦੇ ਉਪ ਪ੍ਰਧਾਨ ਬਬਲ ਭਾਰਤੀ, ਸਰਪਰਸਤ ਸੁਖਵਿੰਦਰ ਸਿੰਘ, ਮਲਕੀਤ ਸਿੰਘ, ਭਜਨ ਸਿੰਘ ਅਤੇ ਪਿੰਡ ਮਹੇਸਰੀ ਦੇ ਹੋਰ ਲੋਗ ਵੀ ਹਾਜ਼ਿਰ ਸਨ । ਹੁਣ ਆਉਣ ਵਾਲੇ ਸਮੇਂ ਵਿੱਚ ਦੇਖਣਾ ਇਹ ਹੈ ਕਿ ਪੁਲਿਸ ਇਹਨਾਂ ਨਸ਼ੇੜਿਆਂ ਤੇ ਕੀ ਕਾਰਵਾਈ ਕਰਦੀ ਹੈ ।

**ਕੀ ਕਹਿਣਾ ਹੈ ਡੀਐਸਪੀ ਸਿੱਟੀ ਦਾ....**

ਜਦ ਇਸ ਸਬੰਧੀ ਡੀ.ਐਸ.ਪੀ ਸਿੱਟੀ ਕੇਸਰ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਇਹ ਮਾਮਲਾ ਉਹਨਾਂ ਦੇ ਧਿਆਨ ਵਿੱਚ ਹੈ ਅਤੇ ਇਸ ਸਬੰਧੀ ਥਾਣਾ ਸਦਰ ਦੇ ਐਸ.ਐਚ.ਓ. ਨੂੰ ਪਿਹਲਾਂ ਆਈ ਸ਼ਿਕਾਇਤ ਤੇ ਦਿਸ਼ਾ ਨਿਰਦੇਸ਼ ਦੇ ਦਿੱਤੇ ਸਨ । ਉਹਨਾਂ ਦੱਸਿਆ ਕਿ ਸ਼ਿਕਾਇਤ ਦੇਣ ਤੋਂ ਬਾਅਦ ਉਹਨਾਂ ਦੀ ਟੀਮ ਵਲੋਂ ਪਿੰਡ ਵਿੱਚ ਜਾ ਕੇ ਕਾਫੀ ਬਾਰ ਛਾਪੇਮਾਰੀ ਕੀਤੀ ਗਈ ਹੈ ਪਰ ਮੌਕੇ ਤੇ ਕੁਝ ਨਹੀਂ ਮਿਲਦਾ । ਇਸ ਸਬੰਧੀ ਉਹਨਾਂ ਦੱਸਿਆ ਕੇ ਉਹਨਾਂ ਨੇ ਆਪਣਾ ਫੋਨ ਨੰਬਰ ਵੀ ਪਿੰਡ ਵਾਲਿਆਂ ਨੂੰ ਦਿੱਤਾ ਹੋਇਆ ਹੈ ਤਾਂ ਜੋ ਪਿੰਡ ਵਾਸੀ ਪੁਲਿਸ ਨੂੰ ਇਤਲਾਹ ਦੇਣ ਤੇ ਨਸ਼ਾ ਕਰ ਰਹੇ ਨਸ਼ੇੜਿਆਂ ਨੂੰ ਕਾਬੂ ਕਰ ਲਿਆ ਜਾਵੇ ।

# ਪਿੰਡ ਘੱਲ ਕਲਾਂ ਵਿਖੇ ਪ੍ਰਧਾਨ ਮੰਤਰੀ ਮੋਦੀ ਦਾ ਪੁਤਲਾ ਫੂਕਿਆ ਗਿਆ



ਮੋਗਾ ਬਲਾਕ ਦੇ ਪਿੰਡ ਘੱਲ ਕਲਾਂ ਵਿਖੇ ਡੀਜ਼ਲ ਅਤੇ ਪੈਟਰੋਲ ਦੀਆਂ ਹਰ ਰੋਜ਼ ਵੱਧ ਕੀਮਤਾਂ ਨੂੰ ਲੈ ਕੇ ਹਰ ਪਾਸੇ ਹੀ ਹਾਹਾਕਾਰ ਮੱਚੀ ਹੋਈ ਹੈ। ਇਸੇ ਵਾਧੇ ਨੂੰ ਲੈ ਕੇ ਪਿੰਡ ਘੱਲ ਕਲਾ ਵਿਖੇ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਵੱਲੋਂ ਹਿੰਦੋਸਤਾਨ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਸਾੜਿਆ ਗਿਆ।

ਪੁਤਲਾ ਸਾੜਨ ਮੌਕੇ ਸੁਰਿੰਦਰ ਸਿੰਘ, ਕਾਮਰੇਡ ਦਰਸ਼ਨ ਸਿੰਘ, ਭਜਨ ਸਿੰਘ ਬਰਾੜ, ਦਰਸ਼ਨ ਸਿੰਘ ਗਿੱਲ, ਬੱਬੂ ਡਾਲਾ, ਜਗਰੂਪ ਸਿੰਘ, ਬੂਟਾ ਸਿੰਘ ਅਤੇ ਵਰਕਰ ਵੱਡੀ ਗਿਣਤੀ ਵਿੱਚ ਹਾਜਰ ਸਨ।

# ਵਾਤਾਵਰਣ ਦਿਵਸ 'ਤੇ ਪਲਾਸਟਿਕ ਮੁਕਤ ਦੇਸ਼ ਤੇ ਸੈਮੀਨਾਰ






**ਮੋਗਾ–** ਇੱਥੇ ਸਥਾਨਕ ਆਈ. ਟੀ. ਆਈ. (ਲੜਕੀਆਂ) ਵਿਖੇ ਦਲ ਮੰਡਨ ਵਿਸਥਾਰ ਬਠਿੰਡਾ ਦੇ ਸਹਿਯੋਗ ਨਾਲ ਵਾਤਾਵਰਣ ਸੰਭਾਲ ਅਤੇ ਪਲਾਸਟਿਕ ਮੁਕਤ ਦੇਸ਼ ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰਿੰਸੀਪਲ ਸ. ਰੇਸ਼ਮ ਸਿੰਘ ਨੇ ਕੀਤੀ, ਜਦੋਂ ਕਿ ਸ੍ਰੀ ਐਸ. ਕੇ. ਬਾਂਸਲ ਜ਼ਿਲ੍ਹਾ ਕੋਆਰਡੀਨੇਟਰ ਐਨ. ਜੀ. ਓ. ਮੋਗਾ ਅਤੇ ਸ. ਕੁਲਦੀਪ ਸਿੰਘ ਗਰੀਨ ਚੇਅਰਮੈਨ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪੁੱਜੇ। ਇਸ ਮੌਕੇ ਬੋਲਦਿਆਂ ਸ੍ਰੀ ਐਸ. ਕੇ. ਬਾਂਸਲ ਨੇ ਦੱਸਿਆ ਕਿ ਵਾਤਾਵਰਣ ਨੂੰ ਬਚਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਇਸ ਜੁਲਾਈ ਦੇ ਮਹੀਨੇ ਵਿਚ ਆਈ. ਟੀ. ਆਈ. ਵਿਖੇ ਸੰਸਥਾ ਦੀਆਂ ਵਿਦਿਆਰਥਣਾਂ ਪਾਸੋਂ ਰੁੱਖ ਲਗਵਾਏ ਜਾਣਗੇ ਅਤੇ ਇਹਨਾਂ ਦੀਸੇਵਾ ਸੰਭਾਲ ਵੀ ਸੰਸਥਾ ਵੱਲੋਂ ਕੀਤੀ ਜਾਵੇਗੀ।

ਇਸ ਮੌਕੇ ਤੇ ਵਣ ਵਿਭਾਗ ਵਿਸਥਾਰ ਬਠਿੰਡਾ ਤੋਂ ਆਏ ਬਲਾਕ ਅਫਸਰ ਸਰਬਜੀਤ ਗੁਆ ਨੇ ਦੱਸਿਆ ਕਿ ਪੰਜਾਬ ਸਰਕਾਰ (ਵਣ ਵਿਭਾਗ) ਵੱਲੋਂਵੱਡੇ ਉਪਰਾਲੇ ਕੀਤੇ ਜਾ ਰਹੇ ਹਨ ਕਿ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਉਹਨਾਂ ਕਿਹਾ ਕਿ ਵਾਤਾਵਰਣ ਬਚਾਉਣ ਲਈ ਸਾਨੂੰ ਪਲਾਸਟਿਕ ਤੋਂ ਵੀ ਦੇਸ਼ ਨੂੰ ਮੁਕਤ ਕਰਨਾ ਹੋਵੇਗਾ ਕਿਉਂਕਿ ਪਲਾਸਟਿਕ ਨਾਲ ਵਾਤਾਵਰਣ ਦੂਸ਼ਿਤ ਹੁੰਦਾ ਹੈ।

ਇਸ ਮੌਕੇ ਤੇ ਚੇਅਰਮੈਨ ਕੁਲਦੀਪ ਸਿੰਘ ਗਰੀਨ ਵੱਲੋਂ ਵਣ ਵਿਭਾਗ ਦਾ ਧੰਨਵਾਦ ਕੀਤਾ ਗਿਆ। ਇਸ ਸੈਮੀਨਾਰ ਵਿਚ 90 ਦੇ ਕਰੀਬ ਸਕੂਲ ਦੀਆਂ ਵਿਦਿਆਰਥਣਾਂ, ਸਟਾਫ ਤੋਂ ਇਲਾਵਾ ਵਣ ਗਾਰਡ ਚਰਨਜੀਤ ਸਿੰਘ ਵੀ ਸ਼ਾਮਲ ਹੋਏ।

# ਮੋਦੀ ਸਰਕਾਰ ਨੇ ਲੰਗਰ ਤੇ ਜੀ ਐਸ ਟੀ, ਮਾਫ਼ ਕੀਤਾ? ਜਾਂ ਸਾਡਾ ਸਾਨੂੰ ਮੋੜਿਆ! ਸਵੈ-ਪੜਚੋਲ

ਨਿਸ਼ਾਨ ਸਿੰਘ ਮੂਸੇ
91-98767-30001

ਅਸਬਾਬ ਸੇਵਾਵਾਂ ਕਰ, ਜੀ ਐਸ ਟੀ, (ਗੁਡਸ ਐਂਡ ਸਰਵਿਸ ਟੈਕਸ) ਇਹਨਾਂ ਨਾਂਵਾਂ ਹੇਠ ਭਾਰਤ ਦੀ ਤਤਕਾਲੀ ਮੋਦੀ ਹਕੂਮਤ ਨੇ ਬੀਤੇ ਵਰ੍ਹੇ ਇੱਕ ਦੇਸ਼ ਇੱਕ ਟੈਕਸ ਦੇ ਨਾਮ ਹੇਠ ਬੜੇ ਸੁਚੱਜੇ ਢੰਗ ਨਾਲ ਬੇਈਮਾਨੀ ਦੇ ਸਿਖਰ ਨੂੰ ਛੂੰਹਦਿਆਂ ਭਾਰਤ ਵਿਚ ਲਾਗੂ ਕਰ ਦਿੱਤਾ ਗਿਆ। ਤਰਕ ਇਹ ਦਿੱਤਾ ਗਿਆ ਕਿ ਦੇਸ਼, ਰਾਜਾਂ ਵਿੱਚ ਜਿੱਥੇ ਬਹੁ-ਟੈਕਸ ਯੋਜਨਾ ਲਾਗੂ ਹੈ, ਉਹਨਾਂ ਸਾਰਿਆਂ ਨੂੰ ਬੰਦ ਕਰ ਕਿ ਇੱਕ ਟੈਕਸ ਜੋ ਇਕਸਾਰਤਾ ਦਾ ਪ੍ਰਤੀਕ ਹੋਵੇ ਉਹ ਦੇਸ਼ ਭਰ ਵਿੱਚ ਲਾਗੂ ਕੀਤਾ ਗਿਆ ਹੈ। ਇਸ ਟੈਕਸ ਤੇ ਮੂਢਲੀ ਝਾਤ ਮਾਰਨ ਤੋਂ ਬਾਅਦ ਆਪਾ ਲੰਗਰ, ਅਤੇ ਪੰਜਾਬ ਦੀ ਸਿਆਸਤ ਉਪਰ ਕੁਝ ਸਵੇ-ਪੜਚੋਲ ਕਰਾਂਗੇ।

ਸਰਕਾਰ ਆਪਣੀ ਪਿੱਠ ਥਾਪੜਦੀ ਹੋਈ ਦੱਸਦੀ ਹੈ ਕਿ 1947 ਦੀ ਅਜ਼ਾਦੀ ਤੋਂ ਬਾਅਦ ਟੈਕਸ ਪ੍ਰਨਾਲੀ ਵਿੱਚ (122) ਵੀ ਸਭ ਤੋਂ ਵੱਡੀ ਸੋਧ ਮੰਨਦੀ ਹੈ। ਇਹ ਕਰ ਦੇਸ਼ ਪੱਧਰ ਤੇ ਉਤਪਾਦਨ ਵਸਤਾਂ ਦੀ ਵਿਕਰੀ ਅਤੇ ਉਪਭੋਗ ਤੇ ਲਗਾਇਆ ਗਿਆ ਹੈ। ਇਹ ਕਰ ਅਧੀਨ ਸਿਰਫ਼ ਤਿੰਨ ਤਰਾਂ ਦੇ ਟੈਕਸ ਵਸੂਲੇ ਜਾਣਗੇ। ਪਹਿਲਾ ਕੇਂਦਰੀ ਕਰ, ਦੂਜਾ ਰਾਜ ਕਰ, ਤੀਜਾ ਦੋ ਸੂਬਿਆਂ ਦਰਮਿਆਨ ਹੋਣ ਵਾਲੇ ਕਾਰੋਬਾਰ ਤੇ ਕੇਂਦਰ ਸਰਕਾਰ ਵਸੂਲੇਗੀ ਜਿਸਦਾ ਦਾ ਨਾਮ ਏਕੀਕ੍ਰਿਤ ਹੋਵੇਗਾ। ਇਸ ਕਰ ਦੀਆਂ ਪੰਜ ਦਰਾਂ 5,12,18 ਅਤੇ 28 ਹਨ। ਜੇਕਰ ਲੋੜ ਪਈ ਤਾਂ ਪੰਜਵੀਂ 40 ਫ਼ੀਸਦੀ ਦਰ ਸਰਕਾਰ ਆਪਣੀ ਮਰਜ਼ੀ ਨਾਲ ਜਦੋਂ ਚਾਹੇ ਦੇਸ਼ ਵਾਸੀਆਂ ਉਪਰ ਠੋਕ ਸਕਦੀ ਹੈ। ਇਸ ਜੀ ਐਸ ਟੀ ਵਿੱਚ ਸਰਕਾਰ ਦੀਆਂ ਕਈ ਛਲ ਕਪਟ ਵਾਲੀਆਂ ਨੀਤੀਆਂ ਮੌਜੂਦ ਹਨ। ਇਸ ਕਰ ਵਿੱਚ ਸਰਕਾਰ ਨੇ ਪੈਟਰੋਲ, ਡੀਜ਼ਲ, ਸ਼ਰਾਬ, ਮੁਕਤ ਰੱਖੇ ਹਨ। ਜਿਨ੍ਹਾਂ ਤੇ ਸਰਕਾਰ ਜੀ ਐਸ ਟੀ ਤੋਂ ਕਿੱਤੇ ਵੱਧ ਕਰ, ਵਸੂਲਦੀ ਹੈ। ਜੇਕਰ ਸਰਕਾਰ ਲੋਕ ਹਿਤੈਸ਼ੀ ਹੁੰਦੀ ਤਾਂ ਤੇਲ ਨੂੰ ਜੀ ਐਸ ਟੀ ਅੰਦਰ ਲਿਆਉਂਦੀ ਜਿਸ ਨਾਲ ਆਮ ਲੋਕਾਂ ਦਾ ਥੋੜਾ ਸਾਹ ਸੌਖਾ ਹੋ ਜਾਂਦਾ। ਭਾਰਤ ਮੁਕਾਬਲੇ ਬਾਹਰਲੇ ਮੁਲਕਾਂ ਵਿੱਚ ਜੀ ਐਸ ਟੀ ਦੀ ਦਰ ਕਿੱਤੇ ਘੱਟ ਹੈ। ਉਹ ਦੇਸ਼ ਵਿਕਸਤ ਵੀ ਹਨ ਅਤੇ ਭ੍ਰਿਸ਼ਟ ਵੀ ਨਹੀਂ। ਪਰ ਭਾਰਤ ਦੇਸ਼, ਜਿੱਥੋਂ ਦੇ ਲੋਕ ਗ਼ਰੀਬੀ ਨਾਲ ਘੋਲ ਕਰ ਰਹੇ ਹਨ ਅਤੇ ਵਪਾਰ ਖੁੱਡੇ ਲੱਗਾ ਹੈ, ਅਜਿਹੇ ਸਮੇਂ ਵਿੱਚ ਜੀ ਐਸ ਟੀ ਲਾਗੂ ਕਰਨਾਂ ਉਹ ਵੀ ਸਿਖਰਲੀ ਦਰ ਤੇ, ਸਰਕਾਰ ਦੀ ਲੋਕ, ਵਪਾਰ, ਮਾਰੂ ਨੀਤੀ ਨੂੰ ਨੰਗਾਂ ਚਿੱਟਾ ਕਰਦਾ ਹੈ। ਜੇਕਰ ਲੰਗਰਾਂ ਉਪਰ ਕਰ ਲਗਾਉਣ ਦੀ ਗੱਲ ਕਰੀਏ ਤਾਂ ਭਾਜਪਾ ਦਾ ਪਲੀਤ ਚਿਹਰਾ ਨੰਗਾਂ ਹੁੰਦਾ ਹੈ। ਸਰਕਾਰ ਨੇ ਜਾਣ ਬੁੱਝ ਕਿ ਲੰਗਰਾਂ ਨੂੰ ਜੀ ਐਸ ਟੀ ਵਿੱਚ ਰੱਖਿਆ ਸਿਆਸਤ ਵਿੱਚ ਨਿਪੁੰਨ ਵੱਡੇ ਬਾਦਲ ਸਾਬ ਅਤੇ ਉਹਨਾਂ ਦਾ ਜੋਟੀਦਾਰ ਮੋਦੀ ਇਹ ਗੱਲ ਪਹਿਲਾ ਹੀ ਜਾਣਦੇ ਸਨ, ਜਿਸ ਵੇਲੇ ਜੀ ਐਸ ਟੀ ਲਾਗੂ ਹੋਈ ਸੀ। ਗੂੜ ਸਿਆਸਤ ਦਾਨ ਬਾਦਲ ਇਹ ਕਿੱਦਾ ਭੁੱਲ ਸਕਦਾ ਹੈ ਕਿ ਸਿੱਖਾਂ ਉਪਰ ਰਾਜਨੀਤੀ ਦਾ ਗ਼ਲਬਾ ਕਿਵੇਂ ਬਣਾਈ ਰੱਖਣਾ ਹੈ।

ਸ਼੍ਰੋਮਣੀ ਅਕਾਲੀ ਦਲ ਬਾਦਲ ਜਿਸ ਵੇਲੇ ਜੀ ਐਸ ਟੀ ਲਾਗੂ ਹੋਣ ਜਾ ਰਹੀ ਸੀ ਜਿਸ ਦੀਆਂ ਚਰਚਾਵਾਂ ਦੀ ਧੂੜ ਸਿਆਸੀ ਗਲਿਆਰਾਂ ਵਿੱਚ ਉੱਡ ਰਹੀ ਸੀ। ਉਸ ਵੇਲੇ ਕੇਂਦਰ ਵਿੱਚ ਵਿਰੋਧੀ ਧਿਰ ਨੇ ਸਾਫ਼ ਕਿਹਾ ਸੀ ਕਿ ਜਦੋਂ ਸਾਡੀ ਮਨਮੋਹਨ ਸਿੰਘ ਸਰਕਾਰ ਸੀ ਤਾਂ ਅਸੀਂ ਜੀ ਐਸ ਟੀ ਲਾਗੂ ਕਰਨ ਬਾਰੇ ਕਿਹਾ ਸੀ, ਜਿਸ ਦੀ ਦਰ ਹੁਣ ਵਾਲੀ ਜੀ ਐਸ ਟੀ ਨਾਲੋਂ ਕਾਫ਼ੀ ਘੱਟ ਸੀ, ਪ੍ਰੰਤੂ ਉਸ ਵੇਲੇ ਬੀ ਜੇ ਪੀ, ਨੇ ਇਸਦਾ ਵਿਰੋਧ ਕੀਤਾ ਸੀ। ਜੇਕਰ ਹੁਣ ਜੀ ਐਸ ਟੀ ਦੇ ਨਾਲ ਜੁੜ ਚੁੱਕੇ ਸਿੱਖ ਮੁੱਦੇ ਬਾਰੇ ਵਿਚਾਰਿਆ ਜਾਵੇ ਤਾਂ ਸਾਫ਼ ਪਤਾ ਲੱਗਦਾ ਹੈ, ਕਿ ਸਿਆਸਤ ਕੈਸ਼ ਕਰਨ ਲਈ ਗੁਰੂ ਕੀ ਗੋਲਕ ਵਿਰੋਧੀਆਂ ਨੂੰ ਲੁਟਾਈ ਗਈ ਹੈ। ਕੋਈ ਅੱਜ ਦੀ ਗੱਲ ਨਹੀਂ ਦਹਾਕਿਆਂ ਬੱਧੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹੱਥਾਂ ਵਿੱਚ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਚੱਲਦਾ ਆ ਰਿਹਾ ਹੈ। ਜੀ ਐਸ ਟੀ, ਲਾਗੂ ਹੋਣ ਤੋਂ ਪਹਿਲਾ ਹੀ ਪਤਾ ਸੀ ਕਿ ਸ਼੍ਰੋਮਣੀ ਕਮੇਟੀ ਉਪਰ ਇਸਦਾ ਵਾਧੂ ਬੋਝ ਪਵੇਗਾ ਇਸ ਸਥਿਤੀ ਤੋਂ ਪਹਿਲਾ ਹੀ ਇਸ ਦੀ ਸਮੀਖਿਆ ਘੜੀ ਹੋਵੇਗੀ। ਜਿਸ ਵੇਲੇ ਜੀ ਐਸ ਟੀ ਦੀਆਂ ਸਾਰੀਆਂ ਫਾਈਲਾਂ ਪੂਰੀਆਂ ਹੋ ਕਿ ਪਾਸ ਹੋਣ ਕਿਨਾਰੇ ਸੀ ਉਸ ਵੇਲੇ ਅਕਾਲੀ ਦਲ ਨੇ ਆਪਣਾ ਵਿਰੋਧ, ਕੋਈ ਚਿੱਠੀ, ਪੱਤਰ ਰਾਹੀ ਕਿਉਂ ਨਹੀਂ ਦਰਜ ਕਰਵਾਇਆ। ਟੈਕਸ ਲਾਗੂ ਹੋਣ ਤੋਂ ਬਾਅਦ ਅਕਾਲੀ ਦਲ ਦੇ ਬਿਆਨ ਸ਼੍ਰੋਮਣੀ ਕਮੇਟੀ ਦੇ ਵਿਰੋਧ ਸ਼ੁਰੂ ਹੋ ਗਏ ਜਿਹੜੇ ਇੱਕ ਯੋਜਨਾਬੱਧ ਸਿਆਸਤ ਵੱਲ ਇਸ਼ਾਰਾ ਕਰਦੇ ਹਨ। ਅਕਾਲੀ ਦਲ ਦਾ ਬੀ ਜੇ ਪੀ ਵਿੱਚ ਚੰਗਾ ਅਸਰ ਰਸੂਖ ਹੈ, ਫਿਰ ਵੀ ਸਾਲ ਭਰ ਦਾ ਸਮਾਂ ਗੁਰੂ ਘਰ ਦੀ ਗੋਲਕ ਵਿੱਚੋਂ ਲੁਟ ਦਾ ਕਾਰਨ ਕਿਉਂ ਬਣਦਾ ਰਿਹਾ ਅਤੇ ਹੁਣ ਮਾਫ਼ ਕਿਵੇਂ ਹੋ ਗਿਆ ਇਹ ਸਾਰਾ ਘਟਨਾ ਕ੍ਰਮ ਦੀ ਪੈੜ ਅਕਾਲੀ ਦਲ ਬਾਦਲ ਦੇ ਬਰੂਹੀ ਜਾਂਦੀ ਹੈ। ਲੰਗਰ ਤੇ ਜੀ ਐਸ ਟੀ ਮਾਫ਼, ਮਾਫ਼ ਸ਼ਬਦ ਦੇ ਬਹੁਤ ਅਰਥ ਹਨ ਕਿਸੇ ਤੇ ਦਇਆ ਕਰਨੀ, ਕਿਸੇ ਦੇ ਕੀਤੇ ਕਰਮ ਤੇ ਉਸ ਨੂੰ ਬਖ਼ਸ਼ ਦੇਣਾ ਜਾਂ ਇਹ ਕਹਿ ਲਓ ਕਿ ਜਾ ਤੈਨੂੰ ਮਾਫ਼ ਕੀਤਾ ਤੂੰ ਕੀ ਯਾਦ ਰੱਖੇਗਾ। ਇੱਥੇ ਸਾਡੀ ਪੜਚੋਲ ਕਰਨੀ ਬਣਦੀ ਹੈ ਕਿ ਗੁਰੂ ਰਾਮਦਾਸ ਸਾਹਿਬ ਜੀ ਦੇ ਲੰਗਰ ਉਪਰ ਇਹਨਾਂ ਜਜੀਆਂ ਟੈਕਸ, ਭਾਵ ਜੀ ਐਸ ਟੀ, ਲਾਇਆ ਫਿਰ ਇਸਨੂੰ ਛੱਡ ਦਿੱਤਾ ਤੇ ਹੁਣ ਸਾਡੀ ਕੌਮ ਦੇ ਮੂੰਹੋਂ ਹੀ ਬਾਰ ਬਾਰ ਮਾਫ਼ ਕੀਤਾ ਮਾਫ਼ ਕੀਤਾ ਕਿਉਂ ਕਹਾਇਆ ਜਾ ਰਿਹਾ ਹੈ। ਮੋਦੀ ਨੇ ਜੀ ਐਸ ਟੀ ਛੱਡ ਕਿ ਕੋਈ ਸਿੱਖਾਂ ਤੇ ਅਹਿਸਾਨ ਨਹੀਂ ਕੀਤਾ ਇਹ ਸਾਡਾ ਹੱਕ ਸੀ। ਗੌਰਤਲਬ ਹੈ ਕਿ ਪੰਜਾਬ, ਭਾਰਤ ਵਿੱਚ ਹਜ਼ਾਰਾਂ ਦੀ ਗਿਣਤੀ ਚ ਸਾਧਾਂ ਦੇ ਡੇਰੇ ਹਨ ਜਿੱਥੇ ਕਿਸੇ ਵਾਸਤੇ ਖਾਣ ਦਾ ਕੋਈ ਪ੍ਰਬੰਧ ਨਹੀਂ, ਜੀ ਐਸ ਟੀ ਛੱਡਣ ਦਾ ਫਾਇਦਾ ਤਾਂ ਉਹਨਾਂ ਡੇਰੇਦਾਰਾਂ ਨੂੰ ਵੀ ਹੋਵੇਗਾ, ਫਿਰ ਅਕਾਲੀ ਦਲ ਸਿਰਫ਼ ਗੁਰੂ ਰਾਮਦਾਸ ਜੀ ਦੇ ਲੰਗਰ ਵਾਸਤੇ ਹੀ ਮਾਫ਼ ਲਫਜ਼ ਕਿਉਂ ਵਰਤ ਰਹੇ ਹਨ ਜਦ ਇਸ ਅਸਥਾਨ ਦੇ ਲੰਗਰ ਵਿੱਚ ਹਰ ਰੋਜ਼ ਹਜ਼ਾਰਾਂ ਨਹੀਂ ਲੱਖਾਂ ਲੋਕ ਧਰਮ, ਗੈਰ ਧਰਮ ਦੇ ਪਰਸ਼ਾਦਾ ਛਕਦੇ ਹਨ। ਇਹ ਕਿਉਂ ਭੁਲਦੇ ਹਨ ਕਿ ਇਹ ਉਹ ਅਸਥਾਨ ਹੈ ਜਿੱਥੇ ਮਨ ਦੀ ਸ਼ਾਂਤੀ ਦੇ ਨਾਲ ਨਾਲ ਪੇਟ ਦੀ ਸ਼ਾਂਤੀ ਲਈ 24 ਘੰਟੇ ਲੰਗਰ ਚੱਲਦਾ ਹੈ। ਜਿਸ ਨੂੰ ਸਮੁੱਚੀ ਦੁਨੀਆ ਵਿੱਚ ਬੈਠੀ ਸਿੱਖ ਕੌਮ ਜਾ ਹੋਰ ਬਾਹਰੀ ਸੰਗਤਾਂ ਵੱਲੋਂ ਗੁਰੂ ਨੂੰ ਭੇਟ ਕੀਤੇ ਨਜ਼ਰਾਨੇ ਵਿੱਚੋਂ ਚੱਲਦਾ ਹੈ।



ਇਤਿਹਾਸ ਗਵਾਹ ਹੈ ਕਿ ਦੀਨ ਦੁਨੀਆ ਦੇ ਮਾਲਕ ਗੁਰੂ ਰਾਮਦਾਸ ਸਾਹਿਬ ਜੀ, ਦੇ ਪਵਿੱਤਰ ਅਸਥਾਨ ਸੱਚਖੰਡ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਵਿਖੇ ਦੁਨੀਆ ਭਰ ਦੇ ਰਾਜੇ ਨਤਮਸਤਕ ਹੁੰਦੇ ਰਹੇ, ਹੋ ਰਹੇ ਹਨ। ਪ੍ਰਧਾਨ ਮੰਤਰੀ ਮੋਦੀ, ਮਾਫ਼, ਸ਼ਬਦ ਵਰਤ ਕਿ ਕੌਮ ਨੂੰ ਜਲੀਲ ਕਰਨਾ ਅਤੇ ਕਰਵਾਉਣਾ ਚਾਹੁੰਦਾ ਹੈ। ਵੇਖਿਆ ਜਾਵੇ ਤਾਂ ਜਿਸ ਵੇਲੇ ਲੰਗਰ ਜੀ ਐਸ ਟੀ ਮੁਕਤ ਕੀਤਾ ਹੈ, ਉਸ ਵੇਲੇ ਹੀ ਅਕਾਲੀ ਦਲ ਬਾਦਲ ਅਤੇ ਉਸਦੇ ਸਮਕਾਲੀ ਮਾਫ਼ ਸ਼ਬਦ ਦਾ ਪ੍ਰਯੋਗ ਕਰ ਕਿ ਮੋਦੀ ਸਰਕਾਰ ਦਾ ਧੰਨਵਾਦ ਕਰ ਰਹੇ ਹਨ। ਜਿਹੜਾ ਬਹੁਤ ਹੀ ਹੰਕਾਰੀ ਲਹਿਜੇ ਵਾਲੀ ਗੱਲ ਹੈ, ਸਿੱਖ ਕੌਮ ਨੂੰ ਇਹ ਗੱਲ ਸਮਝ ਕਿ ਇਸ ਸ਼ਬਦ ਦਾ ਅੰਤਰ ਬੋਧ ਕਰ ਲੈਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਮੋਦੀ ਜੋ ਭਾਰਤ ਦਾ ਮੁਖੀਆ ਹੈ। ਗੁਰੂ ਰਾਮਦਾਸ ਸਮੁੱਚੀ ਕਾਇਨਾਤ ਦੇ ਮਾਲਕ ਹਨ, ਮੋਦੀ ਗੁਰੂ ਘਰ ਨੂੰ ਕੀ ਮਾਫ਼ ਕਰ ਸਕਦਾ ਹੈ, ਜੇਕਰ ਮੋਦੀ ਨੂੰ ਕੁੱਝ ਚਾਹੀਦਾ ਹੈ ਉਹ ਇਸ ਦਰ ਤੋਂ ਜ਼ਰੂਰ ਮੰਗ ਲਵੇ ਅਵੱਸ਼ ਮਿਲੇਗਾ।

ਜੇਕਰ ਮਾਫ਼ ਕਰਨ ਦਾ, ਇਹਨਾਂ ਹੰਕਾਰ ਹੈ, ਤਾਂ ਬੇਸ਼ੱਕ ਮੋਦੀ ਜੀ ਐਸ ਟੀ ਨਾ ਛੱਡੇ, ਇੱਕ ਵਾਰ ਸ਼੍ਰੋਮਣੀ ਕਮੇਟੀ ਸੰਗਤ ਨੂੰ ਕਹੇ ਕਿ ਇੰਨੇ ਕਰੋੜ ਜੀ ਐਸ ਟੀ ਸਰਕਾਰ ਨੂੰ ਭਰਨਾ ਹੈ। ਗੁਰੂ ਕਿਰਪਾ ਨਾਲ ਉਸਦੀਆਂ ਬਖ਼ਸ਼ੀਆਂ ਦਾਤਾਂ ਵਿੱਚੋਂ ਸੰਗਤਾਂ ਮੋਦੀ ਅੱਗੇ ਮਾਇਆ ਦੇ ਬੋਲ੍ਹ ਲਾ ਦੇਣਗੀਆਂ।

ਸ਼ਰੋਮਣੀ ਅਕਾਲੀ ਦਲ ਬਾਦਲ ਜਿਹੜਾ ਧਰਮ ਦੇ ਨਾ ਉਪਰ ਸਿਆਸਤ ਕਰ ਰਿਹਾ ਹੈ।

ਬੀਬੀ ਹਰਸਿਮਰਤ ਕੌਰ ਬਾਦਲ ਜਿਹੜੀ ਕੇਂਦਰ ਵਿੱਚ ਵਜ਼ੀਰੀ ਦਾ ਅਨੰਦ ਮਾਣ ਰਹੀ ਹੈ। ਉਸ ਵੱਲੋਂ ਵਾਰ ਵਾਰ ਇਹ ਗੱਲ ਕਹਿਣੀ ਕਿ ਅਸੀਂ ਮੋਦੀ ਦਾ ਧੰਨਵਾਦ ਕਰਦੇ ਹਾਂ ਕਿ ਉਸਨੇ ਲੰਗਰ ਉਪਰ ਜੀ ਐਸ ਟੀ ਮਾਫ਼ ਕਰ ਦਿੱਤਾ ਇਹ ਸਿਆਸਤ ਦੇ ਮਿਆਰ ਵਿੱਚ ਡਿੱਗਣ ਦਾ ਆਖੀਰ ਹੈ ਇਹ ਗੱਲਾਂ ਸ਼ੋਭਾ ਨਹੀਂ ਦਿੰਦੀਆਂ।

ਮੰਨਦੇ ਹਾਂ ਕਿ ਤੁਸੀਂ ਉਹ ਹੀ ਬੋਲਦੇ ਹੋ ਜੋ ਉਪਰੋਂ ਹੁਕਮ ਹੁੰਦੇ ਹਨ। ਪਰ ਗੁਰੂ ਦਾਤਾਂ ਹੈ ਦਾਤਾਂ ਹੀ ਰਹੇਗਾ, ਮੋਦੀ ਮੰਗਤਾ ਹੈ ਮੰਗਤਾ ਹੀ ਰਹੇਗਾ, ਇੱਕ ਮੰਗਤਾ, ਦਾਤੇ ਨੂੰ ਕਹਿ ਕਿ ਮੈਂ ਤੁਹਾਨੂੰ ਮਾਫ਼ ਕੀਤਾ ਇਹ ਮਾਪ ਦੰਡ ਕਦੇ ਵੀ ਪੂਰਾ ਨਹੀਂ ਉਤਰਦਾ। ਸਿੱਖ ਕੌਮ ਇਸ ਵੋਟ ਰਾਜਨੀਤੀ ਵਿੱਚ ਵਿਸ਼ੇਸ਼ ਧਿਆਨ ਰੱਖੇ ਕਿ ਮੋਦੀ ਨੇ ਮਾਫ਼ ਕੁੱਝ ਨਹੀਂ ਕੀਤਾ ਬਸ ਸਾਡਾ ਹੀ ਸਾਨੂੰ ਛੱਡਿਆ ਹੈ।

ਜਿਸ ਉੱਤੇ ਸ਼ਰੋਮਣੀ ਕਮੇਟੀ ਦਾ ਜਮਹੂਰੀ ਹੱਕ ਸੀ ਅਤੇ ਸ਼ਰੋਮਣੀ ਕਮੇਟੀ ਨੂੰ ਵੀ ਚਾਹੀਦਾ ਹੈ ਕਿ ਹਰਸਿਮਰਤ ਕੌਰ ਬਾਦਲ ਅਤੇ ਮੋਦੀ ਦਾ ਧੰਨਵਾਦ ਕਰਨ ਤੋਂ ਪਹਿਲਾ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਵੱਲ ਜ਼ਰੂਰ ਝਾਤ ਮਾਰੇ, ''ਮਾਫ਼ ਸ਼ਬਦ ਦੀ ਸਵੇ-ਪੜਚੋਲ ਕਰੇ ਕਿ ਭਵਿੱਖ ਵਿੱਚ ਮਾਫ਼ ਸ਼ਬਦ ਸਾਡੇ ਸਰਵਉੱਚ ਕੇਂਦਰੀ ਅਸਥਾਨ ਦੀ ਦਰਿਆ ਦਿੱਲੀ ਉੱਚੀ ਸੁੱਚੀ ਪ੍ਰੰਪਰਾ ਹੈ ਉਸਨੂੰ ਕਿਸੇ ਕਿਸਮ ਦੀ ਢਾਹ ਨਾ ਲੱਗੇ। ਭੁੱਲ ਚੁੱਕ ਦੀ ਖਿਮਾ।




# ਵਿਕਾਊ ਮੀਡੀਆ ਘਰਾਣਿਆਂ ਦੇ ਜਰੀਏ ਕਿਵੇਂ ਹੁੰਦਾ ਹੈ ਹਿੰਦੂਤਵ ਲਈ ਪ੍ਰਚਾਰ

ਪੱਤਰਕਾਰੀ ਦੇ ਖੇਤਰ ਵਿੱਚ ਅਹਿਮ ਸਥਾਨ ਰੱਖਦੇ ਯੂ ਟਿਊਬ ਚੈਨਲ 'ਦ ਵਾਇਰ' ਦੇ ਜਰੀਏ ਅਜਿਹੇ ਹੀ ਇੱਕ ਹੋਰ ਯੂ ਟਿਊਬ ਚੈਨਲ 'ਕੋਬਰਾ ਪੋਸਟ' ਦੇ 'ਅਪਰੇਸ਼ਨ 136 ਪਾਰਟ ਵੰਨ ਅਤੇ ਅਪਰੇਸ਼ਨ ਪਾਰਟ 2 ਦੇਖਣ ਦਾ ਮੌਕਾ ਮਿਲਿਆ। ਇਸ ਅਪਰੇਸ਼ਨ ਨੇ ਮੈਨੂੰ ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ ਕਿ ਕਿਵੇਂ ਪੈਸੇ ਨਾਲ ਕੋਈ ਵੀ ਵਿਆਕਤੀ ਮੀਡੀਆ ਨੂੰ ਆਪਣੇ ਪੱਖ ਦਾ ਪ੍ਰਚਾਰ ਕਰਨ ਲਈ ਖ਼੍ਰੀਦ ਸਕਦਾ ਹੈ। ਇਸਦਾ ਅਸਰ ਮੇਰੇ ਦਿਲ ਦਿਮਾਗ ਤੇ ਪਹਿਲਾਂ ਨਾਲੋਂ ਹੋਰ ਵੀ ਪ੍ਰਭਾਵੀ ਹੋ ਕੇ ਮੈਨੂੰ ਡਰਾ ਰਿਹਾ ਹੈ। ਏਹ ਡਰ ਕੀ ਹੈ ਇਸਦੇ ਲਈ ਪਾਠਕਾਂ ਨੂੰ ਵੀ ਮੈਂ ਏਹ ਦੋਵੇਂ ਯੂ ਟਿਊਬ ਚੈਨਲ ਦੇਖਣ ਦੀ ਸਲਾਹ ਜਰੂਰ ਦੇਵਾਂਗਾ। ਪਾਠਕਾਂ ਤੋਂ ਏਹ ਵੀ ਆਸ ਕਰਾਂਗਾ ਕਿ ਇਸ ਲੇਖ ਦੇ ਜਰੀਏ ਮੈਂ ਜੋ ਵੀ ਸੰਦੇਸ਼ ਦੇਣਾ ਚਾਹਿਆ ਹੈ ਉਸਦੇ ਹੋਰ ਪ੍ਰਚਾਰ ਪ੍ਰਸਾਰ ਲਈ ਇਸਨੂੰ ਦੂਜਿਆਂ ਨਾਲ ਵੀ ਸਾਂਝਾ ਕੀਤਾ ਜਾਵੇ। ਮੈਂ ਰੋਜਾਨਾ ਪਹਿਰੇਦਾਰ' ਦੇ ਮੁੱਖ ਸੰਪਾਦਕ ਸ: ਜਸਪਾਲ ਸਿੰਘ ਹੇਰਾਂ ਦਾ ਵੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਬੇਹੱਦ ਚਿੰਤਾਜਨਕ ਤੇ ਸ਼ਰਮਨਾਕ ਬਣ ਚੁੱਕੇ ਇਸ ਮਾਮਲੇ ਦੀ ਗੰਭੀਰਤਾ ਨੂੰ ਸਮਝਦਿਆਂ 'ਰੋਜਾਨਾ ਪਹਿਰੇਦਾਰ' ਫੇਸਬੁੱਕ ਪੇਜ 'ਤੇ 'ਹਿੰਦੂਤਵ ਦੇ ਪਸਾਰੇ ਲਈ ਮੀਡੀਆ ਦੀ ਦੁਰਵਰਤੋਂ" ਸਿਰਲੇਖ ਹੇਠ ਇਸਦੀ 'ਲਾਈਵ' ਵਿਚਾਰ ਚਰਚਾ ਕਰਵਾਈ ਹੈ ਜਿਸ ਨੂੰ ਦਰਸ਼ਕਾਂ ਵੱਲੋਂ ਚੰਗਾ ਹੁੰਗਾਰਾ ਮਿਲ ਰਿਹਾ ਹੈ। ਹੁਣ ਸ: ਹੇਰਾਂ ਜੀ ਦੀ ਹੱਲਾਸ਼ੇਰੀ ਨਾਲ ਇਸ ਲੇਖ ਦੇ ਜਰੀਏ ਦੇਸ਼ ਦੇ ਵਿਕਾਊ ਹੋ ਚੁੱਕੇ ਮੀਡੀਆ ਘਰਾਣਿਆਂ ਦੀ ਘਟੀਆ ਤੇ ਨਿੰਦਣਯੋਗ ਕਾਰਗੁਜਾਰੀ ਨੂੰ ਜਨ ਜਨ ਤੱਕ ਪਹੁੰਚਾਉਣ ਦਾ ਮਨੋਰਥ ਬਣਾਇਆ ਹੈ ਜਿਸਦੇ ਲਈ ਭਾਵੇਂ ਹੁਣ ਕਿੱਡੀ ਵੀ ਕੀਮਤ ਕਿਉਂ ਨਾ ਚੁਕਾਉਣੀ ਪਵੇ।

ਗੱਲ ਲੇਖ ਦੇ ਵਿਸ਼ੇ ਤੇ ਕਰਦੇ ਹਾਂ ਕਿ 'ਕੋਬਰਾ ਪੋਸਟ' ਨੇ ਦੇਸ਼ ਦੇ ਲਗੱਭਗ ਸਾਰੇ ਵੱਡੇ ਮੀਡੀਆ ਘਰਾਣਿਆਂ ਜਿਨ੍ਹਾਂ ਵਿੱਚ ਨਿਊਜ ਚੈਨਲਜ, ਹੋਰ ਪ੍ਰੋਗਰਾਮ, ਅਖਬਾਰਾਂ, ਵੈਬ ਪੋਰਟਲਜ ਏਥੋਂ ਤੱਕ ਕਿ ਰੇਡੀਓ ਚੈਨਲਜ ਵੀ ਸ਼ਾਮਿਲ ਹਨ ਦੇ ਮੁੱਖੀਆਂ ਅਤੇ ਪ੍ਰਭਾਵ ਰੱਖਣ ਵਾਲੇ ਵੱਡੇ ਅਧਿਕਾਰੀਆਂ ਦਾ ਸਟਿੰਗ ਅਪਰੇਸ਼ਨ ਕੀਤਾ ਹੈ। ਸਟਿੰਗ ਅਪਰੇਸ਼ਨ ਕਰਨ ਵਾਲਾ ਸੀਨੀਅਰ ਪੱਤਰਕਾਰ ਪੁਸ਼ਪ ਸ਼ਰਮਾ ਖੁਦ ਹਿੰਦੂ ਹੋ ਕੇ ਜਿਸ ਪ੍ਰਕਾਰ ਹਿੰਦੂਤਵੀ ਏਜੰਡੇ ਤੇ ਸਟਿੰਗ ਅਪਰੇਸ਼ਨ ਕਰ ਰਿਹਾ ਹੈ ਉਸ ਤੋਂ ਉਸਦੇ ਅੰਦਰ ਦੀ ਜੋ ਚਿੰਤਾ ਝਲਕਦੀ ਹੈ ਤੋਂ ਕੱਟੜਪੰਥੀ ਹਿੰਦੂਆਂ ਨੂੰ ਵੀ ਸਬਕ ਲੈਣਾ ਚਾਹੀਦਾ ਹੈ। ਕੋਬਰਾ ਪੋਸਟ ਦੁਆਰਾ ਕੀਤੇ ਸਟਿੰਗ ਤੇ ਦੇਸ਼ ਦੇ ਸਾਰੇ ਮੀਡੀਆ ਨੇ ਚੁੱਪੀ ਧਾਰੀ ਹੋਈ ਹੈ ਤੇ ਖੁਦ ਜਿਨ੍ਹਾਂ ਦਾ ਸਟਿੰਗ ਕੀਤਾ ਗਿਆ ਹੈ ਉਨ੍ਹਾਂ ਨੇ ਵੀ ਆਪਣੇ ਬਚਾਅ ਵਿੱਚ ਕੁਝ ਨਹੀ ਕਿਹਾ ਤੇ ਇਸ ਮਾਮਲੇ ਨੂੰ 'ਦ ਵਾਇਰ' ਰਾਹੀਂ ਜਨਤਕ ਕਰਨ ਵਾਲਾ ਸੀਨੀਅਰ ਪੱਤਰਕਾਰ ਵਿਨੋਦ ਦੂਆ ਵੀ ਹਿੰਦੂ ਹੀ ਹੈ। ਦੇਸ ਹਿੱਤ ਲਈ ਸ੍ਰੀ ਦੂਆ ਦੁਆਰਾ ਕੀਤੇ ਕਾਰਜ ਤੋਂ ਵੀ ਕੱਟੜਪੰਥੀਆਂ ਨੂੰ ਸਬਕ ਲੈਣਾ ਚਾਹੀਦਾ ਹੈ।

ਹੋਏ ਸਟਿੰਗ ਵਿੱਚ 'ਕੋਬਰਾ ਪੋਸਟ' ਦਾ ਸੀਨੀਅਰ ਪੱਤਰਕਾਰ ਪੁਸ਼ਪ ਸ਼ਰਮਾ ਵੱਡੇ ਮੀਡੀਆ ਘਰਾਣਿਆਂ ਕੋਲ 'ਸ੍ਰੀ ਭਗਵਤ ਗੀਤਾ ਪ੍ਰਚਾਰ ਸਮਿਤੀ' ਦਾ ਅਚਾਰੀਆ ਬਣ ਕੇ ਗਿਆ ਸੀ। ਉਸਨੇ ਭਗਵਾਂ ਪਾਰਟੀ ਨੂੰ 2019 ਵਿੱਚ ਰਾਜਨੀਤਿਕ ਲਾਭ ਦੇਣ ਲਈ ਇਨ੍ਹਾਂ ਅੱਗੇ 'ਹਿੰਦੂਤਵ ਦਾ ਏਜੰਡਾ' ਚਲਾਉਣਾ ਰੱਖਿਆ। ਇਸ ਏਜੰਡੇ ਦੇ ਅਨੁਸਾਰ ਪਹਿਲੇ ਭਾਗ ਵਿੱਚ ਨਰਮ ਹਿੰਦੂਤਵ ਚਲਾਇਆ ਜਾਵੇਗਾ। ਹਿੰਦੂ ਧਰਮ ਨਾਲ ਸਬੰਧਿਤ ਕੁਝ ਖਾਸ ਸਬਦਾਂ ਅਤੇ ਸੰਸਕ੍ਰਿਤੀ ਦੀ ਵਰਤੋਂ ਕਰਕੇ ਹਿੰਦੂਤਵੀ ਵਾਤਾਵਰਨ ਤਿਆਰ ਕੀਤਾ ਜਾਵੇਗਾ। ਦੂਸਰੇ ਭਾਗ ਵਿੱਚ ਵਿਰੋਧੀ ਪਾਰਟੀਆਂ ਦੇ ਪ੍ਰਮੁੱਖ ਆਗੂਆਂ ਜਿਵੇਂ ਕਿ ਸ੍ਰੀ ਰਾਹੁਲ ਗਾਂਧੀ, ਸ੍ਰੀ ਅਖਿਲੇਸ਼ ਯਾਦਵ ਅਤੇ ਕੁਮਾਰੀ ਮਾਇਆਵਤੀ ਲਈ ਪੱਪੂ, ਬਬੂਆ ਅਤੇ ਬੂਆ ਵਰਗੇ ਮਜਾਕੀਆ ਸਬਦਾਂ ਦੀ ਜਿਆਦਾ ਤੋਂ ਜਿਆਦਾ ਵਰਤੋਂ ਕਰਕੇ ਇਨ੍ਹਾਂ ਦਾ ਚਰਿੱਤਰ ਹਨਨ ਕੀਤਾ ਜਾਵੇਗਾ ਤਾਂ ਜੋ ਏਹ ਪ੍ਰਭਾਵਾਹੀਨ ਬਣਨ। ਇਸ ਵਿੱਚ ਭਗਵਾਂ ਪਾਰਟੀ ਦੇ ਕੁਝ ਆਪਣੇ ਹੀ ਆਗੂਆਂ ਤੋਂ ਇਲਾਵਾ ਗਠਜੋੜ ਪਾਰਟੀਆਂ ਦੇ ਆਗੂਆਂ ਨੂੰ ਵੀ ਨਿਸ਼ਾਨੇ ਤੇ ਲਏ ਜਾਣ ਦੀ ਗੱਲ ਹੁੰਦੀ ਹੈ ਤਾਂ ਕਿ ਉਨ੍ਹਾਂ ਤੇ ਵੀ ਲਗਾਮ ਰੱਖੀ ਜਾ ਸਕੇ। ਤੀਸਰੇ ਭਾਗ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਸਮੇਤ ਹੋਰਨਾਂ ਦਾ ਧਾਰਮਿਕ ਧਰੁਵੀਕਰਨ ਕਰਕੇ ਫਿਰਕੂ ਜਹਿਰ ਘੋਲੀ ਜਾਵੇਗੀ ਜਿਸ ਦਾ ਸਿੱਧਾ ਲਾਭ 2019 ਵਿੱਚ ਭਗਵਾਂ ਪਾਰਟੀ ਨੂੰ ਹੋਵੇਗਾ। ਇਸ ਮਤੇ ਨੂੰ ਏਹ ਮੀਡੀਆ ਘਰਾਣੇ 6 ਕਰੋੜ ਤੋਂ ਲੈ ਕੇ 500 ਕਰੋੜ ਤੱਕ ਦੀ ਸੌਦੇਬਾਜੀ ਤਹਿਤ ਚਲਾਉਣ ਦੀ ਗੱਲ ਕਰਦੇ ਸਾਫ ਸੁਣੇ ਜਾ ਸਕਦੇ ਹਨ। ਇਨ੍ਹਾਂ ਹੀ ਨਹੀ ਬਲਕਿ ਏਹ ਕਹਿੰਦੇ ਵੀ ਸਾਫ ਸੁਣੇ ਜਾ ਰਹੇ ਹਨ ਕਿ ਉਹ ਤਾਂ ਪਹਿਲਾਂ ਹੀ ਇਸ ਏਜੰਡੇ 'ਤੇ ਕੰਮ ਕਰ ਰਹੇ ਹਨ। ਜਿਸ ਤੋਂ ਏਹ ਗੱਲ ਸਾਫ ਹੋ ਜਾਂਦੀ ਹੈ ਕਿ ਮੌਜੂਦਾ ਸਮੇਂ ਦੇਸ਼ ਵਿੱਚ ਜਿਸ ਪ੍ਰਕਾਰ ਦਾ ਜਹਿਰੀਲਾ ਹਿੰਦੂਤਵੀ ਵਾਤਾਵਰਨ ਬਣਿਆ ਹੋਇਆ ਹੈ ਉਹ ਸਾਇਦ ਪਿਛੋਕੜ ਦੀਆਂ ਅਜਿਹੀਆਂ ਹੀ ਅਸਲੀ ਸੌਦੇਬਾਜੀਆਂ ਦਾ ਨਤੀਜਾ ਹੋ ਸਕਦਾ ਹੈ।




ਇਸ ਸੌਦੇਬਾਜੀ ਵਿੱਚ ਕਾਲੇ ਧੰਨ ਨੂੰ ਕਿਵੇਂ ਖਪਤ ਕੀਤਾ ਜਾ ਸਕਦਾ ਹੈ ਵੀ ਸਾਹਮਣੇ ਆਇਆ ਹੈ। ਇਸ ਸੌਦੇਬਾਜੀ ਵਿੱਚ ਕਿਸੇ ਬਿਲਿੰਗ ਦੀ ਬਜਾਏ ਕੰਮ ਬਦਲੇ ਕਾਲੇ ਧਨ ਤੱਕ ਨੂੰ ਵੀ ਲਏ ਜਾਣ ਦੀ ਗੱਲ ਇੱਕ ਵਾਰ ਨਹੀ ਬਲਕਿ ਵਾਰ ਵਾਰ ਸਾਹਮਣੇ ਆਉਂਦੀ ਹੈ। ਪੱਤਰਕਾਰ ਪੁਸ਼ਪ ਸ਼ਰਮਾ ਇਨ੍ਹਾਂ ਅਦਾਰਿਆਂ ਦੇ ਅੱਗੇ ਜੋ ਏਜੰਡਾ ਰੱਖਦਾ ਹੈ ਉਸਨੂੰ ਇਨ ਬਿਨ ਹੀ ਨਹੀ ਬਲਕਿ ਉਸਨੂੰ ਹੋਰ ਵੀ ਹਿੰਦੂਤਵੀ ਬਣਾ ਕੇ ਪੇਸ਼ ਕਰਨ ਦੀਆਂ ਗੱਲਾਂ ਇਨ੍ਹਾਂ ਮੀਡੀਆ ਘਰਾਣਿਆਂ ਨੂੰ ਚਲਾਉਣ ਵਾਲੇ 'ਆਕੇ' ਖੁਦ ਕਰਦੇ ਸੁਣੇ ਜਾ ਰਹੇ ਹਨ। ਕਈ ਤਾਂ ਸਿੱਧਾ ਸਿੱਧਾ ਬੀਤੇ ਗੁੱਝੇ ਭੇਦ ਵੀ ਖੋਲਦੇ ਦਿਖਾਈ ਦਿੰਦੇ ਹਨ ਕਿ ਕਿਵੇਂ ਉਨ੍ਹਾਂ ਨੇ ਪਹਿਲਾਂ ਵੀ ਭਗਵਾਂ ਪਾਰਟੀ ਨੂੰ ਲਾਭ ਦਿੱਤਾ ਹੈ। ਸਾਰੀ ਗੱਲਬਾਤ ਹਿੰਦੀ ਅਤੇ ਅੰਗਰੇਜੀ ਦੇ ਜਿਆਦਾ ਮਿਸ਼ਰਣ ਵਿੱਚ ਹੁੰਦੀ ਹੈ। ਇਸ ਬਾਰੇ ਵਿਸਥਾਰ ਨਾਲ ਜਾਣਕਾਰੀ ਲੈਣ ਲਈ ਪਾਠਕ ਖੁਦ ਇਨ੍ਹਾਂ ਸਾਈਟਾਂ ਦੇ ਜਾਣ ਤੇ ਸਾਰਾ ਸੱਚ ਖੁਦ ਦੇਖ ਲੈਣ। ਏਹ ਸ਼ੀਸ਼ੇ ਦੀ ਤਰ੍ਹਾਂ ਸਾਫ ਹੈ ਕਿ ਪੱਤਰਕਾਰ ਪੁਸ਼ਪ ਸ਼ਰਮਾ ਨੇ ਏਹ ਸੱਭ ਕੁਝ ਵੱਡੇ ਅਦਾਰਿਆਂ ਦੀ ਪੋਲ ਖੋਲਣ ਲਈ ਕੀਤਾ ਹੈ ਫੇਰ ਵੀ ਜੇਕਰ ਮੀਡੀਆ ਘਰਾਣੇ ਇਸਨੂੰ ਕਿਸੇ ਨਾ ਕਿਸੇ ਪ੍ਰਕਾਰ ਝੁਠਲਾਉਂਦੇ ਹਨ ਤਾਂ ਹਿੰਦੂਤਵੀ ਏਜੰਡੇ ਨੂੰ ਲਾਗੂ ਕਰਨ ਤੇ ਹੋਈ ਗੱਲਬਾਤ ਨੂੰ ਉਹ ਕਿਸੇ ਵੀ ਕੀਮਤ ਤੇ ਝੁਠਲਾ ਨਹੀ ਸਕਦੇ।

ਹੁਣ ਗੱਲ ਕਰਦੇ ਹਾਂ ਅਜਿਹੇ ਵਿਕਾਊ ਮੀਡੀਆ ਘਰਾਣਿਆਂ ਦੁਆਰਾ ਪੱਤਰਕਾਰਤਾ ਦੇ ਖੇਤਰ ਵਿੱਚ ਦਿੱਤੀਆਂ ਸੇਵਾਵਾਂ ਦੀ ਜਿਨ੍ਹਾਂ ਨੂੰ ਅਸੀ ਅੱਖ ਕੰਨ ਬੰਦ ਕਰਕੇ ਸਵੀਕਾਰ ਕਰ ਲੈਂਦੇ ਹਾਂ ਅਤੇ ਇਨ੍ਹਾਂ ਤੇ ਵਿਸ਼ਵਾਸ ਕਰਕੇ ਆਪਣੇ ਮੱਤ ਦਾ ਦਾਨ ਤੱਕ ਕਰ ਰਹੇ ਹਾਂ। ਜਿਸ ਨਾਲ ਦੇਸ਼ ਦੀਆਂ ਸਰਕਾਰਾਂ ਬਣਦੀਆਂ ਹਨ ਜੋ ਅੱਗੇ ਚੱਲ ਕੇ ਵੋਟ ਪਾਉਣ ਵਾਲੇ ਲੋਕਾਂ ਲਈ ਨਹੀ ਬਲਕਿ ਵਿਕਾਊ ਮੀਡੀਆ ਨੂੰ ਮੋਟੀਆਂ ਰਕਮਾਂ ਦੇਣ ਵਾਲੇ ਪੂੰਜੀਪਤੀ ਵਰਗ ਦੀਆਂ ਰਖੇਲ ਬਣ ਕੇ ਰਹਿ ਜਾਂਦੀਆਂ ਹਨ। ਖੋਖਲੇ ਹੋ ਰਹੇ ਲੋਕਤੰਤਰ ਲਈ ਏਹ ਵਿਕਾਊ ਮੀਡੀਆ ਘਰਾਣੇ ਸਿੱਧੇ ਸਿੱਧੇ ਤੌਰ ਤੇ ਜਿੰਮੇਵਾਰ ਦਿਖਾਈ ਦੇ ਰਹੇ ਹਨ। ਜੋ ਪੱਤਰਕ-'ਰਤਾ ਦੇ ਨਾਮ ਤੇ ਜਿਥੇ ਕਲੰਕ ਹਨ ਉਥੇ ਹੀ ਅਸਲੀ ਦੇਸ਼ ਧ੍ਰੋਹੀ ਹਨ। ਦੂਸਰੇ ਪਾਸੇ ਸਲੂਟ ਕਰਦੇ ਹਾਂ 'ਕੋਬਰਾ ਪੋਸਟ' ਦੇ ਪੱਤਰਕਾਰ ਪੁਸ਼ਪ ਸ਼ਰਮਾ ਅਤੇ ਅਜਿਹੇ ਹੋਰਨਾਂ ਪੱਤਰਕਾਰਾਂ ਨੂੰ ਜੋ ਖੁਦ ਹਿੰਦੂ ਹੋ ਕੇ ਅਖੌਤੀ ਹਿੰਦੂਤਵ ਦੇ ਖਿਲਾਫ ਲੜਾਈ ਲੜ੍ਹ ਰਹੇ ਹਨ। ਇਸ ਦੇ ਨਾਲ ਹੀ 'ਕੋਬਰਾ ਪੋਸਟ' ਵੀ ਵਧਾਈ ਦੀ ਪਾਤਰ ਹੈ ਜਿਸਨੇ ਇੱਕ ਵੱਡੇ ਹਿੰਦੀ ਮੀਡੀਆ ਘਰਾਣੇ ਦੁਆਰਾ ਹਾਈ ਕੋਰਟ ਵਿੱਚ ਜਾ ਕੇ ਸਟੇਅ ਲੈਣ ਦੇ ਬਾਵਯੂਦ ਕਿਸੇ ਵੀ ਨਤੀਜੇ ਦੀ ਪ੍ਰਵਾਹ ਕੀਤੇ ਬਿਨ੍ਹਾਂ ਸਾਰਾ 'ਅਪਰੇਸ਼ਨ 136' ਯੂ ਟਿਊਬ ਤੇ ਚਾੜ ਦਿੱਤਾ। ਸਾਰਾ ਵਰਤਾਂਤ ਜਿਥੇ ਦੇਸ਼ ਦੇ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਦਾ ਬਲਾਤਕਾਰ ਕਰਕੇ ਕੁਝ ਖਾਸ ਲੋਕਾਂ ਨੂੰ ਲਾਭ ਦੇਣ ਲਈ ਖੇਡਾਂ ਖੇਡਣ ਵਾਲੇ ਸੌਦੇਬਾਜੀ ਵਿੱਚ ਸ਼ਾਮਿਲ ਵਿਕਾਊ ਮੀਡੀਆ ਘਰਾਣਿਆ ਲਈ ਸ਼ਰਮਨਾਕ ਹੈ ਉਥੇ ਹੀ ਸੌਦੇਬਾਜੀ ਤੋਂ ਬਾਹਰ ਵਾਲੇ ਮੀਡੀਆ ਅਦਾਰਿਆਂ ਲਈ ਵੀ ਸ਼ਰਮਨਾਕ ਹੈ ਜਿਨ੍ਹਾਂ ਇਨ੍ਹਾਂ ਕੁਝ ਹੋਣ ਦੇ ਬਾਵਯੂਦ ਵੀ ਮੀਡੀਆ ਦੀ ਨਿਰਪੱਖਤਾ ਨੂੰ ਬਰਕਰਾਰ ਰੱਖਣ ਲਈ ਅਜੇ ਤੱਕ ਚੁੱਪੀ ਧਾਰੀ ਹੋਈ ਹੈ।


ਗੁਰਪ੍ਰੀਤ ਸਿੰਘ ਮਹਿਦੂਦਾਂ
91-98889-75440

ਦੂਜੇ ਪਾਸੇ ਏਹ ਦੇਸ਼ ਦੇ ਮੂਲਨਿਵਾਸੀ ਬਹੁਜਨਾਂ ਅਤੇ ਇਨ੍ਹਾਂ ਤੋਂ ਧਰਮ ਪਰਵਰਤਿਤ ਘੱਟ ਗਿਣਤੀਆਂ ਲਈ ਬਹੁਤ ਹੀ ਜਿਆਦਾ ਖਤਰਨਾਕ ਤੇ ਘਾਤਕ ਹੈ ਜਿਨ੍ਹਾਂ ਨੂੰ ਭਗਵਾਂ ਪਾਰਟੀ ਅਤੇ ਇਸਦੇ ਹਿੰਦੂਵਾਦੀ ਸੰਗਠਨ ਹਮੇਸ਼ਾਂ ਨਿਸ਼ਾਨੇ ਤੇ ਲੈ ਰਹੇ ਹਨ। ਏਹ ਖੁਦ ਨੂੰ ਹਿੰਦੂ ਹੋਣ ਦਾ ਭਰਮ ਪਾਲੀ ਬੈਠੇ ਹਿੰਦੂਆਂ ਲਈ ਵੀ ਏਹ ਲਾਹਵੰਦ ਨਹੀ ਹੈ।

ਭਗਵਾਂ ਪਾਰਟੀ ਅਤੇ ਆਰ ਐਸ ਐਸ ਆਪਣਾ ਰਾਜਨੀਤਿਕ ਸਵਾਰਥ ਪੂਰਾ ਕਰਨ ਲਈ ਇਨ੍ਹਾਂ ਨੂੰ ਚੋਣਾਂ ਤੱਕ ਸੰਗਠਤ ਕਰਨ 'ਚ ਲੱਗੀਆਂ ਹੋਈਆਂ ਹਨ ਕਿਉਂਕਿ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਇਨ੍ਹਾਂ ਨੂੰ ਇੱਕ ਵਸਤੂ ਦੀ ਤਰ੍ਹਾਂ ਵਰਤਿਆ ਜਾਵੇਗਾ।

ਮੀਡੀਆ ਜਿਸਨੂੰ ਲੋਕਤੰਤਰ ਦਾ ਚੌਥਾ ਥੰਮ ਕਿਹਾ ਜਾਂਦਾ ਹੈ ਤੇ ਜਦੋਂ ਲੋਕਤੰਤਰ ਦਾ ਸੱਭ ਤੋਂ ਮਜਬੂਤ ਤੇ ਖੁਦ-ਮੁਖਤਿਆਰ ਥੰਮ ਨਿਆ ਪਾਲਿਕਾ ਖਤਰੇ ਵਿੱਚ ਪਿਆ ਸੀ ਤਾਂ ਉਸਦੇ ਬਾਗੀ ਹੋਏ ਚਾਰ ਜੱਜਾਂ ਨੇ ਇਸਦੀ ਸ਼ਰਨ ਵਿੱਚ ਆ ਇਸਦੇ ਕੱਦ ਨੂੰ ਹੋਰ ਵੱਡਾ ਕੀਤਾ ਸੀ ਪਰ ਸਾਹਮਣੇ ਆਈ ਇਸ ਸੌਦੇਬਾਜੀ ਦੇ ਵਰਤਾਂਤ ਨੇ ਇਸਦੇ ਵੱਕਾਰ ਨੂੰ ਭਾਰੀ ਸੱਟ ਮਾਰੀ ਹੈ। ਇਸ ਲਈ ਪੱਤਰਕਾਰਤਾ ਦੇ ਰੱਖਵਾਲਿਆਂ ਨੂੰ ਅੱਗੇ ਆ ਕੇ ਜਾਤਾਂ, ਧਰਮਾਂ ਅਤੇ ਮਜਹੱਬਾਂ ਤੋਂ ਉੱਪਰ ਉੱਠ ਕੇ ਦੇਸ਼ ਦੀ ਏਕਤਾ, ਅੰਖਡਤਾ ਤੇ ਭਾਈਚਾਰਕ ਸਾਂਝ ਲਈ ਇਸਤੇ ਜੋਰਦਾਰ ਕਲਮ ਚਲਾਉਣੀ ਚਾਹੀਦੀ ਹੈ ਤਾਂ ਕਿ ਅਮਰਵੇਲ ਵਾਂਗ ਵੱਧ ਰਹੇ ਮੀਡੀਆ ਘਰਾਣਿਆਂ ਦੀਆਂ ਪੱਤਰਕਾਰਤਾ ਵਿਰੋਧੀ ਗਤੀਵਿਧੀਆਂ ਨੂੰ ਲਗਾਮ ਲਗਾਈ ਜਾ ਸਕੇ।

# ਗੀਤਕਾਰ ਰੱਤੂ ਰੰਧਾਵਾ ਦਾ ਕੈਲਗਿਰੀ 'ਚ ਗੋਲਡ ਮੈਡਲ ਨਾਲ ਸਨਮਾਨ

**ਕੈਨੇਡਾ (ਚੁੰਬਰ) –** ਸ੍ਰੀ ਗੁਰੂ ਰਵਿਦਾਸ ਸੁਸਾਇਟੀ ਆਫ਼ ਕੈਲਗਿਰੀ ਕੈਨੇਡਾ ਵਲੋਂ ਮਿਸ਼ਨਰੀ ਗੀਤਕਾਰ ਰੱਤੂ ਰੰਧਾਵਾ ਨੂੰ ਮਿਸ਼ਨ ਪ੍ਰੇਮੀ ਸ੍ਰੀਮਤੀ ਚੰਚਲ ਮੱਲ, ਹਰਜਿੰਦਰ ਮੱਲ ਗੋਲਡਨ ਵਾਲੇ ਅਤੇ ਹੋਰ ਪ੍ਰਬੰਧਕਾਂ ਦੇ ਸਹਿਯੋਗ ਨਾਲ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅੰਬੇਡਕਰ ਮਿਸ਼ਨ ਦੇ ਥੰਮ ਸ੍ਰੀਮਤੀ ਚੰਚਲ ਮੱਲ ਅਤੇ ਹਰਜਿੰਦਰ ਮੱਲ ਗੋਲਡਨ ਵਾਲਿਆਂ ਨੇ ਕਿਹਾ ਕਿ ਰੱਤੂ ਰੰਧਾਵਾ ਦੀ ਨਿਰੋਲ ਮਿਸ਼ਨਰੀ ਕਲਮ ਸਦਕਾ ਅੱਜ ਉਨ੍ਹਾਂ ਦਾ ਕੈਨੇਡਾ ਵਿਚ ਇਹ ਸਨਮਾਨ ਹੋਣਾ ਵੱਡੇ ਫਖ਼ਰ ਦੀ ਗੱਲ ਹੈ। ਇਸ ਸਨਮਾਨ ਮੌਕੇ ਸ੍ਰੀ ਮਥੁਰਾ ਪ੍ਰਸ਼ਾਦ ਮਹੇ ਚੇਅਰਮੈਨ, ਸ੍ਰੀ ਸੋਹਨ ਰੱਤੂ ਪ੍ਰਧਾਨ, ਅਮਰਜੀਤ ਸੰਧੂ ਜਨਰਲ ਸੈਕਟਰੀ, ਹਰਬੰਸ ਮੱਲ ਵਾਈਸ ਪ੍ਰਧਾਨ, ਹਰਬੰਸ ਮਹਿਮੀ ਕੈਸ਼ੀਅਰ, ਰਕੇਸ਼ ਮੱਲ ਸਹਾਇਕ ਕੈਸ਼ੀਅਰ, ਗਾਇਕਾ ਪ੍ਰੇਮ ਲਤਾ ਸਮੇਤ ਕਈ ਹੋਰ ਹਾਜ਼ਰ ਸਨ।





# ਬਸਪਾ ਆਗੂ ਦੇ ਪਰਿਵਾਰ 'ਤੇ ਦਰਜ 304 ਦੇ ਮੁੱਕਦਮੇਂ ਨੂੰ ਰੱਦ ਕਰਵਾਉਣ ਲਈ ਕਰਵਾਉਣ ਲਈ ਪੁਲਿਸ ਕਮਿਸ਼ਨਰ ਨੂੰ ਮਿਲਿਆ ਵਫਦ

**ਲੁਧਿਆਣਾ–** ਬਹੁਜਨ ਸਮਾਜ ਪਾਰਟੀ ਦੇ ਜਿਲਾ ਸਕੱਤਰ ਵਿੱਕੀ ਕੁਮਾਰ ਅਤੇ ਉਸਦੇ ਪੂਰੇ ਪਰਿਵਾਰ ਤੇ ਰਾਤੀਂ ਤਾਜਪੁਰ ਰੋਡ ਤੇ ਲਗਾਏ ਧਰਨੇ ਦੇ ਦਬਾਅ ਤੋਂ ਬਾਅਦ ਆਈ ਪੀ ਸੀ ਦੀ ਧਾਰਾ 304, 427, 148 ਅਤੇ 149 ਤਹਿਤ ਥਾਣਾ ਡਵੀਜਨ ਨੰ:7 ਦੀ ਪੁਲਿਸ ਨੇ ਪਰਚਾ ਕਰ ਦਿੱਤਾ ਸੀ। ਇਸ ਪਰਚੇ ਨੂੰ ਰੱਦ ਕਰਵਾਉਣ ਲਈ ਬਸਪਾ ਦੇ ਜੋਨ ਕੋਆਡੀਨੇਟਰ ਰਾਮ ਸਿੰਘ ਗੋਗੀ ਅਤੇ ਜਿਲਾ ਪ੍ਰਧਾਨ ਜੀਤਰਾਮ ਬਸਰਾ ਦੀ ਅਗਵਾਈ ਹੇਠ ਇੱਕ ਵਫਦ ਪੁਲਿਸ ਕਮਿਸ਼ਨਰ ਸ: ਸੁਖਚੈਨ ਸਿੰਘ ਗਿੱਲ ਨੂੰ ਮਿਲਿਆ। ਵਫਦ ਨੇ ਪੁਲਿਸ ਕਮਿਸ਼ਨਰ ਤੋਂ ਮੰਗ ਕੀਤੀ ਕਿ ਦਰਜ ਕੀਤੇ ਮਾਮਲੇ ਨੂੰ ਰੱਦ ਕੀਤਾ ਜਾਵੇ ਅਤੇ ਕਿਸੇ ਸੀਨੀਅਰ ਪੁਲਿਸ ਅਧਿਕਾਰੀ ਤੋਂ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਕਰਵਾ ਕੇ ਪਰਿਵਾਰ ਨੂੰ ਰਾਹਤ ਦਿੱਤੀ ਜਾਵੇ। ਇਸ ਮੌਕੇ ਹਾਜਰ ਬਸਪਾ ਆਗੂ ਦੀ ਮਾਤਾ ਸੁਸ਼ੀਲਾ ਦੇਵੀ ਨੇ ਦੱਸਿਆ ਕਿ 7 ਵਜੇ ਦੇ ਕਰੀਬ ਮੈਂ ਅਤੇ ਵੱਡੀ ਨੂੰਹ ਮੋਨਿਕਾ ਗਲੀ ਵਿੱਚ ਬੈਠੇ ਸੀ ਕਿ ਇੱਕ ਤੇਜ ਰਫਤਾਰ ਬੇਕਾਬੂ ਛੋਟੇ ਟੈਂਪੂ ਨੇ ਗਲੀ ਵਿੱਚ ਹੀ ਖੇਡ ਰਹੀ ਮੇਰੀ ਸਾਢੇ ਤਿੰਨ ਸਾਲ ਦੀ ਪੋਤੀ ਨੂੰ ਆਪਣੀ ਚਪੇਟ ਵਿੱਚ ਲੈ ਲਿਆ। ਇਸ ਟੈਂਪੂ ਦਾ ਚਾਲਕ ਮੌਕੇ ਤੋਂ ਭੱਜ ਗਿਆ। ਲੋਕਾਂ ਨੇ ਟੈਂਪੂ ਥੱਲੇ ਆਈ ਮੇਰੀ ਪੋਤੀ ਨੂੰ ਬਾਹਰ ਕੱਢਿਆ ਜਿਸਨੂੰ ਮੈਂ ਅਤੇ ਮੇਰੀ ਨੂੰਹ ਹਸਪਤਾਲ ਲੈ ਕੇ ਚਲੇ ਗਏ। ਸ੍ਰੀ ਬਸਰਾ ਨੇ ਦੱਸਿਆ ਕਿ ਪਿਛੋਂ ਗੁੱਸੇ ਵਿੱਚ ਆਏ ਰਾਹਗੀਰਾਂ ਨੇ ਉਸ ਟੈਂਪੂ ਦੀ ਭੰਨ ਤੋੜ ਕੀਤੀ। ਘਟਨਾ ਵੇਲੇ ਵਿੱਕੀ ਕੁਮਾਰ ਸਮੇਤ ਉਸਦਾ ਬਾਕੀ ਪਰਿਵਾਰ ਘਰ ਹੀ ਨਹੀ ਸੀ ਜਿਹਨਾਂ ਨੂੰ ਘਟਨਾ ਬਾਰੇ ਲੋਕਾਂ ਨੇ ਸੂਚਨਾ ਦਿੱਤੀ। ਉਹਨਾਂ ਦੇ ਮੌਕੇ ਤੇ ਆ ਜਾਣ ਤੇ ਖੁਦ ਨੂੰ ਟੈਂਪੂ ਦਾ ਮਾਲਕ ਦੱਸਣ ਵਾਲਾ ਰਾਮਪਾਲ ਨਾਮ ਦਾ ਵਿਆਕਤੀ ਵੀ ਆ ਗਿਆ। ਉਸ ਨਾਲ ਕਿਸੇ ਪ੍ਰਕਾਰ ਦੀ ਕੁੱਟਮਾਰ ਕਰਨੀ ਤਾਂ ਦੂਰ ਗਾਲੀ ਗਲੋਚ ਤੱਕ ਨਹੀ ਕੀਤੀ ਗਈ। ਪਤਾ ਨਹੀ ਕਿਸ ਗੱਲੋਂ ਉਹ ਘਰ ਜਾਣ ਲੱਗਿਆ ਅਚਾਨਕ ਡਿੱਗ ਗਿਆ ਜਿਸਨੂੰ ਉਸ ਨਾਲ ਆਏ ਵਿਆਕਤੀ ਹੀ ਹਸਪਤਾਲ ਲੈ ਕੇ ਗਏ ਸਨ ਜਿਥੇ ਉਸਦੀ ਮੌਤ ਹੋ ਗਈ। ਸ੍ਰੀ ਬਸਰਾ ਨੇ ਕਿਹਾ ਕਿ ਵਿੱਕੀ ਕੁਮਾਰ ਜਿਸਦੀ ਪਤਨੀ ਇਸ ਵਾਰਡ ਤੋਂ ਕੌਂਸਲਰ ਦੀ ਚੋਣ ਲੜ ਚੰਗੀਆਂ ਵੋਟਾਂ ਹਾਸ਼ਿਲ ਕਰ ਚੁੱਕੀ ਹੈ ਨਾਲ ਕੁਝ ਲੋਕ ਸਿਆਸੀ ਰੰਜਿਸ਼ ਰੱਖ ਰਹੇ ਹਨ ਜਿਨ•ਾਂ ਵੱਲੋਂ ਮ੍ਰਿਤਕ ਦੇ ਪਰਿਵਾਰ ਨੂੰ ਉਕਸਾਉਣ ਤੇ ਉਹਨਾਂ ਤਾਜਪੁਰ ਰੋਡ ਤੇ ਧਰਨਾ ਲਗਾ ਜਾਮ ਲਗਾ ਦਿੱਤਾ। ਇਸ ਦਬਾਓ ਵਿੱਚ ਆ ਕੇ ਹੀ ਪੁਲਿਸ ਨੇ ਉਪਰੋਕਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਸ੍ਰੀ ਬਸਰਾ ਨੇ ਕਿਹਾ ਕਿ ਅਸੀ ਪੁਲਿਸ ਕਮਿਸ਼ਨਰ ਤੋਂ ਡਾਕਟਰੀ ਰਿਪੋਰਟ ਦੇ ਆਧਾਰ ਤੇ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ ਤਾਂ ਕਿ ਏਹ ਗਰੀਬ ਪਰਿਵਾਰ ਨੂੰ ਉਸ ਜੁਰਮ ਦੀ ਸਜਾ ਨਾ ਦਿੱਤੀ ਜਾਵੇ ਜੋ ਇਹਨਾਂ ਨੇ ਕੀਤਾ ਹੀ ਨਹੀ। ਸ੍ਰੀ ਬਸਰਾ ਨੇ ਕਿਹਾ ਜੇਕਰ ਪਰਿਵਾਰ ਦੀ ਨਾ ਸੁਣੀ ਗਈ ਤਾਂ ਪੁਲਿਸ ਦੁਆਰਾ ਦਬਾਅ ਵਿੱਚ ਆ ਕੇ ਦਰਜ ਕੀਤੇ ਝੂਠੇ ਪਰਚੇ ਨਾਲ ਏਹ ਪਰਿਵਾਰ ਬਰਬਾਦ ਹੋ ਜਾਵੇਗਾ ਜਿਹਨਾਂ ਦੀ ਸਾਢੇ ਤਿੰਨ ਸਾਲ ਦੀ ਮਾਸ਼ੂਮ ਲੜਕੀ ਦੀ ਖੱਬੀ ਲੱਤ ਇਸ ਘਟਨਾ ਵਿੱਚ ਟੁੱਟ ਗਈ ਜੋ ਹਸਪਤਾਲ ਵਿੱਚ ਜੇਰੇ ਇਲਾਜ ਹੈ। ਉਹਨਾਂ ਏਹ ਵੀ ਦੱਸਿਆ ਕਿ ਰਾਤੀਂ ਦੀ ਹੋਈ ਇਸ ਘਟਨਾ ਵਿੱਚ ਅਜੇ ਤੱਕ ਪੁਲਿਸ ਨੇ ਇਸ ਮਾਸ਼ੂਮ ਲੜਕੀ ਦੇ ਮਾਮਲੇ ਵਿੱਚ ਸਿਕਾਇਤ ਤੱਕ ਨਹੀ ਲਈ। ਇਸ ਮੌਕੇ ਜਨੱਰਲ ਸਕੱਤਰ ਪ੍ਰਗਣ ਬਿਲਗਾ, ਰਾਜਿੰਦਰ ਨਿੱਕਾ, ਮਾਸਟਰ ਰਾਮਾਨੰਦ, ਮਾਨ ਸਿੰਘ, ਸੁਖਦੇਵ ਸਿੰਘ, ਵਿੱਕੀ ਬਹਾਦਰਕੇ, ਹਰਕੀਰਤ ਸਿੰਘ, ਮਨੋਜ ਬਿਰਦੀ, ਮੇਨੂੰ ਰਾਮ ਅਤੇ ਹੋਰ ਹਾਜਰ ਸਨ।



# ਦੋਆਬੇ ਦਾ ਆਖਰੀ ਟਕਸਾਲੀ ਆਗੂ ਜਥੇਦਾਰ ਵਡਾਲਾ ਦਾ ਦੇਹਾਂਤ

## ਜਦੋਂ ਵਡਾਲਾ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਜਨਤਕ ਤੌਰ 'ਤੇ ਕਿਹਾ ਸੀ ਕਿ ਉਹ ਹੁਣ ਪ੍ਰਧਾਨਗੀ ਛੱਡ ਦੇਣ

**ਪਾਲ ਸਿੰਘ ਨੌਲੀ**

ਜਥੇਦਾਰ ਕੁਲਦੀਪ ਸਿੰਘ ਵਡਾਲਾ ਦੀ ਪਛਾਣ ਅਜਿਹੇ ਟਕਸਾਲੀ ਆਗੂ ਵਜੋਂ ਬਣੀ ਹੋਈ ਸੀ ਜਿਹੜਾ ਆਪਣੀ ਗੱਲ ਪੂਰੀ ਜੁਰਅੱਤ ਨਾਲ ਪਾਰਟੀ ਅੰਦਰ ਰੱਖਦਾ ਸੀ। ਰਾਜਸਥਾਨ ਦੇ ਰਾਜਪਾਲ ਰਹੇ ਦਰਬਾਰਾ ਸਿੰਘ ਦੇ ਭੋਗ 'ਤੇ ਜਦੋਂ ਕੁਲਦੀਪ ਸਿੰਘ ਵਡਾਲਾ ਨੇ ਪ੍ਰਕਾਸ਼ ਸਿੰਘ ਬਾਦਲ ਦੀ ਹਾਜ਼ਰੀ ਵਿਚ ਇਹ ਗੱਲ ਆਖੀ ਸੀ ਕਿ ਸਰਦਾਰ ਸਾਹਿਬ ਮਾਲਵੇ ਨੇ ਬਹੁਤ ਸਮਾਂ ਰਾਜ ਭਾਗ ਕਰ ਲਿਆ ਹੈ, ਹੁਣ ਦੋਆਬੇ ਦੀ ਵੀ ਵਾਰੀ ਆਉਣ ਦਿਓ। ਉਨ੍ਹਾਂ ਦਾ ਸਪੱਸ਼ਟ ਇਸ਼ਾਰਾ ਇਹ ਸੀ ਕਿ ਪ੍ਰਕਾਸ਼ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਛੱਡ ਦੇਣ ਤੇ ਦੋਆਬੇ ਵਿਚੋਂ ਕਿਸੇ ਅਕਾਲੀ ਆਗੂ ਨੂੰ ਇਹ ਜ਼ਿੰਮੇਵਾਰੀ ਸੌਂਪਣ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਨਾਲ ਉਨ੍ਹਾਂ ਦੀ ਅਣਬਣ ਹੋਣ ਨਾਲ ਜਥੇਦਾਰ ਵਡਾਲਾ ਨੇ ਡੈਮੋਕਰੇਟਿਕ ਅਕਾਲੀ ਦਲ ਬਣਾ ਕੇ ਵੱਖ ਹੋ ਗਏ ਸਨ। ਜਥੇਦਾਰ ਵਡਾਲਾ ਮੁੜ 2004 ਦੀਆਂ ਲੋਕ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਗਏ ਸਨ ਤੇ 2007 ਦੀ ਚੋਣ ਉਨ੍ਹਾਂ ਨੇ ਨਕੋਦਰ ਤੋਂ ਲੜੀ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪੱਖ ਵਿਚ ਹਵਾ ਹੋਣ ਦੇ ਬਾਵਜੂਦ ਵੀ ਉਹ ਨਕੋਦਰ ਤੋਂ ਇਹ ਚੋਣ ਹਾਰ ਗਏ ਸਨ। ਜਥੇਦਾਰ ਵਡਾਲਾ ਨੇ ਜਦੋਂ ਆਪਣਾ ਡੈਮੋਕਰੇਟਿਕ ਪਾਰਟੀ ਦਾ ਰਲੇਵਾ ਸ਼੍ਰੋਮਣੀ ਅਕਾਲੀ ਦਲ ਵਿਚ ਕਰ ਦਿੱਤਾ ਸੀ ਤਾਂ ਉਸ ਤੋਂ ਬਾਅਦ ਹੋਈਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੌਰਾਨ ਉਨ੍ਹਾਂ ਨੇ ਆਪਣੇ ਧੜੇ ਨੂੰ ਸ਼੍ਰੋਮਣੀ ਕਮੇਟੀ ਵਿਚ ਨੁਮਾਇੰਦਗੀ ਦਿਵਾਉਣ ਲਈ 12 ਟਿਕਟਾਂ ਦੀ ਮੰਗ ਕੀਤੀ ਸੀ ਪਰ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਨੂੰ ਇਕ ਵੀ ਟਿਕਟ ਨਹੀਂ ਸੀ ਦਿੱਤੀ। ਫਿਰ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ 'ਚ ਨਾਮਜ਼ਦ ਕਰਨ ਦਾ ਵਾਅਦਾ ਕੀਤਾ ਸੀ ਤੇ ਉਹ ਵਾਅਦਾ ਵੀ ਵਫ਼ਾ ਨਹੀਂ ਸੀ ਹੋ ਸਕਿਆ। ਸਾਲ 2009 ਦੀਆਂ ਲੋਕ ਸਭਾ ਚੋਣਾਂ 'ਚ ਜਥੇਦਾਰ ਵਡਾਲਾ ਨੇ ਪ੍ਰਕਾਸ਼ ਸਿੰਘ ਬਾਦਲ ਕੋਲੋਂ ਸ਼੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਟਿਕਟ ਦੀ ਮੰਗ ਕੀਤੀ ਸੀ ਪਰ ਉਨ੍ਹਾਂ ਦੀ ਇਹ ਮੰਗ ਵੀ ਪੂਰੀ ਨਹੀਂ ਸੀ ਕੀਤੀ ਗਈ। ਬੀਬੀ ਸੁਰਿੰਦਰ ਕੌਰ ਬਾਦਲ ਦਾ ਇਹ ਬਿਆਨ ਵੀ ਬੜਾ ਚਰਚਾ 'ਚ ਆਇਆ ਸੀ ਜਦੋਂ ਉਨ੍ਹਾਂ ਨੇ ਕਿਹਾ ਸੀ ਕਿ ਸੁਖਬੀਰ ਬਾਦਲ ਨੂੰ ਜੇ ਕੋਈ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਠਾ ਸਕਦਾ ਹੈ ਤਾਂ ਉਹ ਜਥੇਦਾਰ ਕੁਲਦੀਪ ਸਿੰਘ ਵਡਾਲਾ ਹੀ ਬਿਠਾ ਸਕਦਾ ਹੈ।



ਦੋਆਬੇ ਦੇ ਆਖਰੀ ਟਕਸਾਲੀ ਅਕਾਲੀ ਆਗੂ ਮੰਨੇ ਜਾਂਦੇ ਜਥੇਦਾਰ ਕੁਲਦੀਪ ਸਿੰਘ ਵਡਾਲਾ ਦਾ ਅੱਜ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਜਥੇਦਾਰ ਕੁਲਦੀਪ ਸਿੰਘ ਵਡਾਲਾ 86 ਵਰ੍ਹਿਆਂ ਦੇ ਸਨ। ਉਨ੍ਹਾਂ ਦੇ ਪੁੱਤਰ ਗੁਰਪ੍ਰਤਾਪ ਸਿੰਘ ਵਡਾਲਾ ਨਕੋਦਰ ਹਲਕੇ ਤੋਂ ਵਿਧਾਇਕ ਹਨ। ਜਥੇਦਾਰ ਵਡਾਲਾ ਦਾ ਅੰਤਮ ਸਸਕਾਰ ਉਨਾਂ ਦੇ ਵਿਦੇਸ਼ ਰਹਿੰਦੇ ਰਿਸ਼ਤੇਦਾਰਾਂ ਦੇ ਆਉਣ ਉਪਰੰਤ ਕੀਤਾ ਜਾਵੇਗਾ। ਜਥੇਦਾਰ ਕੁਲਦੀਪ ਸਿੰਘ ਵਡਾਲਾ ਦੀ ਅਗਵਾਈ ਹੇਠ ਬਣੀ ਗੁਰਦੁਆਰਾ ਕਰਤਾਰਪੁਰ ਸਾਹਿਬ ਰਾਵੀ ਦਰਸ਼ਨ ਅਭਿਲਾਸ਼ੀ ਸੰਸਥਾ ਵੱਲੋਂ ਡੇਢ ਦਹਾਕੇ ਤੋਂ ਲਗਾਤਾਰ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ ਤੱਕ ਖੁੱਲ੍ਹੇ ਲਾਂਘੇ ਦੀ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦੀ ਇਹ ਇੱਛਾ ਉਨ੍ਹਾਂ ਦੇ ਜਿਉਂਦੇ ਜੀਅ ਪੂਰੀ ਨਹੀਂ ਹੋ ਸਕੀ। ਸਾਲ 2012 ਤੇ 2017 'ਚ ਉਨ੍ਹਾਂ ਦੇ ਪੁੱਤਰ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਨਕੋਦਰ ਤੋਂ ਲਗਾਤਾਰ ਦੋ ਵਾਰ ਜਿੱਤ ਹਾਸਲ ਹੋਈ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਵੱਡੇ ਲੀਡਰਾਂ 'ਚ ਸਥਾਨ ਰੱਖਣ ਵਾਲੇ ਜਥੇਦਾਰ ਕੁਲਦੀਪ ਸਿੰਘ ਵਡਾਲਾ ਅਜਿਹੇ ਆਗੂ ਸਨ ਜਿਹੜੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਉਨ੍ਹਾਂ ਦੀ ਹਾਜ਼ਰੀ ਵਿਚ ਹੀ ਬਹੁਤ ਸਾਰੀਆਂ ਗੱਲਾਂ ਕਰਨ ਦੀ ਜੁਰਅੱਤ ਰੱਖਦੇ ਸਨ, ਜਿਹੜੇ ਕਿ ਆਮ ਆਗੂ ਕਹਿਣ ਤੋਂ ਵੀ ਡਰਦੇ ਸਨ। ਸੰਨ 1980 ਵਿਚ ਉਨ੍ਹਾਂ ਨੇ ਨਕੋਦਰ ਤੋਂ ਪਹਿਲੀ ਵਾਰ ਕਾਂਗਰਸ ਦੇ ਮੁੱਖ ਮੰਤਰੀ ਰਹੇ ਦਰਬਾਰਾ ਸਿੰਘ ਵਿਰੁੱਧ ਚੋਣ ਲੜੀ ਸੀ ਪਰ ਉਹ ਹਾਰ ਗਏ ਸਨ। 1985 ਵਿਚ ਉਨ੍ਹਾਂ ਨੇ ਫਿਰ ਨਕੋਦਰ ਤੋਂ ਚੋਣ ਲੜੀ ਤਾਂ ਉਹ ਚੋਣ ਜਿੱਤ ਗਏ ਸਨ। ਸਾਲ 1993 ਵਿਚ ਜਦੋਂ ਜਲੰਧਰ ਤੋਂ ਲੋਕ ਸਭਾ ਹਲਕੇ ਦੀ ਉਪ ਚੋਣ ਹੋਈ ਤਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਥੇਦਾਰ ਕੁਲਦੀਪ ਸਿੰਘ ਵਡਾਲਾ ਉਮੀਦਵਾਰ ਸਨ। ਉਨ੍ਹਾਂ ਵਿਰੁੱਧ ਉਨ੍ਹਾਂ ਦੇ ਹੀ ਚਚੇਰੇ ਭਰਾ ਉਮਰਾਓ ਸਿੰਘ ਨੇ ਕਾਂਗਰਸ ਵੱਲੋਂ ਚੋਣ ਲੜੀ ਸੀ ਪਰ ਇਹ ਚੋਣ ਜਥੇਦਾਰ ਵਡਾਲਾ ਹਾਰ ਗਏ ਸਨ।

# ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਜੂਨ 84 ਦਾ ਸਰਕਾਰੀ ਹਮਲਾ ਸਿੱਖਾਂ ਦੀ ਨਸਲਕੁਸ਼ੀ

**(ਸਫਾ 6 ਦੀ ਬਾਕੀ)**

ਮੰਨੀ ਤਾਂ ਪੰਜਾਬੀਆਂ ਖਾਸ ਕਰ ਸਿੱਖਾਂ ਨੂੰ ਧਰਮ ਯੁੱਧ ਮੋਰਚਾ ਲਾਉਣਾ ਤੇ ਵੱਧ ਅਧਿਕਾਰਾਂ ਲਈ ਅਨੰਦਪੁਰ ਦਾ ਮਤਾ ਪਾਸ ਕਰਨਾ ਪਿਆ। ਜਦ ਸਰਕਾਰ ਨੇ ਪੰਜਾਬੀਆਂ ਨੂੰ ਹੋਰ ਜਲੀਲ ਕੀਤਾ ਤਾਂ ਬੇਰੁਗਾਰ ਜਵਾਨਾਂ ਨੇ ਹਥਿਆਰ ਚੁੱਕ ਲਏ। ਭਾਰਤ ਸਰਕਾਰ ਘਬਰਾ ਗਈ ਤੇ ਉਸ ਨੇ ਇਸ ਮੂਵਮੈਂਟ ਨੂੰ ਫੇਲ ਕਰਨ ਲਈ ਸਿੰਘਾਂ ਦੇ ਰੂਪ ਚ ਆਪਣੇ ਜਸੂਸ ਵਾੜ ਦਿੱਤੇ ਜਿੰਨ੍ਹਾਂ ਨੇ ਡਾਕੇ ਮਾਰੇ, ਧੀਆਂ ਭੈਣਾਂ ਦੀਆਂ ਇਜ਼ਤਾ ਲੁੱਟੀਆਂ ਤੇ ਬੱਸਾਂ ਆਦਿਕ ਚੋਂ ਕੱਢ ਕੱਢ ਹਿੰਦੂ ਮਾਰੇ। ਜੁਝਾਰੂ ਆਗੂਆਂ ਚ ਫੁੱਟ ਪਾਈ ਤੇ ਬਹੁਤੇ ਝੂਠੇ ਮੁਕਾਬਲਿਆਂ ਮਰਾ ਤੇ ਫੜਾ ਦਿੱਤੇ। ਫਿਰ ਬਾਬਾ ਜਰਨੈਲ ਸਿੰਘ ਰੋਡੇ ਨੇ ਕਮਾਂਡ ਸੰਭਾਲ ਲਈ ਜੋ ਪਹਿਲੇ ਸਿਰਫ ਇੱਕ ਸੰਪਰਦਾ ਦਾ ਮੁਖੀ ਸੀ ਨੇ ਸੰਪਰਦਾ ਤੋਂ ਉੱਪਰ ਉੱਠ, ਜਨਰਲ ਸ਼ੁਬੇਗ ਸਿੰਘ ਨੂੰ ਨਾਲ ਲੈ, ਭਾਰਤੀ ਜ਼ਾਲਮ ਸਰਕਾਰ ਵਿਰੁੱਧ ਧੂਆਂਧਾਰ ਪ੍ਰਚਾਰ ਸ਼ੁਰੂ ਕਰ ਦਿੱਤਾ ਅਤੇ ਜੁਝਾਰੂਆਂ ਨੇ ਪੰਜਾਬ ਚ ਸਮਾਜ ਸੁਧਾਰ ਲਹਿਰ ਚਲਾ ਦਿੱਤੀ ਇੰਦਰਾ ਦੀ ਬਾਮਣੀ ਸਰਕਾਰ ਨੇ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਵਾਸਤੇ ਪੰਜਾਬ ਚ ਕਰਫਿਊ ਲਾ, ਜੂਨ 84 ਨੂੰ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਦਿਹਾੜੇ ਇਕਦਮ ਦਰਬਾਰ ਸਾਹਿਬ ਅੰਮ੍ਰਿਤਸਰ ਸਮੇਤ 37 ਗੁਰਦੁਆਰਿਆਂ ਗੁਰਧਾਮਾਂ ਤੇ ਤੋਪਾਂ ਟੈਂਕਾਂ ਸਟੇਨ ਗੰਨਾਂ ਨਾਲ ਲੈਸ ਫੌਜੀ ਹਮਲਾ ਕਰ ਦਿੱਤਾ।

ਇਹ ਕਹਿਰੀ ਹਮਲਾ 20ਵੀਂ ਸਦੀ ਵਿੱਚ ਲੜੀਆਂ ਗਈਆਂ ਦੁਨੀਆਂ ਦੀਆਂ ਅਣਸਾਂਵੀਆਂ ਜੰਗਾਂ ਵਿਚੋਂ ਇਕੋ ਸੀ। ਜੰਗੀ ਰਣਨੀਤੀ ਦੇ ਮਾਹਰ ਜੇ ਐਫ਼ ਫੂਲਰ ਦੀ ਪੁਸਤਕ ਪੱਛਮੀ ਦੁਨੀਆਂ ਦੇ ਨਿਰਣੈਜਨਕ ਜੰਗ ਦੇ ਅਧਿਐਨ ਉਪ੍ਰੰਤ ਵੀ ਅਜਿਹੀ ਕਿਸੇ ਜੰਗ ਦੀ ਕੋਈ ਮਿਸਾਲ ਨਹੀਂ ਮਿਲਦੀ ਜੋ ਦੋ ਅਣਸਾਂਵੀਆਂ ਜੰਗਾਂ ਸਿੱਖਾਂ ਵਲੋਂ ਲੜੀਆਂ ਗਈਆਂ ਸਨ। ਇੱਕ ਅਠਾਰਵੀਂ ਸਦੀ ਵਿੱਚ 21 ਦਸੰਬਰ 1704 ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿੱਚ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਤੇ ਦੂਜੀ ਬਾਬਾ ਜਰਨੈਲ ਸਿੰਘ ਦੀ ਅਗਵਾਈ ਹੇਠ 3 ਜੂਨ ਤੋਂ 6 ਜੂਨ ਤੱਕ ਸ੍ਰੀ ਦਰਬਾਰ ਸਾਹਿਬ ਦੀ ਹਦੂਦ ਵਿੱਚ ਭਾਰਤ ਦੀ ਅਤਿ ਆਧੁਨਿਕ ਫੌਜ ਨਾਲ ਲੜੀ ਗਈ ਸੀ।

ਜਦ 19 ਦਸੰਬਰ 1704 ਦੀ ਕਾਲੀ ਬੋਲੀ ਰਾਤ ਨੂੰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਵਲੋਂ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਗਿਆ ਤਾਂ ਸਰਸਾ ਨਦੀ ਦੇ ਕੰਢੇ ਪਰ ਮੁਗਲ ਫੌਜਾਂ ਨਾਲ ਹੋਏ ਖੂਨੀ ਜੰਗ ਵਿੱਚ ਹਜ਼ਾਰਾਂ ਸਿੰਘ ਸ਼ਹੀਦ ਹੋ ਗਏ ਸਨ ਤੇ ਸਾਰਾ ਪਰਿਵਾਰ ਖੇਰੂੰ ਖੇਰੂੰ ਹੋ ਗਿਆ ਸੀ। ਗੁਰੂ ਸਾਹਿਬ ਜੀ ਦੇ ਮਹਿਲ ਮਾਤਾਵਾਂ ਦਿੱਲੀ ਵੱਲ ਚਲੇ ਗਏ ਸਨ ਤੇ ਮਾਤਾ ਗੁਜ਼ਰ ਕੌਰ ਸਮੇਤ ਛੋਟੇ ਸਾਹਿਬਜ਼ਾਦੇ ਭਾ. ਜ਼ੋਰਾਵਰ ਸਿੰਘ ਅਤੇ ਭਾ. ਫਤਿਹ ਸਿੰਘ ਗੰਗੂ ਬਾਹਮਣ ਨਾਲ ਉਸ ਦੇ ਪਿੰਡ ਵੱਲ ਚਲੇ ਗਏ।

20 ਦਸੰਬਰ ਦਾ ਦਿਨ ਅਤੇ ਰਾਤ ਮੁਗਲ ਫ਼ੌਜਾਂ ਅਤੇ ਸਿੰਘਾਂ ਵਿਚਕਾਰ ਗਹਿ-ਗੱਚ ਭਿਆਨਕ ਲੜਾਈ ਹੁੰਦੀ ਰਹੀ। ਅਖ਼ੀਰ ਚਾਲੀ ਕੁ ਸਿੰਘ ਹੀ ਬਚੇ ਸਨ, ਜਿਨ੍ਹਾਂ ਸਮੇਤ ਗੁਰੂ ਜੀ 21 ਦਸੰਬਰ ਨੂੰ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਆ ਡਟੇ ਸਨ। ਉਸ ਵਕਤ ਦੇ ਇਤਿਹਾਸਕਾਰਾਂ ਅਨੁਸਾਰ ਮੁਗਲ ਫੌਜਾਂ ਦੀ ਗਿਣਤੀ ਦਸ ਲੱਖ ਦੇ ਕਰੀਬ ਸੀ। ਸਿੰਘਾਂ ਵਲੋਂ ਕੀਤੇ ਗਏ ਗੁਰਮਤੇ ਨੂੰ ਸਿਰ ਮੱਥੇ ਪ੍ਰਵਾਨ ਕਰਦੇ, ਗੁਰੂ ਸਾਹਿਬ ਤਾਂ ਗੜ੍ਹੀ ਦਾ ਘੇਰਾ ਤੋੜ, ਪੰਜ ਸਿੰਘਾਂ ਸਮੇਤ ਮਾਛੀਵਾੜੇ ਵੱਲ ਚਲੇ ਗਏ ਤੇ ਇਧਰ 22 ਨਵੰਬਰ ਚਮਕੌਰ ਦੀ ਗੜ੍ਹੀ ਦੇ ਸਾਹਮਣੇ ਮੈਦਾਨ ਵਿੱਚ ਸਿੰਘਾਂ ਅਤੇ ਮੁਗਲ ਫੌਜਾਂ ਦਰਮਿਆਨ ਦੁਨੀਆਂ ਦਾ ਅਣਸਾਵਾਂ ਯੁੱਧ ਲੜਿਆ ਗਿਆ। 5-5 ਦੀ ਗਿਣਤੀ ਵਿੱਚ ਸਿੰਘ ਗੜ੍ਹੀ ਵਿਚੋਂ ਨਿਕਲ ਕੇ ਮੁਗਲ ਫੌਜਾਂ ਪਰ ਟੁੱਟ ਪੈਂਦੇ ਤੇ ਸੈਂਕੜੇ ਮੁਗਲਾਂ ਨੂੰ ਪਾਰ ਬਲਾ ਕੇ ਆਪ ਵੀ ਮੈਦਾਨ ਏ ਜੰਗ ਵਿੱਚ ਸ਼ਹੀਦ ਹੋ ਜਾਂਦੇ ਸਨ। ਸ਼ਾਮ ਤੱਕ ਇਸ ਜੰਗ ਵਿੱਚ ਗੁਰੂ ਸਾਹਿਬਾਨ ਜੀ ਦੇ ਦੋਵੇਂ ਵੱਡੇ ਸਾਹਿਬਜ਼ਾਦਿਆਂ, ਭਾ. ਅਜੀਤ ਸਿੰਘ, ਭਾ. ਜੁਝਾਰ ਸਿੰਘ ਸਮੇਤ ਭਾ, ਜੀਵਨ ਸਿੰਘ ਅਤੇ ਭਾ. ਸੰਗਤ ਸਿੰਘ ਵਰਗੇ ਚਾਲੀ ਕੁ ਸਿੰਘ ਸ਼ਹੀਦ ਹੋ ਗਏ। ਇਹ ਦੁਨੀਆ ਦੀ ਨਿਰਣੈਜਨਕ ਜੰਗ ਸੀ, ਭਾਵੇਂ ਜਿੱਤ ਮੁਗਲ ਫੌਜਾਂ ਦੀ ਹੀ ਹੋਈ ਪਰ 40 ਸਿੰਘਾਂ ਦੇ ਹੌਸਲਿਆਂ ਨੇ ਸਿੱਖ ਭਾਈਚਾਰੇ ਨੂੰ ਇੱਕ ਅਦੁੱਤੀ ਮਨੋਬਲ ਬਖਸ਼ਿਆ ਕਿ ਗੁਰੂ ਦਾ ਸਾਜਿਆ ਇਕੱਲਾ ਸਿੰਘ ਸਚਮੁੱਚ ਹੀ ਸਵਾ ਲੱਖ ਨਾਲ ਲੜ ਸਕਦਾ ਹੈ, ਇਹੀ ਮਨੋਬਲ ਅੱਜ ਤੱਕ ਵੀ ਹਰ ਸਿੰਘ ਦੀ ਰੂਹਾਨੀ ਤਾਕਤ ਬਣਿਆ ਹੋਇਆ ਹੈ। ਇਸੇ ਕਰਕੇ ਸਿੱਖਾਂ ਨੇ 19ਵੀਂ ਸਦੀ ਵਿੱਚ ਆਪਣਾ ਰਾਜ ਭਾਗ ਕਾਇਮ ਕਰ ਲਿਆ ਸੀ।

ਸਿੱਖ ਫੌਜਾਂ ਵਲੋਂ 1845 ਈਸਵੀ ਨੂੰ ਸਭਰਾਵਾਂ ਤੇ ਮੁੱਦਕੀ ਦੇ ਮੈਦਾਨ 'ਚ ਦੁਨੀਆ ਦੀ ਆਧੁਨਿਕ ਅੰਗਰੇਜੀ ਫੌਜ ਦਾ ਟਾਕਰਾ ਕੀਤਾ ਸੀ ਤੇ ਇਸੇ ਮਨੋਬਲ ਸਦਕਾ 3 ਜੂਨ 1984 ਤੋਂ ਲੈ ਕੇ 6 ਜੂਨ ਤੱਕ ਦਰਬਾਰ ਸਾਹਿਬ ਦੀ ਹਦੂਦ ਅੰਦਰ ਬਾਬਾ ਜਰਨੈਲ ਸਿੰਘ ਤੇ ਜਨਰਲ ਸ਼ੁਬੇਗ ਸਿੰਘ ਦੀ ਅਗਵਾਈ ਵਿੱਚ ਮੁੱਠੀ ਭਰ ਮਰਜੀਵੜੇ ਸਿੰਘਾਂ ਵਲੋਂ ਦੁਨੀਆ ਦੀ ਅਤਿ ਆਧੁਨਿਕ ਭਾਰਤੀ ਫੌਜ ਦਾ ਟਾਕਰਾ ਕੀਤਾ ਗਿਆ। 10 ਫਰਵਰੀ 1845 ਨੂੰ ਸਭਰਾਵਾਂ ਦੀ ਫੈਸਲਾਕੁਨ ਜੰਗ ਵਿਚ ਸਿੱਖ ਜਰਨੈਲ ਸ. ਸ਼ਾਮ ਸਿੰਘ ਅਟਾਰੀਵਾਲਾ ਜਿਸ ਸੂਰਬੀਰਤਾ ਨਾਲ ਲੜਿਆ, ਉਸ ਜੰਗ ਦਾ ਅੱਖੀਂ ਡਿੱਠਾ ਹਾਲ ਬ੍ਰਿਗੇਡੀਅਰ ਵੀਲ੍ਹਰ ਨੇ ਇੰਝ ਬਿਆਨ ਕੀਤਾ ਹੈ- ਸਿੱਖ ਸਿਪਾਹੀ ਜਾਨ ਵਾਰੂ ਸੂਰਬੀਰਤਾ ਦੀ ਸੂਰਮਗਤੀ, ਮਜ਼ਬੀ ਸ਼ੈਦਾਈਆਂ ਦੇ ਜੋਸ਼ ਅਤੇ ਜਨੂੰਨੀ ਦੀਵਾਨਿਆਂ ਦੇ ਜੂਝ ਮਰਨ ਦੇ ਚਾਓ ਨਾਲ ਲੜੇ। ਉਨ੍ਹਾਂ ਜਾਣੋ ਸਹੁੰ ਖਾਧੀ ਹੋਈ ਸੀ ਕਿ ਜਾਂ ਤਾਂ ਜਿੱਤਾਂਗੇ, ਜਾਂ ਹੱਥ ਵਿੱਚ ਤਲਵਾਰ ਫੜੀ ਰਣਭੂਮੀ ਵਿਚ ਲੜਾਂਗੇ। ਮੈਦਾਨੇ ਜੰਗ ਵਿਚ ਚੱਪਾ ਚੱਪਾ ਥਾਂ ਬਦਲੇ ਉਨ੍ਹਾਂ ਨੇ ਆਪਣੀਆਂ ਜਾਨਾਂ ਵਾਰ ਦਿੱਤੀਆਂ। ਹੜ੍ਹ ਵਾਂਗ ਅੱਗੇ ਵਧਦੇ ਹੋਏ ਵੈਰੀਆਂ ਦੀਆਂ ਪਲਟਣਾਂ ਅਤੇ ਰਸਾਲਿਆਂ ਨੂੰ ਪਿੱਛੇ ਧੱਕ ਦਿੱਤਾ ਪਰ ਦਰਦੀ, ਈਮਾਨਦਾਰ ਅਤੇ ਯੋਗ ਫੌਜੀ ਅਫ਼ਸਰਾਂ ਦੀ ਗੈਰ ਹਾਜ਼ਰੀ ਵਿੱਚ ਛੋਟੇ-ਛੋਟੇ ਅਫ਼ਸਰ ਕਦ ਤੋੜੀ ਮੁਕਾਬਲਾ ਕਰ ਸਕਦੇ ਸਨ। ਵਿਸ਼ੇਸ਼ ਕਰਕੇ ਜਦ ਕਿ ਟਾਕਰੇ ਤੇ ਲਾਰਡ ਹਾਰਡਿੰਗ, ਲਾਰਡ ਗੱਫ਼ ਅਤੇ ਸਰ ਜਾਨ ਲਿਟਲਰ ਜੈਸੇ ਕਾਬਲ ਜਰਨੈਲ ਖੁਦ ਆਪਣੀ ਫੌਜ ਦੀ ਕਮਾਨ ਅਫ਼ਸਰੀ ਕਰ ਰਹੇ ਸਨ, ਸਿੱਟਾ ਇਹ ਨਿਕਲਿਆ ਕਿ ਅੰਗਰੇਜ਼ੀ ਫੌਜ ਨੇ ਖਾਲਸਾ ਫੌਜ ਦੇ ਮੋਰਚਿਆਂ ਤੇ ਕਬਜ਼ਾ ਕਰਨਾ ਆਰੰਭ ਦਿੱਤਾ, ਖ਼ਾਲਸੇ ਦੇ ਪੈਰ ਉਖੜ ਗਏ। ਓਧਰ ਰਣਭੂਮੀ ਵਿਚੋਂ ਬਚ ਕੇ ਨਿਕਲਣ ਦਾ ਕੋਈ ਵੀ ਰਾਹ ਨਹੀਂ ਸੀ। ਤੇਜਾ ਸਿੰਘ ਨੇ ਕਿਸ਼ਤੀਆਂ ਦਾ ਪੁਲ ਵੱਢ ਦਿੱਤਾ ਸੀ-"ਤੇਜਾ ਸਿੰਘ ਗਦਾਰ ਪੁਲ ਵੱਢ ਦਿੱਤਾ" ਹਜ਼ਾਰਾਂ ਸਿਪਾਹੀ ਆਪਣੀਆਂ ਬੰਦੂਕਾਂ ਅਤੇ ਸੰਗੀਨਾਂ ਸੁੱਟ ਕੇ ਦਰਿਆ ਸਤਲੁਜ ਵਿੱਚ ਠਿਲ੍ਹ ਪਏ ਕਿ ਤਰ ਕੇ ਪਾਰ ਹੋ ਜਾਣਗੇ ਪਰ ਨਿਰਦਈ ਵੈਰੀ ਨੇ ਦਰਿਆ ਵਿੱਚ, ਇਨ੍ਹਾਂ ਨਿਹੱਥਿਆਂ 'ਤੇ ਤੋਪਾਂ ਦੇ ਗੋਲੇ ਵਰਸਾਣੇ ਸ਼ੁਰੂ ਕਰ ਦਿੱਤੇ, ਜਿਸ ਨਾਲ ਹਜ਼ਾਰਾਂ ਸਿਪਾਹੀ ਮਾਰੇ ਗਏ।

ਅੰਗਰੇਜ਼ੀ ਫੌਜ ਦੇ ਸਭ ਤੋਂ ਵੱਡੇ ਜਰਨੈਲ ਕਮਾਂਡਰ ਇਨ ਚੀਫ਼ ਲਾਰਡ ਗੱਫ਼ ਨੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਸਰ ਰਾਬਰਟ ਪੀਲ ਨੂੰ ਲਿਖੀ ਨਿੱਜੀ ਚਿੱਠੀ ਵਿੱਚ ਇਸ ਜੰਗ ਬਾਰੇ ਇਉਂ ਲਿਖਿਆ ਸੀ-

ਮੇਰਾ ਅਹੁਦਾ ਅਤੇ ਪਦਵੀ ਇਸ ਗੱਲੋਂ ਵਰਜਦੇ ਸਨ ਕਿ ਮੈਂ ਸਿੱਖ ਫੌਜ ਦੀ ਉਸ ਸ਼ਾਨਦਾਰ ਬਹਾਦਰੀ, ਹੁਸ਼ਿਆਰੀ ਅਤੇ ਸ਼ਰਧਾ ਦਾ ਆਪਣੀਆਂ ਲਿਖਤਾਂ ਵਿੱਚ ਜ਼ਿਕਰ ਕਰਦਾ, ਜਿਸ ਨਾਲ ਉਨ੍ਹਾਂ ਨੇ ਸਾਡੀ ਫੌਜ ਦਾ ਮੁਕਾਬਲਾ ਕੀਤਾ, ਜਾਂ ਉਨ੍ਹਾਂ ਸਖਸ਼ੀ ਬਹਾਦਰੀਆਂ ਨੂੰ ਵਰਨਣ ਕਰਦਾ ਜੋ ਉਨ੍ਹਾਂ ਦੇ ਕੁਝ ਕੁ ਸਿਪਾਹੀਆਂ ਅਤੇ ਸਰਦਾਰਾਂ ਨੇ ਇਨ੍ਹਾਂ ਮੌਕਿਆਂ ਤੇ ਦਿਖਾਈਆਂ ਸਨ। ਜੇ ਇਸ ਮੌਕੇ ਤੇ ਮੈਨੂੰ ਸੱਚੇ ਦਿਲੋਂ ਇਹ ਵਿਸ਼ਵਾਸ਼ ਨਾ ਹੁੰਦਾ ਕਿ ਮੇਰੀ ਕੌਮ ਅਤੇ ਮੇਰੇ ਦੇਸ਼ ਦੀ ਕੁਰਬਾਨੀ ਲਈ ਇਹ ਜ਼ਰੂਰੀ ਹੈ ਕਿ ਖਾਲਸਾ ਫੌਜ ਖਤਮ ਹੋ ਜਾਵੇ, ਮੈਂ ਸੱਚ ਕਹਿੰਦਾ ਹਾਂ, ਕਿ ਇਸ ਪ੍ਰਕਾਰ ਦਾ ਜ਼ੁਲਮ ਭਰਪੂਰ ਅਤੇ ਨਿਰਵੈਰਤਾ ਭਰਿਆ ਕਤਲ ਜੋ ਡੁੱਬਦੇ ਹੋਏ ਸਿੰਘਾਂ ਦਾ ਕੀਤਾ ਗਿਆ, ਉਸ ਨੂੰ ਵੇਖ ਕੇ ਦਿਲ ਖੋਲ੍ਹ ਕੇ ਰੋਂਦਾ।

ਸ਼ਾਹ ਮੁਹੰਮਦ ਨੇ ਆਪਣੀ ਪੁਸਤਕ 'ਜੰਗ ਸਿੰਘਾਂ ਤੇ ਫਰੰਗੀਆਂ' ਵਿੱਚ ਖ਼ਾਲਸਾ ਫੌਜ ਦੀ ਬਹਾਦਰੀ ਇਉਂ ਬਿਆਨ ਕੀਤੀ-

ਮੇਵਾ ਸਿੰਘ ਤੇ ਮਾਘੇ ਖਾਂ ਹੋਏ ਸਿੱਧੇ,<br>
ਹੱਲੇ ਤਿੰਨ ਫਰੰਗੀਆਂ ਦੇ ਮੋੜ ਸੁੱਟੇ,<br>
ਸ਼ਾਮ ਸਿੰਘ ਸਰਦਾਰ ਅਟਾਰੀਵਾਲੇ,<br>
ਬੰਨ੍ਹ ਸ਼ਸਤਰੀ ਜੋੜ ਵਿਛੋੜ ਸੁੱਟੇ।<br>
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ<br>
ਵਾਂਗ ਨਿੰਬੂਆਂ ਖੂਨ ਨਿਚੋੜ ਸੁੱਟੇ।<br>
ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,<br>
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।<br>
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,<br>
ਜੇੜ੍ਹੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।<br>
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ<br>
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ'

3 ਜੂਨ 1984 ਨੂੰ ਦੋਵੇਂ ਪਾਸੀਂ ਫੌਜਾਂ ਤਾਂ ਭਾਰੀਆਂ ਨਹੀਂ ਸਨ ਪਰ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਹਦੂਦ ਵਿੱਚ ਬਾਬਾ ਜਰਨੈਲ ਸਿੰਘ ਦੀ ਅਗਵਾਈ ਵਿੱਚ ਡਟੇ ਸਿੰਘਾਂ ਦੇ ਹੌਸਲੇ ਇੰਨੇ ਬੁਲੰਦ ਸਨ ਕਿ ਉਨ੍ਹਾਂ ਨੇ ਮੁੜ ਚਮਕੌਰ ਦੀ ਗੜ੍ਹੀ ਅਤੇ ਸਭਰਾਵਾਂ ਵਾਲੇ ਸਾਕੇ ਤਾਜ਼ੇ ਕਰਵਾ ਦੇਣੇ ਸਨ।

ਉਘੇ ਸਿੱਖ ਚਿੰਤ ਸ੍ਰ. ਅਜਮੇਰ ਸਿੰਘ ਅਨੁਸਾਰ- ਫੌਜੀ ਦ੍ਰਿਸ਼ਟੀ ਤੋਂ ਦੇਖਿਆ ਇਹ ਟੱਕਰ ਸਰਾਸਰ ਬੇਮੇਚੀ ਅਤੇ ਨਫ਼ਰੀ ਦੇ ਹਿਸਾਬ ਨਾਲ, ਅਸਲੇ ਤੇ ਹਥਿਆਰਾਂ ਦੀ ਕੁਆਲਟੀ ਪੱਖੋਂ ਕੋਈ ਮੁਕਾਬਲਾ ਨਹੀਂ ਸੀ। ਇੱਕ ਪਾਸੇ ਦੁਨੀਆਂ ਦੀਆਂ ਸ਼ਕਤੀਸ਼ਾਲੀ ਫੌਜਾਂ ਵਿੱਚੋਂ ਗਿਣੀ ਜਾਂਦੀ ਭਾਰਤੀ ਫੌਜ ਜਿਸ ਕੋਲ ਟੈਂਕ, ਬਖਤਰਬੰਦ ਗੱਡੀਆਂ, ਹਵਾਈ ਜਹਾਜ਼, ਹੈਲੀਕਾਪਟਰ ਅਤੇ ਭਾਰੀ ਤੋਪਖਾਨਾ ਸੀ। ਭਾਰਤੀ ਫੌਜ ਦੀਆਂ ਕੁਲ ਮਿਲਾ ਕੇ ਸੱਤ ਡਵੀਜ਼ਨਾਂ ਨੂੰ ਲੜਾਈ ਲਈ ਲਾਮਬੰਦ ਕੀਤਾ ਗਿਆ। ਇਕੱਲੇ ਦਰਬਾਰ ਸਾਹਿਬ 'ਤੇ ਹਮਲੇ ਦੀ ਕਾਰਵਾਈ ਵਿੱਚ ਹੀ ਘੱਟੋ ਘੱਟ 15 ਹਜ਼ਾਰ ਫੌਜੀ ਜਵਾਨ ਸਿੱਧਾ ਹਿੱਸਾ ਲੈ ਰਹੇ ਸਨ। ਜ਼ਮੀਨੀ ਲਸ਼ਕਰ ਦੀ ਮਦਦ ਲਈ ਸਮੁੰਦਰੀ ਅਤੇ ਹਵਾਈ ਫੌਜ ਵੀ ਹਰਕਤ ਵਿੱਚ ਲਿਆਂਦੀ ਗਈ।

ਭਾਰਤੀ ਫੌਜ ਕੋਲ ਉਤਮ ਅਸਲੇ ਅਤੇ ਹਥਿਆਰਾਂ ਤੋਂ ਇਲਾਵਾ ਆਹਲਾ ਦਰਜੇ ਦੇ ਜਰਨੈਲ ਸਨ। ਵਾਧੇ ਦੀ ਗੱਲ ਇਹ ਕਿ ਸਮੁੱਚੀ ਸਰਕਾਰੀ ਮਸ਼ੀਨਰੀ ਫੌਜ ਦੀ ਸੇਵਾ ਵਿੱਚ ਹਾਜ਼ਰ ਸੀ। ਦੂਜੇ ਪਾਸੇ ਗਿਣਤੀ ਦੇ ਜੁਝਾਰੂ ਸਿੰਘ ਜਿਨ੍ਹਾਂ ਦੀ ਗਿਣਤੀ ਕਿਸੇ ਤਰ੍ਹਾਂ ਡੇਢ ਸੈਂਕੜੇ ਤੋਂ ਵਧ ਨਹੀਂ ਅਤੇ ਉਨ੍ਹਾਂ ਕੋਲ ਉਂਗਲਾਂ ਤੇ ਗਿਣਨ ਜੋਗੀਆਂ ਹਲਕੀਆਂ ਮਸ਼ੀਨਗੰਨਾਂ ਤੇ ਨਾਮਾਤਰ ਰਾਕਟ ਲਾਂਚਰ ਸਨ। ਬਾਕੀ ਸਾਧਾਰਨ ਕਿਸਮ ਦੀਆਂ ਰਾਈਫਲਾਂ ਤੇ ਹੱਥ ਗੋਲਿਆਂ (ਗਰਨੇਡ) ਤੋਂ ਬਿਨਾਂ ਉਨ੍ਹਾਂ ਕੋਲ ਹੋਰ ਹਥਿਆਰ ਨਹੀਂ ਸਨ। ਇਸ ਫੌਜੀ ਪੱਖ ਦੀ ਕਮਜ਼ੋਰੀ ਦੀ ਤੁਲਨਾ ਵਿੱਚ ਜੁਝਾਰੂ ਸਿੰਘਾਂ ਦੇ ਨੈਤਿਕ ਪੱਖ ਵਾਲਾ ਪੱਲੜਾ ਕਿਤੇ ਵੱਧ ਭਾਰੀ ਸੀ। ਭਾਰਤੀ ਫੌਜ ਕਹਿਣ ਨੂੰ ਭਾਵੇਂ ਦੇਸ਼ ਦੇ ਹਿੱਤਾਂ ਦੀ ਰੱਖਿਆ ਦੀ ਲੜਾਈ ਲੜ ਰਹੀ ਸੀ ਪਰ ਅਸਲੀਅਤ ਵਿੱਚ ਉਹ ਦੇਸ਼ ਦੇ ਨਹੀਂ ਸਗੋਂ ਧਿੰਗਾਣੇ ਹਾਕਮਾਂ ਦੇ ਪੱਖ ਦੀ ਲੜਾਈ ਸੀ। ਇਸ ਦੀ ਤੁਲਨਾ ਵਿੱਚ ਸਿੱਖ ਜੁਝਾਰੂ ਜਿਸ ਕਾਜ ਲਈ ਲੜ ਰਹੇ ਸਨ, ਉਹ ਸੱਚਾ ਸੀ। ਉਹ ਆਪਣੇ ਧਰਮ ਤੇ ਸੱਭਿਆਚਾਰ ਦੀ ਰਾਖੀ ਲਈ ਲੜ ਰਹੇ ਸਨ ਨਾਂ ਕਿ ਕਿਸੇ ਧਰਮ ਤੇ ਸੱਭਿਆਚਾਰ ਨੂੰ ਉਜਾੜਨ ਲਈ। ਉਨ੍ਹਾਂ ਅੰਦਰ ਲੜਨ ਦਾ ਨਿਸ਼ਕਾਮ ਜ਼ਜਬਾ, ਜੂਝ ਮਰਨ ਦਾ ਦ੍ਰਿੜ ਨਿਸ਼ਚਾ ਅਤੇ ਆਪਣੇ ਗੁਰੂ ਦੇ ਚਰਨਾਂ ਵਿੱਚ ਸ਼ਹੀਦ ਹੋ ਜਾਣ ਦਾ ਚਾਓ ਸੀ। ਇਸ ਕਰਕੇ ਸਿੰਘਾਂ ਨੇ ਬਹੁਤ ਥੋੜੀ ਨਫ਼ਰੀ ਤੇ ਮਾੜੇ ਹਥਿਆਰਾਂ ਦੇ ਬਾਵਜੂਦ ਭਾਰਤੀ ਫੌਜ ਦੇ ਹੱਲੇ ਨੂੰ ਬੁਰੀ ਤਰ੍ਹਾਂ ਪਛਾੜ ਕੇ ਰੱਖ ਦਿੱਤਾ।

ਅਖੀਰ 3 ਜੂਨ ਤੋਂ ਲੈ ਕੇ 6 ਜੂਨ ਤੱਕ ਜੁਝਾਰੂ ਸਿੰਘਾਂ ਵਲੋਂ ਫੌਜ ਦੇ ਕਹਿਰੀ ਹਮਲੇ ਪਛਾੜੇ, ਸੈਂਕੜੇ ਕਮਾਂਡੋ ਮਰੇ ਤੇ ਪ੍ਰਕਰਮਾ ਉਨ੍ਹਾਂ ਲਈ ਕਤਲਗਾਹ ਸਾਬਤ ਹੋਈ। ਫੌਜੀ ਕਮਾਂਡਰਾਂ ਵਲੋਂ 6 ਜੂਨ ਦੀ ਸਵੇਰ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਟੈਂਕਾਂ ਨਾਲ ਹਮਲਾ ਕਰਕੇ ਤੋਪ ਗੋਲੀਆਂ ਨਾਲ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ। ਜ਼ਖ਼ਮੀ ਹਾਲਤ ਵਿੱਚ ਬਾਬਾ ਜਰਨੈਲ ਸਿੰਘ ਤੇ ਜਨਰਲ ਸ਼ੁਬੇਗ ਸਿੰਘ ਕੋਲ ਸਿਰਫ਼ ਗਿਣਤੀ ਦੇ ਜੁਝਾਰੂ ਹੀ ਰਹਿ ਗਏ ਸਨ। ਅੰਤ ਇਨ੍ਹਾਂ ਜੁਝਾਰੂਆਂ ਨੇ ਅਰਦਾਸਾ ਸੋਧ ਕੇ ਭਾਰਤੀ ਫੌਜ ਨਾਲ ਨੰਗੇ ਧੜ ਲੜਨ ਦਾ ਫੈਸਲਾ ਕੀਤਾ। ਬਾਬਾ ਜਰਨੈਲ ਸਿੰਘ, ਭਾ. ਅਮਰੀਕ ਸਿੰਘ ਤੇ ਥੋੜੇ ਜਿਹੇ ਹੋਰ ਸਿੰਘ ਫਾਇਰਿੰਗ ਕਰਦੇ ਹੋਏ ਬਾਹਰ ਮੀਰੀ-ਪੀਰੀ ਦੇ ਨਿਸ਼ਾਨ ਸਾਹਿਬਾਨਾਂ ਕੋਲ ਪਹੁੰਚੇ ਜਿੱਥੇ ਉਹ ਆਹਮੋ ਸਾਹਮਣੀ ਲੜਾਈ ਵਿੱਚ ਜੂਝਦੇ ਸ਼ਹੀਦ ਹੋਏ। ਜਿਵੇਂ ਲਾਰਡ ਗੱਫ਼ ਨੇ ਸਭਰਾਵਾਂ ਦੇ ਮੈਦਾਨ ਵਾਲੇ ਸਿੰਘਾਂ ਦੀ ਸਿਫ਼ਤ ਕੀਤੀ ਸੀ ਉਵੇਂ ਜਨਰਲ ਬਰਾੜ ਵੀ ਕਹਿਣੋ ਨਾ ਰਹਿ ਸਕਿਆ ਕਿ ਮੈਂ ਆਪਣੇ ਫੌਜੀ ਜੀਵਨ ਦੇ 30 ਵਰ੍ਹਿਆਂ ਅੰਦਰ ਇਸ ਤਰ੍ਹਾਂ ਦੀ ਫਾਇਰ ਪਾਵਰ ਨਹੀਂ ਵੇਖੀ, ਪਾਕਿਸਤਾਨ ਨਾਲ ਜੰਗ ਦੇ ਦੌਰਾਨ ਵੀ ਨਹੀਂ।

**ਨੋਟ-** ਮੁਗਲਾਂ ਨੇ ਵੀ ਭਾਵੇਂ ਦਰਬਾਰ ਸਾਹਿਬ ਤੇ ਹਮਲੇ ਕੀਤੇ ਪਰ ਉਨ੍ਹਾਂ ਨੇ ਧਰਮ ਗ੍ਰੰਥ ਨਹੀਂ ਸਾੜੇ ਪਰ ਭਾਰਤੀ ਜਨੂਨੀ ਸਰਕਾਰ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ ਜੋ ਸਿੱਖ ਸਹਿਤ ਤੇ ਇਤਿਹਾਸ ਦਾ ਅਮੁੱਲ ਖਾਜ਼ਾਨਾ ਸੀ ਸਾੜਿਆ ਤੇ ਲੁੱਟਿਆ, ਲੱਖਾਂ ਨਿਹੱਥੇ ਸਿੱਖਾਂ ਨੂੰ ਮਾਰਿਆ ਤੇ ਜੇਲ੍ਹਾਂ ਚ ਸੁੱਟਿਆ ਤੇ ਧੀਆਂ ਭੈਣਾਂ ਦੀ ਇਜ਼ਤ ਲੁੱਟੀ।

ਇਸ ਦੇ ਫਲਸਰੂਪ ਜਦ ਸਿੰਘਾਂ ਨੇ ਇੰਦਰਾ ਗਾਂਧੀ ਤੇ ਜਨਰਲ ਵੈਦਿਆ ਨੂੰ ਮਾਰ ਦਿੱਤਾ ਤਾਂ ਸਾਰੇ ਭਾਰਤ ਵਿੱਚ ਸਿੱਖਾਂ ਨੂੰ ਚੁੱਣ ਚੁੱਣ ਕੇ ਮਾਰਿਆ, ਘਰ ਘਾਟ ਸਾੜੇ ਤੇ ਬੀਬੀਆਂ ਦੀਆਂ ਇਜ਼ਤਾਂ ਲੁੱਟੀਆਂ। ਅੱਜ 33 ਸਾਲਾਂ ਬਾਅਦ ਵੀ ਸਿੱਖ ਕਾਤਲਾਂ ਨੂੰ ਸਜਾਵਾਂ ਨਹੀਂ ਦਿੱਤੀਆਂ ਅਤੇ ਬੇਕਸੂਰ ਸਿੱਖ ਰਿਹਾ ਨਹੀਂ ਕੀਤੇ। ਸਗੋਂ ਡੇਰਵਾਦ ਨੂੰ ਸ਼ਹਿ ਦੇ ਕੇ, ਸਿੱਖਾਂ 'ਚ ਫੁੱਟ ਪਾ ਆਪਸੀ ਖਾਨਾ ਜੰਗੀ ਕਰਾ ਦਿੱਤੀ। ਡੇਰੇਦਾਰ ਪਾਖੰਡੀ ਸਾਧਾਂ ਨੂੰ ਬੜਾਵਾ ਦਿੱਤਾ ਜਿਸ ਕਰਕੇ ਬੁਚੜ ਦਰਬਾਰੇ ਤੇ ਫਿਰ ਭਾਜਪਾ ਦੇ ਝੋਲੀ ਚੁੱਕ ਬਾਦਲ ਦੀ ਬਾਮਣੀ ਸਰਕਾਰ ਬਣੀ। ਸਰਕਾਰ ਨੇ ਬਾਬਾ ਜਰਨੈਲ ਸਿੰਘ ਦੀ ਥਾਂ ਧੁੰਮੇ ਵਰਗੇ ਬਾਦਲ ਤੇ ਭਗਵੇ ਸਾਧਾਂ ਦੇ ਝਾੜੂ ਬਰਦਾਰ ਨੂੰ ਮੁਖੀ ਬਣਾ ਦਿੱਤਾ ਜੋ ਹੁਣ ਗੁਰਮਤਿ ਦੇ ਤੱਤ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਦਾ ਸਾਥੀ ਭਾ. ਭੂਪਿੰਦਰ ਸਿੰਘ ਮਾਰਿਆ ਤੇ ਸਿੱਖ ਪ੍ਰਚਾਰਕਾਂ ਨੂੰ ਮਾਰਨ ਦੀਆਂ ਸ਼ਰੇਆਮ ਧਮਕੀਆਂ ਦੇ ਰਹੇ ਹਨ। ਸਿੱਖਾਂ ਦੀ ਵੱਖਰੀ ਹੋਂਦ ਨੂੰ ਖਤਮ ਕਰਨ ਵਾਸਤੇ ਨਾਨਕਸ਼ਾਹੀ ਕੈਲੰਡਰ ਖਤਮ ਕੀਤਾ ਤੇ ਬ੍ਰਾਹਮਣੀ ਦੇਵੀ ਦੇਵਤਿਆ ਤੇ ਰਾਜਸ਼ਾ ਦੀ ਉਸਤਤਿ ਅਤੇ ਸ਼ੈਕਸੀ ਅਸ਼ਲੀਲਤਾ ਨਾਲ ਭਰਪੂਰ ਅਖੌਤੀ ਦਸਮ ਗ੍ਰੰਥ, ਗੁਰੂ ਗ੍ਰੰਥ ਦੇ ਬਰਾਬਰ ਧੱਕੇ ਨਾਲ ਪ੍ਰਮੋਟ ਕੀਤਾ ਜਾ ਰਿਹਾ ਹੈ। ਅਜੋਕੀ ਸ਼੍ਰੋਮਣੀ ਕਮੇਟੀ ਤੇ ਸਰਕਾਰੀ ਪੁਸਤਕਾਂ ਰਾਹੀਂ ਸਿੱਖ ਇਤਿਹਾਸ ਤੇ ਫਲਸਫਾ ਮਿਲਗੋਭਾ ਕੀਤਾ ਜਾ ਰਿਹਾ ਹੈ। ਪੰਜਾਬ ਤੇ ਚੰਡੀਗੜ੍ਹ ਦੇ ਸਕੂਲਾਂ, ਕਾਲਜਾਂ, ਸਰਕਾਰੀ ਦਫਤਰਾਂ ਅਤੇ ਮੀਡੀਏ ਚ ਹਿੰਦੀ ਘਸੋੜੀ ਜਾ ਰਹੀ ਹੈ।

ਸਾਡਾ ਕਲਚਰ ਗੰਦੇ ਗਾਣਿਆਂ ਨਾਲ ਤੇ ਹਿੰਦੀ ਸੰਸਕ੍ਰਿਤ ਦੇ ਸ਼ਬਦਾਂ ਨਾਲ ਮਾਂ ਬੋਲੀ ਵਿਗਾੜੀ ਜਾ ਰਹੀ ਹੈ। ਕਿਸਾਨ ਜੋ ਪੰਜਾਬ ਬਲਕਿ ਦੇਸ਼ ਦੀ ਰੀੜ ਦੀ ਹੱਡੀ ਹਨ ਨੂੰ ਤਬਾਹ ਕੀਤਾ ਜਾ ਰਿਹਾ ਹੈ। ਅੱਜ ਪੰਜਾਬ ਦੇ ਪਾਣੀਆਂ ਚ ਕੈਂਸਰ, ਵਿਦਿਆ ਅਤੇ ਮੈਡੀਕਲ ਦਾ ਬੁਰਾ ਹਾਲ ਹੈ। ਇਹ ਸਿੱਖ ਕੌਮ ਦੀ ਨਸਲਕੁਸ਼ੀ ਵਾਲਾ ਜੂਨ 84 ਦਾ ਹਮਲਾ ਸਿੱਖਾਂ ਦੇ ਹਿਰਦਿਆਂ ਚੋਂ ਕਦੇ ਵੀ ਨਹੀਂ ਭੁਲਾਇਆ ਅਤੇ ਨਾਂ ਹੀ ਭਾਰਤੀ ਸਰਕਾਰ ਨੂੰ ਅਨਿਆਂ ਕਰਕੇ ਬਖਸ਼ਿਆ ਜਾ ਸਕਦਾ ਹੈ।

# ਉੱਚ-ਕੋਟੀ ਦੀ ਮਹਾਨ ਅਦਾਕਾਰਾ ਸੀ- ਨੂਤਨ



ਨਵਜੋਤ ਬਜਾਜ ਗੱਗੂ
91-98721-02614

ਨੂਤਨ ਦਾ ਜਨਮ 4 ਜੂਨ 1936 ਨੂੰ ਮਸਹੂਰ ਅਭਿਨੇਤਰੀ ਸੋਭਨਾ ਸਮਰੱਥ ਦੀ ਕੁੱਖੋ ਹੋਇਆ।ਨੂਤਨ ਦੇ ਪਿਤਾ ਸ੍ਰੀ ਕੁਮਾਰ ਸੇਨ ਵੀ ਨਿਰਮਰਤਾ, ਨਿਰਦੇਸਕ ਤੇ ਸਫਲ ਅਭਿਨੇਤਾ ਸਨ।ਅਭਿਨੇਅ ਦੀ ਸੋਗਾਤ ਨੂਤਕ ਨੂੰ ਆਪਣੇ ਘਰ ਵਿੱਚੋ ਹੀ ਮਿਲੀ।ਨੂਤਨ ਦੀ ਫਿਲਮ 'ਨਲ ਦਮਯੰਤੀ' ਜੋ ਕਿ 1945 ਵਿੱਚ ਜਨਕ ਪਿਕਚਰਜ ਦੇ ਬੈਨਰ ਹੇਠ ਪਿਤਾ ਕੁਮਾਰ ਸੇਨ ਦੇ ਨਿਰਦੇਸਨ ਹੇਠ ਬਣੀ ਤੇ ਉਹ ਫਿਲਮੀ ਦੁਨੀਆ ਨਾਲ ਜੁੜ ਗਈ।ਬਾਲ ਕਲਾਕਾਰ ਦੇ ਰੂਪ ਵਿੱਚ ਨੂਤਨ ਦੀ ਇਹ ਪਹਿਲੀ ਫਿਲਮ ਸੀ। ਇਸ ਫਿਲਮ ਦੇ ਹੀਰੋ ਪ੍ਰਿਥਵੀ ਰਾਜ ਕਪੂਰ ਸਨ ਅਤੇ ਨਾਇਕ ਸੋਭਨਾ ਸੇਨ ਸੀ।ਸੰਗੀਤ ਨੂੰ ਅੰਗ-ਅੰਗ ਵਿੱਚ ਵਸਾ ਲੈਣ ਵਾਲੀ ਨੂਤਨ ਫਿਲਮ ਜਗਤ ਦੀ ਅਤਿ ਸੰਵੇਦਨਸੀਲ ਤੇ ਪਹਿਲੀ ਗਲੈਮਰਸ ਅਭਿਨੇਤਰੀ ਸੀ।

ਬਤੌਰ ਅਭਿਨੇਤਰੀ ਨੂਤਨ ਦੀ 1950 ਵਿੱਚ ਪ੍ਰਦਰਸਤ ਹੋਈ ਫਿਲਮ 'ਮਹਾਰੀ ਬੇਟੀ' ਸੀ। ਇਸ ਫਿਲਮ ਦਾ ਨਿਰਦੇਸਕ ਉਸ ਦੀ ਮਾਂ ਸੋਭਨਾ ਸਮਰੱਥ ਨੇ ਸੋਭਨਾ ਪਿਕਚਰਜ ਦੇ ਬੈਨਰ ਹੇਠ ਕੀਤਾ ਸੀ। ਨੂਤਨ ਦੀਆਂ ਸੁਰੂਆਤੀ ਫਿਲਮਾ 'ਨਗੀਨਾ' 'ਸੀਸਮ' 'ਹੰਗਾਮਾ' 'ਆਗੋਸ' ਆਦਿ ਸਨ। 'ਨਗੀਨਾ' ਸਸਪੈਂਸ ਫਿਲਮ ਸੀ ਜੋ ਨੂਤਨ ਖੁਦ ਨਾਬਾਲਗ ਹੋਣ ਕਰਕੇ ਵੇਖ ਨਹੀ ਸਕੀ ਸੀ। ਨੂਤਨ ਦੀਆ ਕਲਾਸਿਕ ਫਿਲਮਾ 'ਬਦਿੰਨੀ ਤੇ



'ਸਜਾਤਾ' ਨੇ ਦਰਸਕਾ ਦੇ ਦਿਲਾ ਤੇ ਰਾਜ ਕੀਤਾ। ਉਸ ਸਮੇ ਅਭਿਨੈ ਨੂੰ ਸਟਾਈਲਾਈਜ ਨਹੀ ਬਲਕਿ ਕਰੈਕਟਰਾਈਜ ਕੀਤਾ ਜਾਦਾ ਸੀ। ਆਪਣੀ ਸਹਿਜ ਤੇ ਕੁਦਰਤੀ ਅਦਾਕਾਰੀ ਦੀ ਬਦੋਲਤ ਨੂਤਨ ਸਿਨਮੇ ਪ੍ਰੇਮੀਆ ਦੇ ਦਿਲਾ ਵਿੱਚ ਵਸ ਰਹੀ ਹੈ।ਇਸ ਅਭਿਨੇਤਰੀ ਦੀ ਲਾਜਵਾਬ ਕਲਾ ਤੇ ਵਿਲੱਖਣ ਅਭਿਨੈ ਨੂੰ ਅੱਜ ਵੀ ਯਾਦ ਕੀਤਾ ਜਾਦਾ ਹੈ।

ਨੂਤਨ ਦੀਆਂ ਹਿਟ ਫਿਲਮਾਂ ਵਿੱਚ 'ਹਮ ਲੋਗ, ਸਬਾਬ, ਲੈਲਾ ਮਜਨੂੰ, ਆਖਰੀ ਦਾਂਵ, 'ਸੋਨੇ ਕੀ ਚਿੜੀਆ, ਛਬੀਲੀ' ਆਦਿ ਸਨ।ਨੂਤਨ ਨੇ ਸੁਨੀਲ ਦੱਤ ਨਾਲ 'ਸੁਜਾਤਾ, ਖਾਨਦਾਨ, ਮੇਹਰਬਾਨ, ਮਿਲਨ, ਗੌਰੀ, ਭਾਈ ਬਹਿਨ, ਆਦਿ ਫਿਲਮਾਂ ਅਤੇ ਰਾਜਕਪੂਰ ਨਾਲ ਬਤੌਰ ਹੀਰੋਇਨ 'ਕਨਈਆ, ਅਨਾੜੀ, ਦਿਲਹੀ ਤੋ ਹੈ' ਫਿਲਮਾ ਕੀਤੀ । 'ਬੰਦਿਨੀ, ਸੂਰਤ ਔਰ ਸੀਰਤ, ਦਿਲ ਨੇ ਫਿਰ ਯਾਦ ਕੀਆ' ਦੁਲਹਨ ਏਕ ਰਾਤ ਕੀ, ਧਰਮੇਦਰ ਨਾਲ ਤੇ ਛਲੀਆ, ਲਾਟ ਸਾਹਿਬ' ਸਮੀਕਪੂਰ ਨਾਲ ਕੀਤੀਆ। 1956, 1963, 1967 ਅਤੇ 1978 ਵਿੱਚ ਅਲੱਗ-ਅਲੱਗ ਫਿਲਮਾ ਲਈ ਨੂਤਨ ਨੂੰ ਸਰਬੋਤਮ ਅਭਿਨੇਤਰੀ ਦਾ ਫਿਲਮ ਫੇਅਰ ਪੁਰਸਕਾਰ ਮਿਲਿਆ। ਸਾਲ 1986 ਵਿੱਚ 'ਮੇਰੀ ਜੰਗ' ਲਈ ਨੂਤਨ ਨੂੰ ਅਸਾਧਾਰਨ ਅਭਿਨੈ ਲਈ ਸਨਮਾਨਤ ਕੀਤਾ ਗਿਆ। ਨੂਤਨ ਨੇ ਬਤੌਰ ਗਾਇਕਾ ਕਈ ਫਿਲਮਾਂ ਵਿੱਚ ਗੀਤ ਵੀ ਗਾਏ। ਨੂਤਨ ਨਿਰਸੰਦੇਹ ਉੱਚ-ਕੋਟੀ ਦੀ ਮਹਾਨ ਅਦਾਕਾਰਾ ਸੀ।ਇਸ ਮਹਾਨ ਅਦਾਕਾਰਾ ਦਾਨਾ ਦੁਨੀਆ ਤੇ ਹਮੇਸਾ ਚਮਕਦਾ ਰਹੇਗਾ।

# ਦਿਲ ਟੂੰਬਵੀ ਅਤੇ ਸੁਰੀਲੀ ਆਵਾਜ- ਮਨਜਿੰਦਰ ਢਿੱਲੋਂ

ਕਈ ਇਨਸਾਨਾਂ ਦੇ ਗਲੇ ਵਿੱਚ ਵਾਹਿਗੁਰੂ ਨੇ ਸੁਰੀਲਾਪਣ ਦੀ ਬਖਸ਼ਿਸ਼ ਕੀਤੀ ਹੁੰਦੀ ਹੈ।ਜਦੋਂ ਉਸਤਾਦ ਦੀਆਂ ਸੁਹਜਮਈ ਸੰਗੀਤਕ ਸਾਜਾਂ ਦੀਆਂ ਵੰਨਗੀਆਂ ਚ ਉਸ ਆਵਾਜ਼ ਨੂੰ ਸੰਵਾਰ ਕੇ ਅਤੇ ਸੰਗੀਤਕ ਧੁਨਾਂ ਢਾਲ ਕੇ ਸਰੋਤਿਆਂ ਦੇ ਰੂਬਰੂ ਕੀਤਾ ਜਾਂਦਾ ਹੈ ਤਾਂ ਉਹ ਸੁਰੀਲੀ ਅਤੇ ਮਧੁਰ ਆਵਾਜ਼ ਹਰ ਇੱਕ ਦੀ ਰੂਹ ਨੂੰ ਟੂੰਬਦੀ ਹੈ। ਅਜਿਹੀ ਹੀ ਸੁਰੀਲੀ, ਪਰਪੱਕ, ਮਿਠਾਸ ਭਰੀ, ਸ਼ੋਰ ਸ਼ਰਾਬੇ ਤੋਂ ਮੁਕਤ ਅਤੇ ਸੋਹਜਮਈ ਆਵਾਜ਼ ਦਾ ਮਾਲਕ ਹੈ-ਗਾਇਕ ਮਨਜਿੰਦਰ ਢਿੱਲੋਂ।

ਸ਼ਾਹੀ ਸ਼ਹਿਰ ਪਟਿਆਲਾ ਦਾ ਇਹ ਸੋਹਣਾ ਸੁਨੱਖਾ ਗੱਭਰੂ ਪੰਜਾਬੀ ਗਾਇਕੀ ਇਸ ਤਿਲਕਣੇ ਪਿੜ੍ਹ ਚ ਗਾਇਕੀ ਦੀਆਂ ਬਾਰੀਕੀਆਂ ਤੋਂ ਜਾਣੂ ਹੋ ਕੇ ਆਇਆ ਹੈ। ਉਸਨੂੰ ਉਸਤਾਦ ਨੇ ਸੰਗੀਤ ਦੇ ਰਿਆਜ਼ ਦੀ ਕੁਠਾਲੀ ਵਿੱਚ ਪਾਕੇ ਚੰਡਿਆ ਹੈ।ਉਸਦੀ ਆਵਾਜ਼ ਨੂੰ ਸੰਗੀਤਕ ਸੁਰਾਂ ਚ ਬੱਝਣ ਲਈ




ਅਤੇ ਸਰੋਤਿਆਂ ਦੀ ਰੂਹ ਨੂੰ ਟੂੰਬਣ ਦੇ ਯੋਗ ਬਣਾਇਆ ਹੈ। ਉਹ ਜਦੋਂ ਸੁਰ ਅਤੇ ਲੈਅ ਚ ਸੰਗੀਤ ਧੁਨਾਂ ਨਾਲ ਗੀਤ ਗਾਉਂਦਾ ਹੈ ਤਾਂ ਸਰੋਤਿਆਂ ਨੂੰ ਕੀਲ ਲੈਣ ਦੀ ਸਮਰੱਥਾ ਰੱਖਦਾ ਹੈ।

ਅਜੋਕੇ ਦੌਰ ਦੇ ਸ਼ੋਰ ਸ਼ਰਾਬੇ ਅਤੇ ਅਸੱਭਿਅਕ ਗੀਤਾਂ ਦੇ ਲੇਬਲ ਤੋਂ ਮੁਕਤ ਮਨਜਿੰਦਰ ਢਿੱਲੋਂ ਆਪਣੇ ਨਵੇਂ ਗੀਤ "ਸੰਧੂਰੀ ਰੰਗ" ਨਾਲ ਸਰੋਤਿਆਂ ਦੇ ਦਿਲਾਂ ਦੀ ਕਸਵੱਟੀ ਤੇ ਖਰਾ ਉਤਰਨ ਅਤੇ ਲੋਕ ਦਿਲਾਂ ਚ ਆਪਣੀ ਵੱਖਰੀ ਪਛਾਣ ਬਣਾਉਣ ਚ ਕਾਮਯਾਬ ਹੀ ਨਹੀਂ ਹੋਇਆ, ਬਲਕਿ ਸੱਭਿਆਚਾਰ ਦੀ ਵੰਨਗੀ ਦੀ ਬਾਤ ਵੀ ਪਾ ਗਿਆ ਹੈ।ਸਾਹਿਤਕ ਸ਼ਖਸੀਅਤਾਂ ਅਤੇ ਪੰਜਾਬੀ ਮਾਂ ਬੋਲੀ ਦੇ ਸਮੱਰਥਕਾਂ ਦੀਆਂ ਮਹਿਫਲਾਂ ਚ ਵੀ ਚਰਚਾ ਕਰਵਾ ਗਿਆ ਹੈ।

"ਤੇਰਾ ਰੰਗ ਵੇ ਸੰਧੂਰੀ ਵਾਜਾ ਮਾਰਦੈ
ਮੈਨੂੰ ਟਿੱਬਿਆਂ ਦੀ ਰੇਤ ਜਿਹੀ ਨੂੰ"

ਗੀਤਕਾਰ ਵੀਰਪਾਲ ਥਿੰਦ ਨੇ ਖੂਬਸੂਰਤ ਸ਼ਬਦਾਂ ਨੂੰ ਮਾਲਾ ਰੂਪੀ ਗੀਤ ਚ ਪ੍ਰੋਰਿਆ ਹੈ।ਗੀਤ ਨੂੰ ਮਨਮੋਹਕ ਸੰਗੀਤ ਧੁਨਾਂ ਚ ਬੀਟ ਪਲੇਅਰ ਨੇ ਸ਼ਿੰਗਾਰਿਆ ਹੈ।ਮਨਦੀਪ ਪਨੇਸਰ ਅਤੇ ਯਾਹੀਦ ਹੁਸੈਨ ਦੀ ਨਿਰਦੇਸ਼ਨ ਹੇਠ ਐਮ ਪੀ ਕਰੀਏਸ਼ਨਜ ਨੇ ਸੱਭਿਆਚਾਰਕ ਕਦਰਾਂ ਕੀਮਤਾਂ ਨੂੰ ਮੱਦੇਨਜ਼ਰ ਰੱਖਦਿਆਂ ਪੰਜਾਬੀ ਮਹੌਲ ਚ ਵੀਡੀਓ ਬਣਾਈ ਹੈ। ਜੱਸ ਰਿਕਾਰਡਜ ਅਤੇ ਜਸੀਰਪਾਲ ਸਿੰਘ ਦੀ ਇਹ ਮਾਣਮੱਤੀ ਪੇਸ਼ਕਸ਼ ਨੂੰ ਸਰੋਤਿਆਂ ਦਾ ਖੂਬ ਪਿਆਰ ਮਿਲ ਰਿਹਾ ਹੈ। ਭਵਿੱਖ ਚ ਵੀ ਉਸਦੀ ਸੁਰੀਲੀ ਅਤੇ ਦਮਦਾਰ ਗਾਇਕੀ ਤੋਂ ਬਹੁਤ ਉਮੀਦਾਂ ਹਨ।



ਸਤਨਾਮ ਸਿੰਘ ਮੱਟੂ
91-97797-08257

## ਕਹਾਣੀ

# ਆਖਰੀ ਸਾਹ

ਕੁਲਵਿੰਦਰ ਕੌਰ ਮਹਿਕ



ਪਿੰਡ ਦੇ ਬਾਹਰੋ-ਬਾਹਰ ਵੱਡੀ ਫਿਰਨੀ ਵੱਲ ਤਾਏ ਅਮਰ ਸਿੰਘ ਦੀ ਵੱਡੀ ਹਵੇਲੀ ਸੀ। ਤਾਏ ਅਮਰ ਸਿੰਘ ਕੋਲ ਕਾਫੀ ਜਮੀਨ-ਜਾਇਦਾਦ ਹੋਣ ਕਾਰਨ ਨਾਲ ਦੇ ਪਿੰਡਾਂ ਵਾਲੇ ਵੀ ਤਾਇਆ ਜੀ ਨੂੰ 'ਵੱਡੀ ਹਵੇਲੀ ਵਾਲਾ ਸਰਦਾਰ' ਆਖਦੇ ਸਨ। ਘਰ ਦੇ ਕੰਮਾਂ-ਕਾਰਾਂ ਲਈ ਵੀ ਤਾਇਆ ਜੀ ਨੇ ਨੌਕਰ ਰੱਖੇ ਹੋਏ ਸਨ। ਉਨ੍ਹਾਂ ਕੋਲ ਪਰਿਵਾਰ ਵਿੱਚ ਇੱਕ ਪੁੱਤਰ ਅਤੇ ਇੱਕ ਧੀ ਤੋਂ ਇਲਾਵਾ ਉਨ੍ਹਾਂ ਦੇ ਬਜੁਰਗ ਮਾਤਾ-ਪਿਤਾ ਜੀ ਵੀ ਸਨ। ਤਾਇਆ ਜੀ ਬਹੁਤ ਨੇਕ- ਦਿਲ ਅਤੇ ਸ਼ਰੀਫ ਸੁਭਾ ਵਾਲੇ ਮਿਲਣਸਾਰ ਇਨਸਾਨ ਸਨ।

ਸਮਾਂ ਬੀਤਦਾ ਗਿਆ। ਤਾਇਆ ਜੀ ਦੇ ਬੱਚੇ ਜਵਾਨ ਹੋ ਗਏ। ਉਹ ਸ਼ਹਿਰਾਂ ਦੇ ਵੱਡੇ ਸਕੂਲਾਂ ਅਤੇ ਕਾਲਜਾਂ ਵਿੱਚ ਪੜਨ ਕਾਰਨ ਪਿੰਡ ਦੀ ਹਵੇਲੀ ਵਿੱਚ ਰਹਿਣਾ ਪਸੰਦ ਨਹੀਂ ਸਨ ਕਰਦੇ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਬੱਚੇ ਵਿਦੇਸ਼ ਪੜ੍ਹਨ ਚਲੇ ਗਏ। ਉਹਨਾਂ ਨੇ ਉਥੇ ਹੀ ਆਪਣਾ ਬਿਜਨੈਸ ਸੈਟ ਕਰ ਲਿਆ। ਤਾਇਆ ਜੀ ਨੇ ਬੇਟੀ ਸਤਬੀਰ ਦਾ ਵਿਆਹ ਬੜੇ ਲਾਡਾਂ-ਚਾਵਾਂ ਨਾਲ ਕੀਤਾ, ਜਿਹੜੀ ਕਿ ਬਾਅਦ ਵਿੱਚ ਆਪਣੇ ਪਤੀ ਨਾਲ ਵਿਦੇਸ਼ ਚਲੇ ਗਏ ਸੀ। ਤਾਇਆ ਜੀ ਦਾ ਬੇਟਾ ਸੁਖਵੰਤ ਜੋ ਵਿਦੇਸ਼ ਵਿੱਚ ਚੰਗਾ ਬਿਜਨੈਸ ਚਲਾ ਰਿਹਾ ਸੀ, ਉਸਨੇ ਵਿਦੇਸ਼ ਵਿੱਚ ਹੀ ਆਪਣੀ ਮਨ-ਪਸੰਦ ਕੁੜੀ ਨਾਲ ਵਿਆਹ ਕਰਵਾ ਲਿਆ ਅਤੇ ਬਾਅਦ ਵਿੱਚ ਵਤਨ ਪਰਤ ਕੇ ਉਸਨੇ ਆਪਣੇ ਮਾਤਾ-ਪਿਤਾ ਦਾ ਅਸ਼ੀਰਵਾਦ ਲੈ ਲਿਆ।

ਅੱਜ ਹੁਣ ਜਦ ਕਿ ਬੱਚੇ ਸੱਤ ਸਮੰਦਰੋਂ ਪਾਰ ਅੱਖਾਂ ਤੋਂ ਦੂਰ ਜਾ ਬੈਠੇ ਸਨ ਤਾਂ ਤਾਏ ਅਮਰ ਸਿੰਘ ਦੀਆਂ ਸਾਰੀਆਂ ਰੀਝਾਂ ਮਿੱਟੀ ਵਿੱਚ ਮਿਲ ਗਈਆ ਜਾਪ ਰਹੀਆਂ ਸਨ। ਪੈਸਾ, ਜਮੀਨ, ਹਵੇਲੀ ਆਦਿ ਸਭੇ ਮਿੱਟੀ ਹੀ ਜਾਪ ਰਿਹਾ ਸੀ, ਉਸਨੂੰ। ਬਜੁਰਗ ਮਾਤਾ-ਪਿਤਾ ਉਮਰ ਭੋਗਦੇ ਸੰਸਾਰ ਤੋਂ ਤੁਰ ਗਏ ਸਨ। ਜਿਹੜੀ ਹਵੇਲੀ ਵਿੱਚ ਹਰ ਸਮੇਂ ਰੌਣਕ ਲੱਗੀ ਰਹਿੰਦੀ ਸੀ, ਅੱਜ ਦਿਨ ਉਹ ਵੀ ਖਾਲੀ ਸੁੰਨ-ਮੁਸਾਨ ਜਿਹੀ ਬਣੀ ਪਈ ਸੀ। ਇੰਝ ਲੱਗਦਾ ਸੀ ਜਿਓਂ ਹਵੇਲੀ ਨਹੀਂ ਬਲਕਿ ਕੋਈ ਖੰਡਰਾਤ ਹੋਵੇ। ਉਹ ਹੁਣ ਜਦੋਂ ਵੀ ਤਾਈ ਜੀ ਦੇ ਉਦਾਸ ਚਿਹਰੇ ਵੱਲ ਦੇਖਦੇ ਤਾਂ ਉਸਨੂੰ ਹੌਸਲਾ ਦਿੰਦੇ ਹੋਏ ਕਹਿੰਦੇ, 'ਕਮਲੀਏ ਇੱਕ ਦਿਨ ਸੰਸਾਰ ਵਿੱਚ ਇਕੱਲੇ ਆਏ ਸੀ ਅਤੇ ਇਕੱਲੇ ਹੀ ਤੁਰ ਜਾਣਾ ਹੈ, ਫਿਰ ਬੱਚਿਆਂ ਦਾ ਮੋਹ ਕਿਓਂ ਕਰਨਾ!'

ਬੇਸ਼ਕ ਅੰਦਰੋਂ ਤਾਂ ਤਾਇਆ ਜੀ ਵੀ ਟੁੱਟੇ ਹੋਏ ਸਨ ਪਰ ਤਾਈ ਨੂੰ ਉਦਾਸ ਬੈਠੀ ਵੇਖ ਕੇ ਧੀਰਜ ਜਿਹਾ ਬੰਨ੍ਹਾਉਣ ਲੱਗ ਜਾਂਦੇ ਸਨ, ਤਾਈ ਦਾ। ਪਰ, ਤਾਈ ਧੀਮੀ ਜਿਹੀ ਅਵਾਜ ਵਿੱਚ ਆਖਦੀ, 'ਲੋਕੀਂ ਬੱਚੇ ਵਿਦੇਸ਼ਾਂ ਵਿੱਚ ਭੇਜਣ ਲਈ ਹੀ ਪਾਲਦੇ ਹਨ! ਸਾਡੇ ਚਾਅ ਅਤੇ ਰੀਝਾ ਤਾਂ ਕਦੇ ਪੂਰੀਆਂ ਹੀ ਨਹੀਂ ਹੋਈਆਂ, ਬੱਚਿਆਂ ਨਾਲ। ਹੋਰ-ਤਾਂ-ਹੋਰ ਅਸੀਂ ਤਾਂ ਮੂੰਹ ਦੇਖਣ ਤੋਂ ਵੀ ਤਰਸ ਗਏ ਉਨ੍ਹਾਂ ਦਾ।

ਬੇਟੀ ਸਤਬੀਰ ਦਾ ਹੀ ਹੁਣ ਸਾਲਾ ਪਿੱਛੋ ਗੇੜਾ ਲੱਗੂ ਅਤੇ ਬੇਟਾ ਤਾਂ ਆਪਣੇ ਬਿਜਨੈਸ ਵਿੱਚ ਹੀ ਬਿਜੀ ਹੋ ਗਿਆ ਹੈ। ਸਾਨੂੰ ਜਿਸ ਸਮੇਂ ਬੱਚਿਆਂ ਦੀ ਮਦਦ ਦੀ ਲੋੜ ਹੈ, ਉਹ ਹੁਣ ਸੱਤ ਸਮੁੰਦਰੋਂ ਪਾਰ ਜਾ ਕੇ ਬੈਠ ਗਏ ਹਨ।' ਫਿਰ ਖੁਦ ਹੀ ਮਨ ਨੂੰ ਸਮਝਾਉਂਦੀ ਹੋਈ ਕਹਿੰਦੀ, 'ਚਲੋ ਕੋਈ ਗੱਲ ਨਹੀਂ ਜੀ। ਜੋ ਮਾਲਕ ਨੂੰ ਮੰਜੂਰ! ਮਾਲਕ ਨੇ ਉਨ੍ਹਾਂ ਦਾ ਅੰਨ-ਜਲ ਹੀ ਐਡੀ ਦੂਰ ਤੱਕ ਖਿਲਾਰ ਦਿੱਤਾ ਹੋਣੈ, ਜਿਸਨੂੰ ਚੁਗਣ ਗਏ ਹਨ, ਵਿਚਾਰੇ! ਉਹ ਜਿਊਂਦੇ-ਵਸਦੇ ਰਹਿਣ! ਲੰਬੀਆਂ ਉਮਰਾਂ ਹੰਢਾਉਣ !'

ਗੱਲਾਂ ਸੁਣਦਿਆਂ-ਸੁਣਦਿਆਂ ਤਾਇਆ ਜੀ ਚੁੱਪ ਹੋ ਜਾਂਦੇ ਤਾਂ ਤਾਈ ਪੁੱਛਦੀ, 'ਤੁਸੀਂ ਬੋਲਦੇ ਕਿਉਂ ਨਹੀਂ ਜੀ? ਮੇਰੀ ਕੋਈ ਗੱਲ ਬੁਰੀ ਲੱਗੀ ਏ ਤੁਹਾਨੂੰ? ਪਰ, ਤਾਈ ਜੀ ਦੀਆਂ ਸੱਚੀਆਂ ਸੁਣਕੇ ਤਾਇਆ ਜੀ ਨੂੰ ਕੋਈ ਜਵਾਬ ਨਾ ਸੁੱਝਦਾ। ਉਹ ਵੀ ਚੁੱਪ ਵੱਟਕੇ ਉਦਾਸ ਜਿਹਾ ਹੋ ਜਾਂਦੇ। ਅੱਜ ਕੁਰਸੀ ਤੇ ਬੈਠੇ ਤਾਇਆ ਜੀ ਨੂੰ ਤਾਈ ਬਾਂਹੋਂ ਫੜ ਕੇ ਹਲੂਣਦਿਆਂ ਪੁੱਛ ਰਹੀ ਸੀ, 'ਬੋਲਦੇ ਕਿਉਂ ਨਹੀਂ? ਠੀਕ ਵੀ ਹੋ ਜੀ, ਤੁਸੀ? ਮੈਨੂੰ ਸਮਝਾਉਂਦੇ ਰਹਿੰਦੇ ਹੋ ਕਿ ਇੰਨਾ ਦਿਲ ਨੂੰ ਨਹੀਂ ਲਾਈਦਾ ; ਪਰ ਮੈਥੋਂ ਵੱਧ ਤਾਂ ਤੁਸੀਂ ਲਾਈ ਬੈਠੇ ਹੋ ਦਿਲ ਨੂੰ! ਉਠੋ ਘੰਮ-ਫਿਰ ਆਵੋ, ਬਾਹਰ! ਧਿਆਨ ਹੋਰ ਪਾਸੇ ਪਵੇ।'

ਤਾਈ ਜੀ ਤਾਂ ਤਾਇਆ ਜੀ ਨੂੰ ਬਾਂਹੋਂ ਫੜ ਕੇ ਹਲੂਣਦਿਆਂ ਬਾਹਰ ਘੁੰਮਣ-ਫਿਰਨ ਨੂੰ ਆਖ ਰਹੀ ਸੀ, ਪਰ ਤਾਇਆ ਜੀ ਹੋਰੀਂ ਹਮੇਸ਼ਾ ਲਈ ਉਡਾਰੀ ਮਾਰ ਚੁੱਕੇ ਸਨ, ਇਸ ਦੁਨੀਆਂ 'ਚੋਂ। ਤਾਇਆ ਜੀ ਦਾ ਇਹ ਹਾਲ ਦੇਖਕੇ ਤਾਈ ਜੀ ਨੇ ਭੁੱਬਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਕੰਧਾਂ ਵਿੱਚ ਟੱਕਰਾਂ ਮਾਰਨ ਲੱਗੀ। ਉਸਦੀ ਅਵਾਜ ਸੁਣ ਕੇ ਆਸ-ਪੜੌਸ ਵਾਲੇ ਵੀ ਝੱਟ-ਪੱਟ ਇਕੱਠੇ ਹੋ ਗਏ। ਬਸ, ਫਿਰ ਕੀ ਸੀ, ਬੱਚਿਆਂ ਨੂੰ ਫੋਨ ਕਰਕੇ ਵਿਦੇਸ਼ ਵਿੱਚ ਖਬਰਾਂ ਭੇਜੀਆਂ ਅਤੇ ਉਨ੍ਹਾਂ ਨੂੰ ਬੁਲਾਇਆ ਗਿਆ। ਬੱਚੇ ਆਏ ਤਾਂ ਉਨ੍ਹਾਂ ਦੇ ਆਉਣ ਤੇ ਤਾਇਆ ਜੀ ਨੂੰ ਦਾਗ ਦਿੱਤੇ ਗਏ। ਰੀਤੀ-ਰਿਵਾਜਾਂ ਮੁਤਾਬਕ ਅੰਤਮ ਰਸਮਾਂ ਬੱਚਿਆਂ ਨੇ ਖੁਦ ਆਪਣੇ ਹੱਥੀਂ ਕੀਤੀਆਂ। ਬੇਟੀ ਤਾਂ ਅੰਤਮ ਅਰਦਾਸ ਪਿੱਛੋਂ ਵਿਦੇਸ਼ ਚਲੇ ਗਈ ; ਪਰ ਪੁੱਤਰ ਨੂੰ ਹੁਣ ਮਾਂ ਨੂੰ ਇਕੱਲੇ ਛੱਡ ਕੇ ਜਾਣਾ ਔਖਾ ਮਹਿਸੂਸ ਹੋ ਰਿਹਾ ਸੀ ਅਤੇ ਨਾਲ ਹੀ ਦੂਜੇ ਪਾਸੇ ਆਪਣੇ ਨਾਲ ਲੈ ਕੇ ਜਾਣਾ ਹੋਰ ਵੀ ਔਖਾ ਜਾਪ ਰਿਹਾ ਸੀ। ਅਖੀਰ ਉਸਨੇ ਮਾਂ ਨੂੰ ਆਸ਼ਰਮ ਛੱਡ ਕੇ ਜਾਣ ਦਾ ਫੈਸਲਾ ਕਰ ਲਿਆ।

ਮਾਂ ਨੂੰ ਸਮਝਾਉਂਦਿਆਂ ਸਤਵੰਤ ਕਹਿਣ ਲੱਗਿਆ, 'ਮਾਂ ਜੀ ਵਿਦੇਸ਼ ਗਏ ਬੱਚਿਆਂ ਦੇ ਮਾਂ-ਬਾਪ ਹੀ ਆਸ਼ਰਮਾਂ ਵਿੱਚ ਰਹਿੰਦੇ ਹਨ। ਮੈਂ ਜਦੋਂ ਵੀ ਪਿੰਡ ਆਇਆ ਕਰਾਂਗਾ, ਆਸ਼ਰਮ ਵਿੱਚ ਵੱਡੀ ਰਕਮ ਜਮ੍ਹਾਂ ਕਰਵਾ ਦਿਆ ਕਰਾਂਗਾ, ਤਾਂ ਜੋ ਤੁਹਾਨੂੰ ਕਿਸੇ-ਕਿਸਮ ਦੀ ਕੋਈ ਤਕਲੀਫ ਨਾ ਆਵੇ।' ਪੁੱਤਰ ਦੇ ਮੂੰਹੋਂ ਇਹ ਸ਼ਬਦ ਸੁਣਦਿਆਂ ਹੀ ਮਾਂ ਵੀ ਉਸਦੇ ਹੱਥਾਂ ਵਿੱਚ ਹੀ ਲੁਟਕ ਗਈ ਅਤੇ ਦੇਖਦੇ-ਹੀ-ਦੇਖਦੇ ਉਹ ਵੀ ਆਖਰੀ ਸਾਹ ਦਾ ਹਟਕੋਰਾ ਮਾਰ ਗਈ।

# ਫ਼ਸਲੀ ਨਦੀਨ ਤੇ ਮਨੁੱਖੀ ਮਨ ਦੇ ਵਿਕਾਰ

ਬਲਵੀਰ ਮੰਨਣ
91-94173-45485



ਖੇਤੀ ਵਿੱਚ ਨਦੀਨ ਕੋਈ ਬੀਜਣ ਥੋੜ੍ਹੀ ਜਾਂਦੈ, ਆਪਣੇ ਆਪ ਹੀ ਉੱਗ ਪੈਂਦੇ ਹਨ। ਇਨ੍ਹਾਂ ਨੂੰ ਫ਼ਸਲ-ਬਾੜੀ ਵਿੱਚੋਂ ਪੁੱਟ ਕੇ ਬਾਹਰ ਕੱਢਣਾ ਪੈਂਦੇ, ਇਨ੍ਹਾਂ ਦਾ ਨਿਦਾਨ ਕਰਨਾ ਪੈਂਦੇ ਤਾਂ ਹੀ ਤੇ ਫ਼ਸਲ-ਬਾੜੀ ਸਹੀ ਰੂਪ ਵਿੱਚ, ਚੰਗੀ ਤਰ੍ਹਾਂ ਮੌਲਦੀ ਹੈ। ਜਦੋਂ ਇਹ ਖੇਤੀ ਵਿੱਚੋਂ ਦੂਰ ਹੋ ਜਾਂਦੇ ਹਨ ਤਾਂ ਪੌਦਿਆਂ ਨੂੰ ਸਹੀ ਖ਼ੁਰਾਕ ਮਿ਼ਲ ਪਾਉਂਦੀ ਹੈ, ਸਹੀ ਧੁੱਪ ਮਿ਼ਲ ਪਾਉਂਦੀ ਹੈ ਤੇ ਖੁੱਲ੍ਹੀ ਹਵਾ ਮਿ਼ਲ ਪਾਉਂਦੀ ਹੈ। ਪੌਦਿਆਂ 'ਤੇ ਨਵੀਂ-ਨਕੋਰ ਰੰਗਤ ਦਿਸਣ ਲੱਗ ਪੈਂਦੀ ਹੈ। ਖੇਤ ਜਾਂ ਕਿਆਰੀਆਂ ਹੋਰ ਦੀਆਂ ਹੋਰ ਨਜ਼ਰ ਆਉਣ ਲੱਗ ਜਾਂਦੀਆਂ ਹਨ। ਉਨ੍ਹਾਂ ਵੱਲ ਵੇਖ ਕੇ ਮਨ ਨੂੰ ਖਿੜਾਓ ਮਿ਼ਲਦਾ ਹੈ। ਸੂਰਜ ਦੀਆਂ ਕਿਰਨਾਂ ਉਨ੍ਹਾਂ ਪੌਦਿਆਂ ਨਾ਼ਲ ਟਕਰਾਅ ਕੇ ਉਨ੍ਹਾਂ ਦੇ ਆ਼ਲੇ-ਦੁਆ਼ਲੇ ਨੂੰ ਚੁੰਧਿਆ ਦਿੰਦੀਆਂ ਹਨ। ਅਜਿਹੀ ਸਾਫ-ਸਵੱਛ ਫ਼ਸਲ-ਬਾੜੀ ਦੇ ਕੋ਼ਲ ਖੜ੍ਹੇ ਹੋਣ ਨੂੰ ਦਿਲ ਕਰਦਾ ਹੈ, ਉਸ ਨੂੰ ਨਿਹਾਰਨ ਦਾ ਜੀਅ ਕਰਦਾ ਹੈ। ਅਜਿਹੇ ਪੌਦਿਆਂ ਹੇਠਲੀ ਜ਼ਮੀਨ ਵਿੱਚ ਵੀ ਇੱਕ ਅਜਬ ਜਿਹੀ ਕਸ਼ਿਸ਼ ਮਹਿਸੂਸ ਹੁੰਦੀ ਹੈ। ਬੜੀ ਨਿੱਖਰੀ-ਨਿੱਖਰੀ ਲਗਦੀ ਹੈ ਉਹ ਮਿੱਟੀ ਵੀ।

ਮਨੁੱਖੀ ਮਨ ਦੇ ਧਰਾਤਲ ਵਿੱਚ ਵਿਕਾਰ ਪੁੰਗਰ ਪੈਂਦੇ ਹਨ। ਮਨੁੱਖੀ ਮਨ ਆਪਣੇ ਆਪ ਵਿੱਚ ਸ਼ਰਾਰਤੀ ਬਿਰਤੀ ਵਾ਼ਲਾ ਹੀ ਤਾਂ ਹੁੰਦਾ ਹੈ। ਚੰਗੇ ਕੰਮਾਂ ਲਈ ਇਸ ਨੂੰ ਲਗਾਤਾਰ ਪ੍ਰੇਰਨਾ ਦੀ ਲੋੜ ਹੁੰਦੀ ਹੈ ਜਦਕਿ ਬੁਰੇ ਕੰਮ ਇਸ ਨੂੰ ਸਿਖਾਉਣ ਦੀ ਵੀ ਲੋੜ ਨਹੀਂ ਹੁੰਦੀ। ਵਿਕਾਰ ਰੂਪੀ ਨਦੀਨ ਮਨੁੱਖੀ ਸ਼ਖ਼ਸੀਅਤ ਨੂੰ ਪੂਰਨ ਰੂਪ ਵਿੱਚ ਵਿਗਸਣ ਨਹੀਂ ਦਿੰਦੇ। ਇਹ ਮਨੁੱਖ ਦਾ ਪੂਰਨ ਮਾਨਸਿਕ ਅਤੇ ਆਤਮਿਕ ਵਿਕਾਸ ਨਹੀਂ ਹੋਣ ਦਿੰਦੇ। ਇਹ ਮਨੁੱਖੀ ਮਨ ਦੇ ਧਰਾਤਲ ਨੂੰ ਵੱਡੇ ਪੱਧਰ 'ਤੇ ਢਕੀ ਰੱਖਦੇ ਹਨ। ਇਸ ਧਰਾਤਲ ਉੱਪਰ ਵਿਕਲੋਤਰੇ ਪਏ ਗੁਣ, ਇਨ੍ਹਾਂ ਵਿਕਾਰਾਂ ਦੇ ਕਾਰਨ, ਵਿਕਾਸ ਲਈ ਸਾਜ਼ਗਾਰ ਹਾਲਾਤ ਹਾਸਲ ਨਹੀਂ ਕਰ ਪਾਉਂਦੇ। ਇਹ ਵਿਕਾਰ ਬਹੁਤੀ ਦੇਰ ਮਨੁੱਖੀ ਮਨ 'ਤੇ ਕਾਬੂ ਬਣਾ ਕੇ ਬੈਠੇ ਰਹਿੰਦੇ ਹਨ ਤੇ ਭਰਪੂਰ ਮੌਲਦੇ ਹਨ ਜਦਕਿ ਗੁਣ ਵਿਚਾਰੇ ਇਵੇਂ ਹੀ ਸੁੱਕਦੇ-ਸੜਦੇ ਰਹਿੰਦੇ ਹਨ। ਵਿਕਾਰ ਜੜ੍ਹਾਂ ਪਕੇਰੀਆਂ ਕਰਦੇ-ਕਰਦੇ ਰੁੱਖ ਬਣਨ ਨੂੰ ਫਿਰਨ ਲੱਗਦੇ ਹਨ ਜਦਕਿ ਗੁਣ ਵਿਚਾਰੇ ਹੁਣ ਇਨ੍ਹਾਂ ਰੁੱਖਾਂ ਦੀਆਂ ਛਾਵਾਂ ਵਿੱਚ ਰਹਿੰਦੇ ਹੋਏ, ਆਪਣੇ ਜਿਊਣ ਜੋਗੀ, ਧੁੱਪ ਤੋਂ ਵੀ ਮਹਿਰੂਮ ਹੋ ਜਾਂਦੇ ਹਨ। ਹੌ਼ਲੀ-ਹੌ਼ਲੀ ਉਨ੍ਹਾਂ ਦੀ ਹੋਂਦ ਮਿਟਣ 'ਤੇ ਆ ਜਾਂਦੀ ਹੈ। ਮਨੁੱਖੀ ਗੁਣਾਂ, ਮਨੁੱਖੀ ਮਨ ਅਤੇ ਆਤਮਾ ਦੇ ਵਿਕਾਸ ਲਈ ਮਨ ਅੰਦਰੋਂ ਵਿਕਾਰ ਰੂਪੀ ਨਦੀਨਾਂ ਦਾ ਨਿਰਾਕਰਣ ਕੀਤਾ ਜਾਣਾ ਅਤੀ ਜ਼ਰੂਰੀ ਹੁੰਦਾ ਹੈ। ਜਦੋਂ ਅਸੀਂ ਇਨ੍ਹਾਂ ਨਦੀਨ-ਰੂਪੀ ਵਿਕਾਰਾਂ ਵੱਲ ਨਜ਼ਰ ਰੱਖਦੇ ਹਾਂ, ਚੇਤੰਨ ਰਹਿੰਦੇ ਹਾਂ ਤੇ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਲਗਾਤਾਰ ਯਤਨ-ਪ੍ਰਯਤਨ ਕਰਦੇ ਰਹਿੰਦੇ ਹਾਂ ਤਾਂ ਹੌ਼ਲੀ-ਹੌ਼ਲੀ ਇਹ ਸਾਡੇ ਮਨ ਦੇ ਧਰਾਤਲ ਨੂੰ ਛੱਡ ਜਾਂਦੇ ਹਨ। ਹੁਣ ਸਾਡਾ ਮਨ ਸੋਨੇ ਜਿਹਾ ਪ੍ਰਕਾਸ਼ਮਈ ਹੋ ਉੱਠਦਾ ਹੈ ਤੇ ਇਸ ਵਿਚਲੇ ਗੁਣ ਨਿੱਖਰ-ਨਿੱਖਰ ਕੇ ਸਾਹਮਣੇ ਆਉਂਦੇ ਹਨ। ਇਨ੍ਹਾਂ ਅਸਲੋਂ ਮੂਲ ਗੁਣਾਂ ਦੀ ਗੱਲ ਹੀ ਅਦੁੱਤੀ ਹੁੰਦੀ ਹੈ। ਹੁਣ ਸਾਡੇ ਜੀਵਨ ਵਿੱਚ ਕਿਸੇ ਪ੍ਰਕਾਰ ਦੀ ਕਾਹ਼ਲ ਨਹੀਂ ਰਹਿੰਦੀ ਸਗੋਂ ਇੱਕ ਮਿੱਠਾ ਟਿਕਾਅ, ਸੌਂਦਿਆਂ-ਜਾਗਦਿਆਂ, ਬਰਾਬਰ ਬਣਿਆ ਰਹਿੰਦਾ ਹੈ। ਮਨ ਅਤੇ ਸਰੀਰ ਦੇ ਰੋਮ-ਰੋਮ ਵਿੱਚ ਚਮਕ ਆ ਜਾਂਦੀ ਹੈ। ਗੁਣਾਂ ਦੇ ਮੌਲਣ-ਵਿਗਸਣ ਲਈ ਸੁਯੋਗ ਜ਼ਮੀਨ ਤਿਆਰ ਹੋ ਜਾਂਦੀ ਹੈ। ਗੁਣਾਂ ਨੂੰ ਭਰਪੂਰ ਖ਼ੁਰਾਕ ਮਿ਼ਲਦੀ ਹੈ, ਢੁਕਵਾਂ ਵਾਤਾਵਰਨ ਮਿ਼ਲਦਾ ਹੈ ਤੇ ਉਹ ਬੜੀ ਫ਼ੁਰਤੀ ਨਾ਼ਲ ਵਧਣ-ਫੁੱਲਣ ਲੱਗਦੇ ਹਨ। ਤਦ ਮਨੁੱਖੀ ਸ਼ਖ਼ਸੀਅਤ ਦਾ ਭਰਪੂਰ ਵਿਕਾਸ ਹੁੰਦਾ ਹੈ।

# ਖੇਤੀ ਸੰਕਟ 'ਤੇ ਵਿਚਾਰ-ਚਰਚਾ ਲਈ ਸੰਸਦ ਦਾ ਵਿਸ਼ੇਸ਼ ਇਜਲਾਸ ਕਿਉਂ ਨਹੀਂ?

**ਸਟੋਰੇਜ ਦਾ ਸਹੀ ਪ੍ਰਬੰਧ ਨਾ ਹੋਣ ਕਾਰਨ ਕਿਸਾਨਾਂ ਦੀਆਂ ਟਨਾਂ ਦੇ ਟਨ ਕਰੋੜਾਂ ਦੇ ਮੁੱਲ ਦੀਆਂ ਉਪਜਾਂ ਨਸ਼ਟ ਹੋ ਜਾਂਦੀਆਂ ਹਨ। ਖੇਤੀ ਉਤਪਾਦਾਂ ਦੀ ਵੰਡ ਪ੍ਰਣਾਲੀ ਦੋਸ਼ ਪੂਰਨ ਹੋਣ ਕਾਰਨ ਵਿਚੋਲੇ, ਸਟੋਰੀਏ ਕਈ ਹਾਲਤਾਂ ਵਿੱਚ ਸੌ ਤੋਂ ਤਿੰਨ ਸੌ ਫ਼ੀਸਦੀ ਤੱਕ ਘੱਟ ਮੁੱਲ ਉੱਤੇ ਕਿਸਾਨਾਂ ਤੋਂ ਖੇਤੀ ਉਤਪਾਦ ਖ਼ਰੀਦਦੇ ਹਨ। ਕਿਸਾਨ 4 ਰੁਪਏ ਆਲੂ ਵੇਚਦਾ ਹੈ ਅਤੇ ਬਾਜ਼ਾਰ 'ਚ ਆਲੂ ਖ਼ਰੀਦਣ ਵਾਲੇ ਗਾਹਕ ਨੂੰ ਇਹ ਵੀਹ ਰੁਪਏ ਕਿਲੋਗ੍ਰਾਮ ਮਿਲਦਾ ਹੈ। ਇਹ ਫ਼ਰਕ ਆਖ਼ਿਰ ਇੰਜ ਕਿਉਂ ਹੈ? ਕਿਉਂ ਕਿਸਾਨਾਂ ਦੀ ਵੱਡੀ ਪੱਧਰ 'ਤੇ ਲੁੱਟ ਹੁੰਦੀ ਹੈ ਅਤੇ ਕਿਉਂ ਖ਼ਪਤਕਾਰ ਵੀ ਲੁੱਟਿਆ ਜਾ ਰਿਹਾ ਹੈ?**



ਗੁਰਮੀਤ ਸਿੰਘ ਪਲਾਹੀ
91-98158-02070

ਸਾਡੇ ਦੇਸ਼ ਦੇ ਸਾਢੇ ਤਿੰਨ ਲੱਖ ਕਿਸਾਨ ਖ਼ੁਦਕੁਸ਼ੀ ਕਰ ਗਏ ਹਨ। ਦੇਸ਼ ਦੇ ਲੋਕਾਂ ਲਈ ਅੰਨ ਪੈਦਾ ਕਰਨ ਵਾਲੇ ਕਿਸਾਨ ਆਪ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਕਰਜ਼ੇ ਨਾਲ ਕਿਸਾਨਾਂ ਦਾ ਪੋਟਾ-ਪੋਟਾ ਵਿੰਨਿਆ ਪਿਆ ਹੈ। ਦੇਸ਼ 'ਚ ਖੇਤੀ ਧੰਦਾ ਸੰਕਟ ਵਿੱਚ ਹੈ। ਇਹੋ ਜਿਹੀ ਹਾਲਤ ਦੇ ਮੱਦੇ-ਨਜ਼ਰ ਦੇਸ਼ ਦੀਆਂ 207 ਕਿਸਾਨ ਜੱਥੇਬੰਦੀਆਂ ਨੇ ਪਹਿਲੀ ਵਾਰ ਇਕੱਠੇ ਹੋ ਕੇ ਪਹਿਲੀ ਜੂਨ ਤੋਂ ਦਸ ਜੂਨ ਤੱਕ ਬੰਦ ਅਤੇ ਬਾਈਕਾਟ ਦਾ ਸੱਦਾ ਦਿੱਤਾ ਹੈ। ਉਹਨਾਂ ਦੀਆਂ ਦੋ ਪ੍ਰਮੁੱਖ ਮੰਗਾਂ ਹਨ : ਕਿਸਾਨਾਂ ਦਾ ਸੱਚਮੁੱਚ ਕਰਜ਼ਾ ਮੁਆਫ ਹੋਵੇ ਅਤੇ ਖੇਤੀ ਉਤਪਾਦਾਂ ਦੇ ਲਾਹੇਵੰਦ ਘੱਟੋ-ਘੱਟ ਸਮੱਰਥਨ ਮੁੱਲ ਨੂੰ ਯਕੀਨੀ ਬਣਾਇਆ ਜਾਵੇ।

ਇਹਨਾਂ ਮੰਗਾਂ ਸੰਬੰਧੀ ਆਲ ਇੰਡੀਆ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਨੇ ਰਾਸ਼ਟਰਪਤੀ ਨੂੰ ਮਿਲ ਕੇ ਖੇਤੀ ਸੰਕਟ 'ਤੇ ਵਿਚਾਰ-ਚਰਚਾ ਕਰਨ ਲਈ ਸੰਸਦ ਦਾ ਵਿਸ਼ੇਸ਼ ਇਜਲਾਸ ਤੁਰੰਤ ਬੁਲਾਉਣ ਦੀ ਬੇਨਤੀ ਕੀਤੀ ਹੈ। ਮੰਗ-ਪੱਤਰ 'ਚ ਕਿਹਾ ਗਿਆ ਹੈ ਕਿ ਕਿਸਾਨਾਂ ਦੀਆਂ ਮੰਗਾਂ ਅਤੇ ਖੇਤੀ ਸੰਕਟ ਸੰਬੰਧੀ ਸਦਨ ਦੀਆਂ ਆਮ ਬੈਠਕਾਂ ਵਿੱਚ ਕਦੇ ਚਰਚਾ ਹੀ ਨਹੀਂ ਹੁੰਦੀ। ਕਿਸਾਨ ਜੱਥੇਬੰਦੀਆਂ ਨੇ ਆਪਣੇ ਹੱਕ 'ਚ ਦਲੀਲ ਦਿੰਦਿਆਂ ਆਖਿਆ ਕਿ ਜੇ ਜੀ ਐਸ ਟੀ ਲਈ ਅੱਧੀ ਰਾਤ ਨੂੰ ਸੰਸਦ ਦਾ ਵਿਸ਼ੇਸ਼ ਇਜਲਾਸ ਹੋ ਸਕਦਾ ਹੈ ਤਾਂ ਦੇਸ਼ ਦੇ ਕਿਸਾਨਾਂ ਦੀਆਂ ਕੀਮਤੀ ਜਾਨਾਂ ਬਚਾਉਣ ਲਈ ਸੰਸਦ ਦਾ ਇਜਲਾਸ ਕਿਉਂ ਨਹੀਂ ਹੋ ਸਕਦਾ?

132 ਕਰੋੜ ਦੀ ਆਬਾਦੀ ਵਾਲੇ ਦੇਸ਼ ਭਾਰਤ ਵਿੱਚ ਖੇਤੀ ਉਤਪਾਦਨ ਵਿੱਚ ਠਹਿਰਾਅ ਆ ਗਿਆ ਹੈ। ਸ਼ਹਿਰੀਕਰਨ, ਪੌਣ-ਪਾਣੀ ਦੇ ਬਦਲਾਅ ਅਤੇ ਪਲੀਤ ਹੋ ਰਹੇ ਵਾਤਾਵਰਣ ਕਾਰਨ ਖੇਤੀ ਪੈਦਾਵਾਰ ਵਿੱਚ ਰੁਕਾਵਟ ਆ ਰਹੀ ਹੈ। ਹਵਾ, ਪਾਣੀ, ਜ਼ਮੀਨ ਜ਼ਹਿਰੀਲੀ ਅਤੇ ਪ੍ਰਦੂਸ਼ਤ ਹੋ ਗਈ ਹੈ। ਕੁੱਲ ਘਰੇਲੂ ਉਤਪਾਦਨ ਵਿੱਚ ਖੇਤੀ ਦੀ ਹਿੱਸੇਦਾਰੀ ਘਟ ਕੇ 14 ਫ਼ੀਸਦੀ ਰਹਿ ਗਈ ਹੈ। ਇੱਕ ਪਾਸੇ ਕਿਸਾਨ ਫ਼ਸਲਾਂ ਦੀ ਉਪਜ 'ਚ ਵਾਧੇ ਬਾਰੇ ਚਿੰਤਤ ਹੈ, ਦੂਜੇ ਪਾਸੇ ਖੇਤੀ ਉਤਪਾਦਨ ਦੀ ਲਾਗਤ 'ਚ ਵਾਧਾ ਹੋ ਰਿਹਾ ਹੈ। ਡੀਜ਼ਲ ਦੇ ਮੁੱਲ ਵਿੱਚ ਹੋ ਰਹੇ ਵਾਧੇ ਨੇ ਖੇਤੀ ਲਾਗਤ ਹੋਰ ਵੀ ਮਹਿੰਗੀ ਕਰ ਦਿੱਤੀ ਹੈ। ਮਜ਼ਦੂਰੀ ਦੀ ਲਾਗਤ ਵਧ ਰਹੀ ਹੈ ਤੇ ਖੇਤ ਮਜ਼ਦੂਰ ਵੀ ਨਹੀਂ ਮਿਲ ਰਹੇ। ਇਸ ਤੋਂ ਬਿਨਾਂ ਹੜ, ਸੋਕਾ, ਅਹਿਣ ਦੇ ਗੋਲੇ, ਕੀੜੇ-ਮਕੌੜੇ, ਆਵਾਰਾ ਪਸ਼ੂ ਫ਼ਸਲਾਂ ਬਰਬਾਦ ਕਰ ਦਿੰਦੇ ਹਨ ਅਤੇ ਕਿਸਾਨਾਂ ਨੂੰ ਬੀਜ ਵੀ ਸਸਤੇ ਭਾਅ 'ਤੇ ਨਹੀਂ ਮਿਲਦੇ। ਚੰਗੀ ਫ਼ਸਲ ਪੈਦਾ ਹੋ ਵੀ ਜਾਵੇ, ਤਦ ਵੀ ਬਾਜ਼ਾਰ ਵਿੱਚ ਉਸ ਦੀ ਸਹੀ ਕੀਮਤ ਕਿਸਾਨ ਨੂੰ ਨਹੀਂ ਮਿਲਦੀ। ਫ਼ਸਲ ਦੀ ਸਟੋਰੇਜ ਦਾ ਉਸ ਕੋਲ ਕੋਈ ਪ੍ਰਬੰਧ ਨਹੀਂ। ਇਸ ਦਾ ਫਾਇਦਾ ਦਲਾਲ ਤੇ ਆੜਤੀਏ ਉਠਾਉਂਦੇ ਹਨ, ਜੋ ਉਹਨਾਂ ਦੀ ਫ਼ਸਲ ਸਸਤੇ ਭਾਅ 'ਤੇ ਖ਼ਰੀਦਦੇ ਤੇ ਸਮਾਂ ਆਉਣ 'ਤੇ ਮਹਿੰਗੇ ਭਾਅ ਵੇਚਦੇ ਹਨ। ਭਾਵੇਂ ਗੰਨਾ, ਚਾਵਲ, ਕਪਾਹ, ਕਣਕ ਵੇਚਣ ਲਈ ਦੇਸ਼ ਵਿੱਚ ਕਿਸਾਨ ਕੋਲ ਮੁਕਾਬਲਤਨ ਸੁਵਿਧਾ ਹੈ, ਪਰ ਹੋਰ ਫ਼ਸਲਾਂ ਸਮੇਤ ਦਾਲਾਂ ਦਾ ਭਾਅ ਤਾਂ ਉਹਨਾਂ ਨੂੰ ਲਾਗਤ ਦੇ ਅਨੁਸਾਰ ਮਿਲਦਾ ਹੀ ਨਹੀਂ।

ਸਟੋਰੇਜ ਦਾ ਸਹੀ ਪ੍ਰਬੰਧ ਨਾ ਹੋਣ ਕਾਰਨ ਕਿਸਾਨਾਂ ਦੀਆਂ ਟਨਾਂ ਦੇ ਟਨ ਕਰੋੜਾਂ ਦੇ ਮੁੱਲ ਦੀਆਂ ਉਪਜਾਂ ਨਸ਼ਟ ਹੋ ਜਾਂਦੀਆਂ ਹਨ। ਖੇਤੀ ਉਤਪਾਦਾਂ ਦੀ ਵੰਡ ਪ੍ਰਣਾਲੀ ਦੋਸ਼ ਪੂਰਨ ਹੋਣ ਕਾਰਨ ਵਿਚੋਲੇ, ਸਟੋਰੀਏ ਕਈ ਹਾਲਤਾਂ ਵਿੱਚ ਸੌ ਤੋਂ ਤਿੰਨ ਸੌ ਫ਼ੀਸਦੀ ਤੱਕ ਘੱਟ ਮੁੱਲ ਉੱਤੇ ਕਿਸਾਨਾਂ ਤੋਂ ਖੇਤੀ ਉਤਪਾਦ ਖ਼ਰੀਦਦੇ ਹਨ। ਕਿਸਾਨ 4 ਰੁਪਏ ਆਲੂ ਵੇਚਦਾ ਹੈ ਅਤੇ ਬਾਜ਼ਾਰ 'ਚ ਆਲੂ ਖ਼ਰੀਦਣ ਵਾਲੇ ਗਾਹਕ ਨੂੰ ਇਹ ਵੀਹ ਰੁਪਏ ਕਿਲੋਗ੍ਰਾਮ ਮਿਲਦਾ ਹੈ। ਇਹ ਫ਼ਰਕ ਆਖ਼ਿਰ ਇੰਜ ਕਿਉਂ ਹੈ? ਕਿਉਂ ਕਿਸਾਨਾਂ ਦੀ ਵੱਡੀ ਪੱਧਰ 'ਤੇ ਲੁੱਟ ਹੁੰਦੀ ਹੈ ਅਤੇ ਕਿਉਂ ਖ਼ਪਤਕਾਰ ਵੀ ਲੁੱਟਿਆ ਜਾ ਰਿਹਾ ਹੈ?

ਇਹੋ ਜਿਹੀਆਂ ਹਾਲਤਾਂ ਦੇ ਮੱਦੇ-ਨਜ਼ਰ 2004-05 ਵਿੱਚ ਰਾਸ਼ਟਰੀ ਨਮੂਨਾ ਸਰਵੇਖਣ ਆਯੋਗ ਦੀ ਇੱਕ ਰਿਪੋਰਟ ਛਪੀ ਸੀ, ਜਿਸ ਦੇ ਅਨੁਸਾਰ ਦੇਸ਼ ਦੇ 45 ਫ਼ੀਸਦੀ ਛੋਟੇ ਕਿਸਾਨ ਖੇਤੀ ਛੱਡਣਾ ਚਾਹੁੰਦੇ ਹਨ। ਉਹ ਤਾਂ ਜੱਦੀ-ਪੁਸ਼ਤੀ ਪਰੰਪਰਾ ਨੂੰ ਧਿਆਨ 'ਚ ਰੱਖਦਿਆਂ ਖੇਤੀ ਦੇ ਧੰਦੇ ਨੂੰ ਮਜਬੂਰੀ 'ਚ ਜਾਰੀ ਰੱਖ ਰਹੇ ਹਨ। ਇਹ ਦੇਖਣ ਵਿੱਚ ਵੀ ਆਇਆ ਹੈ ਕਿ ਕੁਝ ਫ਼ਸਲਾਂ ਦੇ ਨੀਯਤ ਕੀਤੇ ਘੱਟੋ-ਘੱਟ ਸਮੱਰਥਨ ਮੁੱਲ ਦਾ ਲਾਭ ਵੀ ਵੱਡੇ ਕਿਸਾਨਾਂ ਨੂੰ ਮਿਲਦਾ ਹੈ। ਸੱਠ ਫ਼ੀਸਦੀ ਤੋਂ ਵੱਧ ਬਿਲਕੁਲ ਛੋਟੇ ਅਤੇ ਸੀਮਾਂਤ ਕਿਸਾਨ, ਜਿਹਨਾਂ ਕੋਲ ਆਪਣੇ ਘਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਹੀ ਅਨਾਜ ਹੁੰਦਾ ਹੈ, ਇਸ ਲਾਭ ਤੋਂ ਵਿਰਵੇ ਰਹਿ ਜਾਂਦੇ ਹਨ।

ਕਿਸਾਨਾਂ ਦੀ ਭੈੜੀ ਹਾਲਤ ਅਤੇ ਖੇਤੀ ਸੰਕਟ ਨੂੰ ਧਿਆਨ 'ਚ ਰੱਖਦਿਆਂ ਯੂ ਪੀ ਏ ਸਰਕਾਰ ਨੇ 2004 ਵਿੱਚ ਨੈਸ਼ਨਲ ਕਮਿਸ਼ਨ ਫ਼ਾਰ ਫ਼ਾਰਮਰਜ਼ ਦੀ ਸਥਾਪਨਾ ਡਾ: ਸਵਾਮੀਨਾਥਨ ਦੀ ਅਗਵਾਈ 'ਚ ਕੀਤੀ ਸੀ। ਉਸ ਨੇ ਆਪਣੀ ਰਿਪੋਰਟ 4 ਅਕਤੂਬਰ 2006 ਨੂੰ ਸਰਕਾਰ ਨੂੰ ਪੇਸ਼ ਕੀਤੀ। ਇਸ ਕਮਿਸ਼ਨ ਨੇ ਜਿੱਥੇ ਸਿੰਜਾਈ ਸੁਧਾਰਾਂ, ਜ਼ਮੀਨੀ ਸੁਧਾਰਾਂ, ਖੇਤੀ ਉਤਪਾਦਨ ਵਧਾਉਣ, ਫ਼ਸਲਾਂ ਦੇ ਬੀਮੇ, ਫ਼ਸਲ ਕਰਜ਼ਾ, ਫ਼ਸਲਾਂ ਦੀ ਸੁਰੱਖਿਆ, ਫ਼ਸਲਾਂ ਦੀ ਸਟੋਰੇਜ ਅਤੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਰਿਪੋਰਟ ਪੇਸ਼ ਕੀਤੀ, ਉਥੇ ਇਹ ਸੁਝਾਇਆ ਕਿ ਕਿਸਾਨਾਂ ਨੂੰ ਫ਼ਸਲਾਂ ਦਾ ਸਮੱਰਥਨ ਮੁੱਲ ਫ਼ਸਲ ਦੀ ਲਾਗਤ ਉੱਤੇ 50 ਫ਼ੀਸਦੀ ਵਾਧੇ ਨਾਲ ਨੀਯਤ ਹੋਣਾ ਚਾਹੀਦਾ ਹੈ। ਤਦੇ ਕਿਸਾਨ ਨੂੰ ਕੁਝ ਰਾਹਤ ਮਿਲ ਸਕੇਗੀ, ਪਰ ਹੁਣ ਤੱਕ ਕਿਸੇ ਵੀ ਸਰਕਾਰ ਨੇ ਡਾ: ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰਨ ਲਈ ਕੋਈ ਕਦਮ ਨਹੀਂ ਪੁੱਟੇ।

ਭਾਜਪਾ ਨੇ ਆਪਣੇ ਚੋਣ ਮਨੋਰਥ-ਪੱਤਰ ਵਿੱਚ ਕਿਸਾਨਾਂ ਨੂੰ ਲਾਗਤ ਮੁੱਲ ਦਾ ਡੇਢ ਗੁਣਾਂ ਮੁੱਲ ਦੇਣ ਦਾ ਵਾਅਦਾ ਕੀਤਾ ਸੀ, ਪਰ ਸੁਪਰੀਮ ਕੋਰਟ ਵਿੱਚ ਜਨਹਿੱਤ ਪਟੀਸ਼ਨ ਦੇ ਜਵਾਬ ਵਿੱਚ ਸਰਕਾਰ ਦੇ ਅਟਾਰਨੀ ਜਨਰਲ ਨੇ ਲਿਖ ਕੇ ਦੇ ਦਿੱਤਾ ਕਿ ਇਹ ਸੰਭਵ ਨਹੀਂ, ਜਦੋਂ ਕਿ ਅਪ੍ਰੈਲ 2014 'ਚ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਜੇਕਰ ਐਨ ਡੀ ਏ ਸੱਤਾ ਵਿੱਚ ਆਉਂਦਾ ਹੈ ਤਾਂ ਕਿਸਾਨਾਂ ਨੂੰ ਲਾਗਤ ਮੁੱਲ ਵਿੱਚ 50 ਫ਼ੀਸਦੀ ਲਾਭ ਦਿੱਤਾ ਜਾਵੇਗਾ ਅਤੇ ਕਿਸਾਨਾਂ ਨੂੰ ਕਿਸੇ ਨੂੰ ਵੀ ਲੁੱਟਣ ਨਹੀਂ ਦਿੱਤਾ ਜਾਵੇਗਾ। ਹੁਣ ਕਿਸਾਨਾਂ ਦੇ ਵਧ ਰਹੇ ਗੁੱਸੇ ਨੂੰ ਧਿਆਨ 'ਚ ਰੱਖਦਿਆਂ ਕੇਂਦਰੀ ਮੰਤਰੀ ਮੰਡਲ ਨੇ ਕਿਸਾਨਾਂ ਨੂੰ ਲਾਗਤ ਮੁੱਲ ਦਾ ਡੇਢ ਗੁਣਾਂ ਮੁੱਲ ਦੇਣ ਅਤੇ 2022 ਤੱਕ ਉਹਨਾਂ ਦੀ ਆਮਦਨੀ ਦੁੱਗਣੀ ਕਰਨ ਦਾ ਵਾਅਦਾ ਕੀਤਾ ਹੈ। ਕੀ ਇਹ ਵਾਅਦਾ ਪੂਰਾ ਹੋਵੇਗਾ? ਕਿਸਾਨਾਂ ਦੀ ਹਾਲਤ ਬਦ ਤੋਂ ਬਦਤਰ ਹੋ ਰਹੀ ਹੈ ਅਤੇ ਸਰਕਾਰ ਕਾਗ਼ਜ਼ੀ-ਪੱਤਰੀ ਜਾਂ ਗੱਲੀ-ਬਾਤੀ ਤਾਂ ਬਹੁਤ ਕੁਝ ਕਰਦੀ ਦਿੱਸਦੀ ਹੈ, ਪਰ ਹਕੀਕਤ ਇਹ ਹੈ ਕਿ ਕਿਸਾਨਾਂ ਦੀ ਗੱਲ ਸੁਣੀ ਹੀ ਨਹੀਂ ਜਾ ਰਹੀ। ਜੇਕਰ ਖੇਤੀ ਸੁਧਾਰ ਸੰਬੰਧੀ ਕੁਝ ਕਦਮ ਪਿਛਲੇ ਚਾਰ ਸਾਲਾਂ 'ਚ ਪੁੱਟੇ ਗਏ ਹੁੰਦੇ ਤਾਂ ਉਦਯੋਗਿਕ ਅਤੇ ਸੇਵਾ ਖੇਤਰ ਦੇ ਵਾਧੇ ਦੀ ਦਰ ਸੱਤ ਫ਼ੀਸਦੀ ਤੋਂ ਜ਼ਿਆਦਾ ਅਤੇ ਪਿਛਲੇ ਦੋ ਸਾਲਾਂ 'ਚ ਖੇਤੀ ਦੇ ਵਾਧੇ ਦੀ ਦਰ 2.3 ਫ਼ੀਸਦੀ ਨਾ ਰਹਿ ਗਈ ਹੁੰਦੀ।

ਲੋੜ ਇਸ ਵੇਲੇ ਖੇਤੀ ਸੰਕਟ ਨੂੰ ਦਰਪੇਸ਼ ਸਮੱਸਿਆਵਾਂ ਨੂੰ ਕੌਮੀ ਪੱਧਰ 'ਤੇ ਵਿਚਾਰਨ ਦੀ ਹੈ। ਲਾਹੇਵੰਦ ਕੀਮਤਾਂ ਦੇਣ ਦਾ ਮੁੱਦਾ ਹੱਲ ਕਰਨ ਤੋਂ ਬਿਨਾਂ ਸਿਰਫ਼ ਕਰਜ਼ਾ ਜੇਕਰ ਮੁਆਫ ਵੀ ਕਰ ਦਿੱਤਾ ਜਾਂਦਾ ਹੈ ਤਾਂ ਕਿਸਾਨ ਫਿਰ ਕਰਜ਼ੇ ਦੇ ਜਾਲ ਵਿੱਚ ਫਸ ਜਾਣਗੇ। ਕਿਸਾਨ ਜੱਥੇਬੰਦੀਆਂ ਦੀ ਮੰਗ ਨੂੰ ਧਿਆਨ 'ਚ ਰੱਖਦਿਆਂ ਸੰਸਦ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਖੇਤੀ ਸੰਕਟ ਦਾ ਹੱਲ ਲੱਭਿਆ ਜਾਣਾ ਜ਼ਰੂਰੀ ਹੈ, ਕਿਉਂਕਿ ਇਹ ਕੌਮੀ ਸਮੱਸਿਆ ਹੈ।

ਸਾਲ 2003 ਵਿੱਚ ਮੌਕੇ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਉੱਤਰ ਪ੍ਰਦੇਸ਼ ਦੇ ਬਸਤੀ ਜ਼ਿਲੇ ਦੇ ਤਿੰਨ ਗੰਨਾ ਉਤਪਾਦਕਾਂ ਦੀ ਮੌਤ ਦੀ ਰੌਸ਼ਨੀ ਵਿੱਚ ਦੇਸ਼ 'ਚ ਗੰਨਾ ਸੰਕਟ 'ਤੇ ਚਰਚਾ ਕਰਨ ਲਈ ਸੰਸਦ ਦਾ ਵਿਸ਼ੇਸ਼ ਇਜਲਾਸ ਸੱਦਿਆ ਸੀ। ਸਾਲ 2013 ਤੋਂ ਲਗਾਤਾਰ ਹਰ ਸਾਲ 12000 ਤੋਂ ਵੱਧ ਕਿਸਾਨ ਆਤਮ-ਹੱਤਿਆ ਕਰ ਰਹੇ ਹਨ।

ਕੇਂਦਰ ਦੀ ਇੱਕ ਸੂਚਨਾ ਅਨੁਸਾਰ ਸਾਲ 2013 'ਚ ਦੇਸ਼ 'ਚ ਕੁੱਲ ਹੋਈਆਂ 12602 ਖ਼ੁਦਕੁਸ਼ੀਆਂ ਵਿੱਚੋਂ 11026 ਕਿਸਾਨ ਖ਼ੁਦਕੁਸ਼ੀਆਂ ਸਨ। ਸਾਲ 2015 'ਚ ਕੁੱਲ 8007 ਖੇਤੀ ਕਰਨ ਵਾਲੇ ਕਿਸਾਨਾਂ ਅਤੇ 4595 ਖੇਤ ਮਜ਼ਦੂਰਾਂ ਨੇ ਆਤਮ-ਹੱਤਿਆ ਕੀਤੀ, ਜਦੋਂ ਕਿ ਇਹ ਸੰਖਿਆ 2014 ਵਿੱਚ 12360 ਸੀ।


ਸਿਰਫ਼ 2014-15 ਵਿੱਚ ਜਾਨ ਗਵਾਉਣ ਵਾਲੇ ਕਿਸਾਨਾਂ ਦੀ ਗਿਣਤੀ ਵਿੱਚ 42 ਫ਼ੀਸਦੀ ਦਾ ਵਾਧਾ ਹੋਇਆ। ਤਦ ਫਿਰ ਇਹੋ ਜਿਹੀਆਂ ਹਾਲਤਾਂ 'ਚ ਸੰਸਦ ਦਾ ਵਿਸ਼ੇਸ਼ ਸਮਾਗਮ ਕਿਉਂ ਨਹੀਂ ਸੱਦਿਆ ਜਾ ਸਕਦਾ? ਜੇਕਰ 'ਕਰ-ਨਾਟਕ' ਦੇ ਮਾਮਲੇ 'ਚ ਸੁਪਰੀਮ ਕੋਰਟ ਦੇ ਜੱਜ ਸਾਹਿਬਾਨ ਨੂੰ ਰਾਤ ਭਰ ਸੰਵਿਧਾਨਕ ਸੰਕਟ ਦਾ ਵਾਸਤਾ ਦੇ ਕੇ ਜਾਗਦੇ ਰੱਖਿਆ ਜਾ ਸਕਦਾ ਹੈ ਤਾਂ ਸੰਸਦ ਦੇ ਮੈਂਬਰਾਂ ਵੱਲੋਂ ਕੌਮੀ ਸੰਕਟ ਸਮੇਂ ਇਕੱਠੇ ਹੋ ਕੇ ਇਸ ਸਮੱਸਿਆ ਨੂੰ ਕਿਉਂ ਨਹੀਂ ਵਿਚਾਰਿਆ ਜਾ ਸਕਦਾ?

# "ਭਾਰਤ ਲਈ 'ਨਿਪਾਹ' ਨਾਲ ਲੜਨਾ ਹੈ ਇੱਕ ਵੱਡੀ ਚੁਣੌਤੀ"

ਇੰਦਰਜੀਤ ਸਿੰਘ ਕਠਾਰ
91-97793-24972

ਇਤਿਹਾਸ ਦੇ ਸੁਨਹਿਰੀ ਪੰਨੇ ਇਸ ਗੱਲ ਦੀ ਗਵਾਹੀ ਭਰਦੇ ਹਨ, ਕਿ ਮਨੁੱਖ ਨੇ ਸਮੇਂ ਦੀ ਤੇਜ਼ ਰਫਤਾਰ ਦੇ ਨਾਲ-ਨਾਲ ਦੌੜਦੇ ਹੋਏ ਆਪਣੀ ਤਰੱਕੀ ਦੀਆਂ ਕਈ ਅਗਾਂਹਵਧੂ ਪੁਲਾਂਘਾਂ ਪੁੱਟੀਆਂ ਅਤੇ ਨਾਲ ਦੀ ਨਾਲ ਕਈ ਸਾਰੀਆ ਬਿਮਾਰੀਆ ਦਾ ਪ੍ਰਕੋਪ ਵੀ ਝਲਿਆ। 3 ਜਨਵਰੀ 1831 ਨੂੰ ਪਿਤਾ ਸ੍ਰੀ ਖੰਡੋਜੀ ਨੇਵਸੇ ਦੇ ਘਰ ਮਾਤਾ ਲਕਸ਼ਮੀ ਜੀ ਦੀ ਕੁੱਖੋਂ 'ਮਹਾਰਾਸ਼ਟਰ' ਦੇ 'ਨਯਾਗਾਉਂ' ਵਿਖੇ ਜਨਮ ਲੈਣ ਵਾਲੀ ਭਾਰਤ ਦੀ ਪਹਿਲੀ ਅਧਿਆਪਿਕਾ ਮਾਤਾ 'ਬਾਈ ਫੂਲੇ' ਨੇ 1897 ਵਿੱਚ ਪਲੇਗ ਦੀ ਫੈਲੀ ਭਿਆਨਕ ਬਿਮਾਰੀ ਦੇ ਸ਼ਿਕਾਰ ਮਰੀਜ਼ਾਂ ਦੀ ਸੇਵਾ ਆਪਣੇ ਤਨ, ਮਨ, ਤੇ ਧੰਨ ਨਾਲ ਕੀਤੀ ਅਤੇ ਅਖੀਰ ਉਹ 10 ਮਾਰਚ 1897 ਨੂੰ ਖੁਦ ਪਲੇਗ ਦਾ ਸ਼ਿਕਾਰ ਹੋ ਗਏ, ਜਿਸ ਨਾਲ ਉਹਨਾਂ ਦਾ ਦਿਹਾਂਤ ਹੋ ਗਿਆ। 'ਅਗਨੇਜ ਗੋਝਾ ਬੋਆਜਿਜੂ' ਜਿਹਨਾਂ ਨੂੰ ਅੱਜ ਅਸੀਂ 'ਮਦਰ ਟੈਰੇਸਾ' ਦੇ ਨਾਮ ਨਾਲ ਜਾਣਦੇ ਹਾਂ ਅਤੇ ਜਿਹਨਾਂ ਨੂੰ ਪਦਮ ਸ੍ਰੀ (1962), ਭਾਰਤ ਰਤਨ (1980), ਮਾਡਲ ਆਫ਼ ਫ੍ਰੀਡਮ (1985) ਆਦਿ ਸਨਮਾਨਾਂ ਨਾਲ ਵੀ ਨਿਵਾਜਿਆ ਗਿਆ, ਨੇ ਆਪਣਾ ਸਾਰਾ ਜੀਵਨ ਦੁਖੀਆਂ, ਗਰੀਬਾਂ, ਬੇਸਹਾਰਾਂ ਅਤੇ ਰੋਗੀਆਂ ਦੀ ਸੇਵਾ ਵਿੱਚ ਲਗਾ ਦਿੱਤਾ। ਇਤਿਹਾਸ ਇਸ ਤਰਾਂ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਨਾਲ ਭਰਿਆ ਪਿਆ ਹੈ, ਜਿਹਨਾਂ ਨੇ ਸਮੇਂ-ਸਮੇਂ ਫੈਲੀਆਂ ਬਿਮਾਰੀ ਨਾਲ ਪੀੜਤ ਲੋਕਾਂ ਦੀ, ਆਪਣੇ ਜੀਵਨ ਦੀ ਪਰਵਾਹ ਕੀਤੇ ਬਗੈਰ ਆਪਣੇ ਤਨ, ਮਨ ਤੇ ਧਨ ਨਾਲ ਸੇਵਾ ਕੀਤੀ।

ਜੇਕਰ ਅੱਜ ਦੀ ਗੱਲ ਕਰੀਏ ਤਾਂ ਅੱਜ ਭਾਰਤ ਵਿੱਚ 'ਨਿਪਾਹ' ਨਾਂ ਦਾ ਵਾਇਰਸ ਕਾਫੀ ਤੇਜ਼ੀ ਨਾਲ ਫੈਲ ਰਿਹਾ ਹੈ। ਜਿਸ ਕਾਰਨ ਕੁੱਝ ਦਿਨ ਪਹਿਲਾਂ 'ਨਿਪਾਹ' ਨਾਲ ਪੀੜਤ ਲੋਕਾਂ ਦਾ ਇਲਾਜ ਕਰਦੇ ਹੋਏ ਇੱਕ ਨਰਸ, 'ਲਿਨੀ ਪੁਤੁਸੇਰੀ' ਨੇ ਆਪਣੀ ਜਾਨ ਗਵਾ ਲਈ ਹੈ। ਕੇਰਲ ਵਿੱਚ 24 ਮਈ ਤੱਕ 12 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਹਨਾਂ ਵਿੱਚੋਂ 9 'ਕੋਝੀਕੋਡ' ਜਿਲ੍ਹੇ ਦੇ ਅਤੇ 3 'ਮਲਪੁਰਮ' ਜਿਲ੍ਹੇ ਦੇ ਸਨ। ਇਹਨਾਂ ਤੋਂ ਇਲਾਵਾ 14 ਹੋਰ ਲੋਕਾਂ ਦੇ ਵਿੱਚ ਵੀ ਇਸ ਵਾਇਰਸ ਦੀ ਪੁਸ਼ਟੀ ਹੋ ਚੁੱਕੀ ਹੈ ਅਤੇ 20 ਹੋਰ ਮਾਮਲਿਆਂ ਦੀ ਜਾਂਚ ਵੀ ਕੀਤੀ ਜਾ ਰਹੀ ਹੈ। ਇਸ ਖਤਰਨਾਕ ਵਾਇਰਸ ਕਰਕੇ ਯੂਨਾਇਟੇਡ ਅਰਬ ਅਮੀਰਾਤ (ਯੂ ਏ.ਈ) ਨੇ ਕੇਰਲ ਤੋਂ ਆਯਾਤ ਹੁੰਦੇ ਫਲ ਅਤੇ ਸਬਜੀਆਂ ਉੱਤੇ ਵੀ ਰੋਕ ਲਗਾ ਦਿੱਤੀ ਹੈ। ਕੁੱਝ ਦਿਨ ਪਹਿਲਾਂ ਹਿਮਾਚਲ ਪ੍ਰਦੇਸ਼ ਦੇ 'ਸਿਰਮੌਰ' ਜਿਲ੍ਹੇ ਦੇ ਇੱਕ ਸਕੂਲ ਕੈਂਪਸ ਵਿੱਚ ਕਈ ਚਮਗਾਦੜ ਮਰੇ ਹੋਏ ਪਾਏ ਗਏ, ਜਿਸ ਨਾਲ ਨਿਪਾਹ ਦਾ ਖਦਸ਼ਾ ਇਸ ਇਲਾਕੇ ਵਿੱਚ ਹੋਰ ਵੀ ਵੱਧ ਗਿਆ ਹੈ। ਮੌਜੂਦਾ ਰਿਪੋਰਟ ਅਨੁਸਾਰ ਗੋਆ, ਰਾਜਸਥਾਨ, ਜੰਮੂ-ਕਸ਼ਮੀਰ, ਤੇਲੰਗਾਨਾ, ਗੁਜਰਾਤ ਤੱਕ ਵੀ ਇਹ ਵਾਇਰਸ ਪਹੁੰਚ ਚੁੱਕਾ ਹੈ। ਜੇਕਰ ਨਿਪਾਹ ਦੇ ਇਤਿਹਾਸ ਤੇ ਝਾਤ ਮਾਰੀਏ ਤਾਂ, ਇਸਦੇ ਪਹਿਲੇ ਮਾਮਲੇ 1998-99 ਵਿੱਚ ਮਲੇਸੀਆ ਦੇ 'ਕੰਪੂਗ ਸ਼ਿੰਗਾਈ ਨਿਪਾਹ' ਨਾਮ ਦੇ ਇਲਾਕੇ ਵਿੱਚ ਸਾਹਮਣੇ ਆਏ ਸਨ, ਜਿਸ ਕਰਕੇ ਇਸਦਾ ਨਾਂ 'ਨਿਪਾਹ' ਰੱਖਿਆ ਗਿਆ। 1998-99 ਵਿੱਚ ਮਲੇਸੀਆ ਵਿੱਚ ਨਿਪਾਹ ਨੇ 105 ਲੋਕਾਂ ਦੀ ਜਾਨ ਲਈ ਸੀ ਅਤੇ ਸਿੰਗਾਪੁਰ ਵਿੱਚ ਵੀ ਇੱਕ ਵਿਅਕਤੀ ਨੇ ਇਸ ਦੀ ਲਪੇਟ ਵਿੱਚ ਆ ਕੇ ਆਪਣੀ ਜਾਨ ਗੁਆਈ ਸੀ। ਜੇਕਰ ਭਾਰਤ ਦੀ ਗੱਲ ਕਰੀਏ ਤਾਂ 2001 ਵਿੱਚ 'ਪੱਛਮੀ ਬੰਗਾਲ' ਦੇ 'ਸਿਲੀਗੁੜੀ' ਵਿੱਚ ਇਸਦੇ ਮਾਮਲੇ ਸਾਹਮਣੇ ਆਏ ਸਨ, ਜਿਸਨੇ 49 ਲੋਕਾਂ ਦੀ ਜਾਨ ਲਈ ਸੀ। ਇਸ ਤੋਂ ਬਾਅਦ 2007 ਵਿੱਚ ਫਰਵਰੀ ਤੋਂ ਮਈ ਦੇ ਵਿੱਚ ਫਿਰ ਪੱਛਮੀ ਬੰਗਾਲ ਦੇ 'ਨਾਦਿਆ' ਜਿਲ੍ਹੇ ਨੇ ਇਸਦੀ ਮਾਰ ਸਈ ਤੇ 5 ਲੋਕਾਂ ਨੇ ਆਪਣੀ ਜਾਨ ਗੁਆਈ ਸੀ, ਹਾਲਾਂਕਿ ਇਸ ਸਮੇਂ ਤਕਰੀਬਨ 50 ਮਾਮਲੇ ਸਾਹਮਣੇ ਆਏ ਸਨ। ਨਿਪਾਹ ਨੇ ਬੰਗਲਾਦੇਸ਼ ਵਿੱਚ ਵੀ ਕਈ ਵਾਰ ਦਸਤਕ ਦਿੱਤੇ। ਪਹਿਲੀ ਵਾਰ ਇਸਨੇ 2001 ਵਿੱਚ ਅਪ੍ਰੈਲ-ਮਈ ਦੋਰਾਨ 9 ਲੋਕਾਂ ਦੀ ਜਾਨ ਲਈ ਸੀ। ਫਿਰ 2003 ਵਿੱਚ ਇਸ ਨੇ ਚੜ੍ਹਦੇ ਸਾਲ ਹੀ 8 ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ। ਫਿਰ ਇਹ 2004 ਵਿੱਚ ਵਾਪਿਸ ਆਇਆ ਜਦੋਂ 41 ਲੋਕਾਂ ਨੇ ਅਤੇ 2005 ਵਿੱਚ 11 ਲੋਕਾਂ ਨੇ ਆਪਣੀ ਜਾਨ ਗੁਆਈ ਸੀ। ਇਸ ਤੋਂ ਬਾਅਦ ਫਿਰ ਇਸਨੇ 2007 ਵਿੱਚ ਬੰਗਲਾਦੇਸ਼ ਦਾ ਬੂਹਾ ਖੜਕਾਇਆ ਜਦੋਂ 8 ਲੋਕਾਂ ਨੇ ਆਪਣੀ ਜਾਨ ਤੋਂ ਹੱਥ ਧੋਤਾ ਸੀ। ਇਹ ਇਥੇ ਹੀ ਨਹੀ ਰੁਕਿਆ, ਇਹ ਫਿਰ 2008 ਅਤੇ 2010 ਵਿੱਚ ਵਾਪਿਸ ਆਇਆ ਅਤੇ 8-8 ਲੋਕਾਂ ਨੂੰ ਨਿਗਲ ਗਿਆ। 2011 ਵਿੱਚ ਇਸਨੇ ਫਿਰ ਦਸਤਕ ਦਿੱਤੀ, ਜਿਸਨੇ 21 ਸਕੂਲੀ ਬੱਚਿਆ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਸੀ।



ਅੱਜ ਇਸਦੇ ਮਾਮਲੇ ਭਾਰਤ ਦੇ ਕੇਰਲ ਵਿਚ ਸਾਹਮਣੇ ਆ ਰਹੇ ਹਨ। ਜਿਸਦਾ ਜਿਆਦਾ ਅਸਰ 'ਕੋਝੀਕੋਡ' ਜਿਲ੍ਹੇ ਵਿੱਚ ਦਿੱਖ ਰਿਹਾ ਹੈ। ਨਿਪਾਹ ਵਾਇਰਸ ਚਮਗਾਦੜਾਂ (ਫਲਾਇੰਗ ਫੌਕਸ ਜਾਂ ਫਰੂਟ ਬੈਟਸ) ਤੋਂ ਫੈਲਦਾ ਹੈ। ਵਿਗਿਆਨੀ 1932 ਤੋਂ ਇਸ ਉੱਤੇ ਰਿਸਰਚ ਕਰ ਰਹੇ ਹਨ। ਚਮਗਾਦੜ ਸਿਰਫ ਨਿਪਾਹ ਹੀ ਨਹੀਂ, ਬਲਕਿ ਇਸ ਵਰਗੇ ਲਗਪਗ 60 ਹੋਰ ਵਾਇਰਸ ਲੈ ਕੇ ਉੱਡਦਾ ਹੈ। ਨਿਪਾਹ ਇੱਕ 'ਯੂਨੋਟਿਕ ਡਿਸੀਜ' ਭਾਵ ਜਾਨਵਰਾਂ ਤੋਂ ਇੰਨਸਾਨਾਂ ਤੱਕ ਹੋਣ ਵਾਲੀਆ ਬਿਮਾਰੀਆ, ਦਾ ਇੱਕ ਖਤਰਨਾਕ ਵਾਇਰਸ ਹੈ। ਇਸ ਵਿੱਚ ਮੌਤ ਦਰ 43 ਤੋਂ 75 ਫੀਸਦੀ ਹੈ।ਇਹ ਚਮਗਾਦੜਾਂ ਤੋਂ ਮਨੁੱਖ ਤੱਕ, ਮਨੁੱਖ ਤੋਂ ਮਨੁੱਖ ਤੱਕ, ਫਲਾਂ ਤੋਂ ਮਨੁੱਖ ਆਦਿ ਤਰੀਕਿਆ ਨਾਲ ਫੈਲਦਾ ਹੈ। ਇਹ ਇੰਨਾ ਖਤਰਨਾਕ ਵਾਇਰਸ ਹੈ, ਜੋ ਮਰੀਜ ਨੂੰ 24 ਤੋਂ 48 ਘੰਟਿਆ ਦੇ ਅੰਦਰ-ਅੰਦਰ ਕੋਮਾ ਵਿੱਚ ਪਹੁੰਚਾਉਣ ਦੀ ਤਾਕਤ ਰੱਖਦਾ ਹੈ।

ਨਿਪਾਹ ਜਿਹੇ ਖਤਰਨਾਕ ਵਾਇਰਸ ਨਾਲ ਲੜਨਾ ਅੱਜ ਭਾਰਤ ਲਈ ਇੱਕ ਚੁਣੌਤੀ ਬਣ ਗਿਆ ਹੈ। ਇੱਕ ਜਾਣਕਾਰੀ ਮੁਤਾਬਕ 31 ਮਾਰਚ 2016 ਤੱਕ ਦੇਸ਼ ਵਿੱਚ 28.8 ਲੱਖ ਨਰਸਾਂ ਰਜਿਸਟਰ ਹਨ ਅਤੇ ਦੇਸ਼ ਦੀ ਜਨਸੰਖਿਆ ਮੁਤਾਬਿਕ 670 ਲੋਕਾਂ ਪਿੱਛੇ ਇੱਕ ਨਰਸ ਉਪਲੱਬਧ ਹੈ। ਹਾਲਾਂਕਿ ਦੇਸ਼ ਵਿੱਚ ਲਗਪਗ 8 ਹਜ਼ਾਰ ਨਰਸਿੰਗ ਇੰਸਟਿਊਟ ਹਨ ਜੋ ਲਗਪਗ 3 ਲੱਖ ਨਰਸਾਂ ਹਰ ਸਾਲ ਤਿਆਰ ਕਰਦੇ ਹਨ। 'ਵਰਲਡ ਹੈਲਥ ਆੱਰਗਨਾਈਜੇਸ਼ਨ' ਮੁਤਾਬਕ 8 ਮਰੀਜਾਂ ਪਿੱਛੇ ਇੱਕ ਨਰਸ ਦਾ ਹੋਣਾ ਲਾਜ਼ਮੀ ਹੈ।

'ਮੈਡੀਕਲ ਕੌਂਸਲ ਆਫ਼ ਇੰਡੀਆ' ਦੀ 2014 ਦੀ ਰਿਪੋਰਟ ਅਨੁਸਾਰ ਦੇਸ਼ ਵਿੱਚ 9.36 ਲੱਖ ਡਾਕਟਰ ਰਜਿਸਟਰ ਹਨ, ਜੋ ਦੇਸ਼ ਦੀ ਜਨਸੰਖਿਆ ਦੇ ਮੁਕਾਬਲੇ ਕਾਫੀ ਘੱਟ ਹਨ। ਪੇਂਡੂ ਖੇਤਰਾਂ ਵਿੱਚ ਤਾਂ ਹਾਲਾਤ ਹੋਰ ਵੀ ਗੰਭੀਰ ਹਨ, ਜਿਥੇ ਅੱਧੇ ਤੋਂ ਜਿਆਦਾ ਡਾਕਟਰਾਂ ਕੋਲ ਡਾਕਟਰੀ ਲਈ ਨਿਰਧਾਰਤ ਡਿਗਰੀ ਵੀ ਨਹੀ ਹੈ।

ਨਿਪਾਹ ਭਾਰਤ ਲਈ ਕਾਫੀ ਖਤਰਨਾਕ ਸਾਬਿਤ ਹੋ ਸਕਦਾ ਹੈ, ਕਿਉਂਕਿ ਇੱਕ ਤਾਂ ਇਸ ਨਾਲ ਲੜਨ ਲਈ ਕੋਈ ਵੀ ਦਵਾਈ ਜਾਂ ਵੈਕਸੀਨ ਨਹੀਂ ਹੈ, ਹਾਲਾਂਕਿ ਕਈ ਸਾਰੀਆ ਦਵਾਈਆਂ ਦਾ ਪ੍ਰਯੋਗ ਜਾਨਵਰਾਂ ਉਪਰ ਹੋ ਵੀ ਚੁੱਕਾ ਹੈ ਅਤੇ ਹੋ ਵੀ ਰਿਹਾ ਹੈ, ਪਰ ਫਿਲਹਾਲ ਇਸ ਵਾਇਰਸ ਨਾਲ ਲੜਨ ਲਈ ਕੋਈ ਵੀ ਦਵਾਈ ਜਾਂ ਵੈਕਸੀਨ ਪੂਰਨ ਭਾਵ ਸਪਸ਼ਟ ਤੋਰ ਤੇ ਸਾਹਮਣੇ ਨਹੀ ਆਈ ਹੈ। ਅਤੇ ਦੂਸਰਾ ਭਾਰਤ ਦੇ ਕਈ ਸਾਰੇ ਇਲਾਕੇ ਅਜਿਹੇ ਹਨ, ਜਿਥੇ ਦੇ ਵਸਨੀਕਾਂ ਨੂੰ ਇਸ ਖਤਰਨਾਕ ਵਾਇਰਸ ਦੇ ਬਾਰੇ ਪਤਾ ਤੱਕ ਨਹੀਂ ਹੈ। ਸੋ ਅੱਜ ਸਾਨੂੰ ਆਪਣੀ ਜਿੰਮੇਵਾਰੀ ਨਿਭਾਉਣ ਦੀ ਲੋੜ ਹੈ। ਜੇਕਰ ਅੱਜ

(ਬਾਕੀ ਸਫਾ 17 'ਤੇ)

# ਦਲਿਤਾਂ ’ਤੇ ਜਬਰ ਕੀ ਕਹਿੰਦਾ ਹੈ?



ਦਰਸ਼ਨ ਸਿੰਘ ਬਾਜਵਾ
(91-98783-83053)

ਪਿਛਲੇ ਦਿਨੀਂ 9 ਮਈ ਨੂੰ ਮਹਾਰਾਣਾ ਪ੍ਰਤਾਪ ਜਯੰਤੀ ਵਾਲ਼ੇ ਦਿਨ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲ੍ਹੇ ਵਿੱਚ ਉੱਥੋਂ ਦੇ ਭੀਮ ਆਰਮੀ ਸੰਗਠਨ ਦੇ ਜ਼ਿਲ੍ਹਾ ਪ੍ਰਧਾਨ ਕਮਲ ਵਾਲੀਆ ਦੇ ਭਰਾ ਸਚਿਨ ਵਾਲੀਆ ਦੀ ਗੋ਼ਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪ੍ਰਤੱਖਦਰਸ਼ੀ ਰੌਬਿਨ ਗੌਤਮ ਅਨੁਸਾਰ ਭਗਵਾਂ ਪਰਨਾ ਬੰਨ੍ਹੇ ਹੋਏ ਚਾਰ ਮੋਟਰ ਸਾਇਕਲਾਂ ’ਤੇ ਸਵਾਰ ਸੱਤ-ਅੱਠ ਜਾਣਿਆਂ ਨੇ ਸਚਿਨ ਨੂੰ ਗ਼ਲੀ ਮਾਰੀ ਅਤੇ ਨਾਅਰੇ ਲਾਉਂਦੇ ਹੋਏ ਰਾਜਪੂਤ ਭਵਨ ਵੱਲ ਚਲੇ ਗਏ। ਸਚਿਨ ਦੀ ਮਾਤਾ ਸ਼ਾਂਤੀ ਵਾਲੀਆ ਨੇ ਆਪਣੇ ਬੇਟੇ ਦੀ ਹੱਤਿਆ ਲਈ ਦੀਪਕ ਰਾਣਾ ਉਰਫ ਕਾਨ੍ਹਾ, ਸ਼ੇਰ ਸਿੰਘ ਰਾਣਾ, ਉਪਦੇਸ਼ ਰਾਣਾ ਤੇ ਨਾਗੇਂਦਰ ਰਾਣਾ ਨੂੰ ਨਾਮਜਦ ਕੀਤਾ ਹੈ। ਪਰ ਜਿਸ ਤਰ੍ਹਾਂ ਇਹਨੀਂ ਦਿਨੀਂ ਆਮ ਹੋ ਰਿਹਾ ਹੈ ਕਿ ਕਾਤਲ ਆਪਣੀ ਯੋਜਨਾ ਅਨੁਸਾਰ ਬਾਈਕ ’ਤੇ ਆਉਂਦੇ ਹਨ ਅਤੇ ਗੋ਼ਲੀਆਂ ਮਾਰ ਕੇ ਅਸਾਨੀ ਨਾ਼ਲ ਚਲੇ ਜਾਂਦੇ ਹਨ। ਕਿਸੇ ਕਾਤਲ ਦਾ ਕੋਈ ਸੁਰਾਗ ਨਹੀਂ ਨਿੱਕਲਦਾ। ਡਾ: ਨਰੇਂਦਰ ਦਾਭੋਲਕਾਰ, ਕਾ: ਪਨਸਾਰੇ, ਐਮ.ਐਮ. ਕਲਬੁਰਗੀ, ਗੌਰੀ ਲੰਕੇਸ਼ ਆਦਿ ਵਰਗੇ ਕਈ ਹਿੰਦੁਤਵ ਦੇ ਆਲੋਚਕਾਂ ਦੇ ਕਾਤਲਾਂ ਦਾ ਸਥਾਨਕ ਪੁਲਿਸ ਜਾਂ ਦੇਸ਼ ਦੀ ਕੋਈ ਖੁਫੀਆ ਏਜੰਸੀ ਕੋਈ ਪਤਾ ਨਹੀਂ ਲਾ ਸਕੀ। ਉਸੇ ਤਰ੍ਹਾਂ ਸਚਿਨ ਵਾਲੀਆ ਦੇ ਕਤਲ ਦੇ ਮਾਮਲੇ ਵਿੱਚ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਸੰਬੰਧੀ ਪੁਲਿਸ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਬਹੁਤ ਹੀ ਘਟੀਆ ਰਹੀ। ਐਸ.ਐਸ.ਪੀ. ਬਬਲੂ ਕੁਮਾਰ ਅਨੁਸਾਰ ਹੁਣ ਤੱਕ ਦੀ ਜਾਂਚ ਪੜਤਾਲ ਵਿੱਚ ਪੂਰੀ ਘਟਨਾ ਸ਼ੱਕੀ ਹੈ। ਉਸ ਅਨੁਸਾਰ ਵਾਰ-ਵਾਰ ਪੁੱਛਣ ਦੇ ਬਾਵਜੂਦ ਸਚਿਨ ਦੇ ਪਰਿਵਾਰ ਵਾ਼ਲੇ ਘਟਨਾ ਸਥਲ ਦਿਖਾਉਣ ਨੂੰ ਤਿਆਰ ਨਹੀਂ ਹਨ। ਐਸ.ਐਸ.ਪੀ. ਅਨੁਸਾਰ ਸਚਿਨ ਨੂੰ ਗੋ਼ਲੀ ਉਸਦੇ ਘਰ ਦੇ ਅੰਦਰ ਲੱਗੀ ਹੈ। ਉੱਤਰ ਪ੍ਰਦੇਸ਼ ਦੇ ਹੀ ਦਲਿਤ ਵਰਗ ਨਾ਼ਲ ਸੰਬੰਧਤ ਆਈ.ਪੀ.ਐਸ. ਅਧਿਕਾਰੀ ਸ਼੍ਰੀ ਬੀ.ਪੀ. ਅਸ਼ੋਕ ਦੁਆਰਾ ਦਲਿਤ ਵਰਗ ’ਤੇ ਹੁੰਦੇ ਅੱਤਿਆਚਾਰਾਂ ਦੇ ਖ਼ਿਲਾਫ਼ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਇਸ ਗੱਲ ਨੂੰ ਸਹੀ ਸਾਬਤ ਕਰਦਾ ਹੈ ਕਿ ਹਿੰਦੁਤਵ ਦੇ ਨਾਂਅ ’ਤੇ ਗੁੰਡਾਗਰਦੀ ਕਰਨ ਵਾਲ਼ਿਆਂ ਨੂੰ ਬਚਾਉਣ ਅਤੇ ਹਿੰਦੁਤਵ ਦਾ ਵਿਰੋਧ ਕਰਨ ਵਾਲ਼ਿਆਂ ਨੂੰ ਆਨੀਂ-ਬਹਾਨੀਂ ਕੇਸਾਂ ਵਿੱਚ ਉਲਝਾਉਣ ਦੇ ਸਰਕਾਰ ਦੁਆਰਾ ਪੁਲਿਸ ਮਹਿਕਮੇ ਨੂੰ ਗੁਪਤ ਆਦੇਸ਼ ਦਿੱਤੇ ਗਏ ਹਨ। ਕੁਰਸੀ ’ਤੇ ਬੈਠ ਕੇ ਆਪਣੇ ਲੋਕਾਂ ’ਤੇ ਅੱਤਿਆਚਾਰ ਕਰਨ ਵਾਲ਼ਿਆਂ ਨੂੰ ਬਚਾਉਣ ਦੇ ਦਿੱਤੇ ਨਿਰਦੇਸ਼ਾਂ ਨੂੰ ਉਸਦੀ ਜ਼ਮੀਰ ਝੱਲ ਨਾ ਸਕੀ। ਇਸ ਕਰਕੇ ਉਸਨੇ ਦੁਖੀ ਹੋ ਕੇ ਅਸਤੀਫ਼ਾ ਦੇਣਾ ਹੀ ਬਿਹਤਰ ਸਮਝਿਆ।

ਹੈਰਾਨੀ ਦੀ ਗੱਲ ਹੈ ਕਿ ਸਚਿਨ ਵਾਲੀਆ ਦੇ ਮਾਮਲੇ ਵਿੱਚ ਘਟਨਾ ਵਾ਼ਲੇ ਦਿਨ ਹੀ ਸ਼ੋਭਾ ਯਾਤਰਾ ਕੱਢ ਰਹੇ ਰਾਜਪੂਤਾਂ ਦੇ ਲੜਕਿਆਂ ਦੁਆਰਾ ਇਸ ਕਤਲ ਬਾਰੇ ਗੱਲਾਂ ਕਰਦਿਆਂ ਖੁਸ਼ੀਆਂ ਮਨਾਉਣ ਅਤੇ ਦਲਿਤ ਵਰਗ ਨੂੰ ਗਾ਼ਲੀ-ਗਲੋਚ ਕਰਦਿਆਂ ਫੇਸਬੁੱਕ ’ਤੇ ਲਾਈਵ ਪ੍ਰਸਾਰਣ ਕੀਤਾ ਗਿਆ। ਇਸ ਵਿੱਚ ਇੱਕ ਲੜਕਾ ਆਖ ਰਿਹਾ ਹੈ ਕਿ ਘਬਰਾਉਣ ਦੀ ਜ਼ਰੂਰਤ ਨਹੀਂ ਪ੍ਰਸ਼ਾਸਨ ਪੂਰੀ ਤਰ੍ਹਾਂ ਆਪਣਾ ਸਾਥ ਦੇ ਰਿਹਾ ਹੈ। ਇਸ ਤਰ੍ਹਾਂ ਦੀ ਹੀ ਇੱਕ ਹੋਰ ਵੀਡੀਓ ਵਿੱਚ ਵੀਹੀ ਵਿੱਚ ਖੜ੍ਹੇ ਕੁੱਝ ਲੜਕੇ ਹੱਥਾਂ ਵਿੱਚ ਦੇਸੀ ਪਿਸਤੌਲ ਲਹਿਰਾ ਕੇ ਜੈ ਸ੍ਰੀ ਰਾਮ ਦੇ ਨਾਅਰੇ ਲਾਉਂਦੇ ਹੋਏ ਗੋ਼ਲੀਆਂ ਦਾਗ ਰਹੇ ਹਨ। ਉਹ ਹਿੰਦੂ ਧਰਮ ਨੂੰ ਬਚਾਉਣ ਅਤੇ ਮੁਸਲਮਾਨਾਂ ਖ਼ਿਲਾਫ਼ ਨਫ਼ਰਤ ਭਰੀ ਸ਼ੈਲੀ ਦੀ ਵਰਤੋਂ ਵੀ ਕਰ ਰਹੇ ਹਨ। ਦੂਜੇ ਪਾਸੇ ਸਚਿਨ ਵਾਲੀਆ ਦੀ ਹੱਤਿਆ ਦਾ ਬਦਲਾ ਲੈਣ ਦੀਆਂ ਸਕੀਮਾਂ ਬਣਾਉਣ ਦੇ ਨਾਂਅ ’ਤੇ ਹਸਤਿਨਾਪੁਰ ਪੁਲਿਸ ਨੇ ਦਲਿਤ ਵਰਗ ਦੇ ਕੁੱਝ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਅਨੁਸਾਰ ਇਹ ਨੌਜਵਾਨ ਸਚਿਨ ਦੀ ਹੱਤਿਆ ਦਾ ਬਦਲਾ ਲੈਣ ਲਈ ਵੱਟਸ ਐਪ ਗਰੁੱਪ ਚਲਾ ਰਹੇ ਸਨ। ਮਤਲਬ ਗੋ਼ਲੀਆਂ ਮਾਰ ਕੇ ਕਿਸੇ ਨੌਜਵਾਨ ਨੂੰ ਮਾਰ ਦੇਣ ਵਾ਼ਲੇ ਗ੍ਰਿਫ਼ਤ ਤੋਂ ਬਾਹਰ, ਖੁੱਲ੍ਹੇਆਮ ਹਥਿਆਰ ਲਹਿਰਾ ਕੇ ਗੋ਼ਲੀਆਂ ਚਲਾਉਣ ਦੀ ਵੀਡੀਓ ਸ਼ੋਸਲ ਮੀਡੀਆ ’ਤੇ ਸ਼ੇਅਰ ਕਰਨ ਵਾ਼ਲੇ ਵੀ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਅਤੇ ਵੱਟਸ ਐਪ ਗਰੁੱਪ ’ਤੇ ਇਸ ਕਤਲ ਦਾ ਵਿਰੋਧ ਕਰਨ ਵਾ਼ਲੇ ਤੇ ਕਤਲ ਦਾ ਬਦਲਾ ਲੈਣ ਦੀਆਂ ਗੱਲਾਂ ਕਰਨ ਵਾ਼ਲੇ ਪੀੜਤ ਵਰਗ ਨਾ਼ਲ ਸੰਬੰਧਤ ਨੌਜਵਾਨ ਗ੍ਰਿਫਤਾਰ।

ਪਿਛਲੇ ਸਾਲ ਵੀ ਇਸੇ ਤਰ੍ਹਾਂ ਦੀ ਸ਼ੋਭਾ ਯਾਤਰਾ ਕੱਢਣ ਸਮੇਂ ਜਾਤੀ ਹਿੰਸਾ ਭੜਕੀ ਸੀ ਜਿਸ ਵਿੱਚ ਰਾਜੂਪਤਾਂ ਦੀ ਹਥਿਆਰਾਂ ਨਾ਼ਲ ਲੈਸ਼ ਭੀੜ ਵੱਲੋਂ ਸ਼ੱਬੀਰਪੁਰ ਪਿੰਡ ਵਿੱਚ ਦਲਿਤ ਵਰਗ ਦੇ 56 ਘਰ ਜਲਾ ਦੇਣ ਤੋਂ ਇਲਾਵਾ ਦਲਿਤਾਂ ਨਾ਼ਲ ਬੁਰੀ ਤਰ੍ਹਾਂ ਮਾਰ ਕੁਟਾਈ ਵੀ ਕੀਤੀ ਗਈ ਸੀ। ਇਸ ਦੇ ਵਿਰੋਧ ਵਿੱਚ ਹਿੰਸਕ ਪ੍ਰਦਰਸ਼ਨ ਕਰਨ ਦੇ ਅਰੋਪ ਵਿੱਚ ਭੀਮ ਆਰਮੀ ਦੇ ਮੁਖੀ ਚੰਦਰ ਸ਼ੇਖਰ ਰਾਵਣ ਸਮੇਤ ਪੀੜਤ ਵਰਗ ਦੇ ਹੀ ਕਈ ਨੌਜਵਾਨਾਂ ’ਤੇ ਦੋ ਦਰਜਨ ਦੇ ਕਰੀਬ ਪਰਚੇ ਦਰਜ ਹੋਏ ਸਨ। ਕਮਲ ਵਾਲੀਆ ਵੀ ਇਸੇ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਸੀ, ਜੋ ਜਮਾਨਤ ’ਤੇ ਰਿਹਾਅ ਹੋ ਕੇ ਬਾਹਰ ਆਇਆ ਸੀ। ਚੰਦਰ ਸ਼ੇਖਰ ਰਾਵਣ ਦੀ ਅਜੇ ਤੱਕ ਰਿਹਾਈ ਨਹੀਂ ਹੋ ਸਕੀ। ਨਵੰਬਰ ਵਿੱਚ ਸਾਰੇ ਮਾਮਲਿਆਂ ਵਿੱਚ ਹਾਈ ਕੋਰਟ ਦੁਆਰਾ ਜਮਾਨਤ ਮਿਲ ਜਾਣ ਦੇ ਬਾਵਜੂਦ ਉਸਨੂੰ ਰਿਹਾਅ ਕਰਨ ਦੀ ਬਜਾਏ ਭਾਜਪਾ ਸਰਕਾਰ ਵੱਲੋਂ ਰਾਸੁਕਾ (ਰਾਸ਼ਟਰੀ ਸੁਰੱਖਿਆ ਕਾਨੂੰਨ) ਦੇ ਤਹਿਤ ਨਜ਼ਰਬੰਦ ਕਰ ਦਿੱਤਾ ਗਿਆ ਸੀ। ਕਿੰਨੀ ਫੁਰਤੀਲੀ ਹੈ ਸਾਡੀ ਪੁਲਿਸ ਜੋ ਹਿੰਦੂਤਵੀ ਗੁੰਡਿਆਂ ਦੁਆਰਾ ਮਾਰ ਦਿੱਤੇ ਗਏ ਨਿਰਦੋਸ਼ ਲੋਕਾਂ ਦੇ ਕਾਤਲਾਂ ਦਾ ਤਾਂ ਕੋਈ ਸੁਰਾਗ ਨਹੀਂ ਲਾ ਸਕਦੀ ਪਰ ਦੂਜੇ ਪਾਸੇ ਜਿਹੜੇ ਲੋਕ ਹਿੰਦੂਵਾਦੀ ਅੱਤਵਾਦ ਤੋਂ ਪੀੜਤ ਹਨ ਅਤੇ ਉਸਦਾ ਵਿਰੋਧ ਕਰਦੇ ਹਨ ਉਹਨਾਂ ਨੂੰ ਹੀ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ। ਇੱਕ ਪਾਸੇ ਕੁੱਝ ਲੋਕ ਖੁੱਲ੍ਹੇਆਮ ਹਥਿਆਰ ਲਹਿਰਾ ਕੇ ਗੋ਼ਲੀਆਂ ਚਲਾ ਰਹੇ ਹਨ ਅਤੇ ਇੱਕ ਫਿਰਕੇ ਨੂੰ ਧਮਕੀਆਂ ਦਿੰਦੇ ਹੋਏ ਫੇਸਬੁੱਕ ’ਤੇ ਲਾਈਵ ਹੋ ਰਹੇ ਹਨ ਪਰ ਪੁਲਿਸ ਪ੍ਰਸ਼ਾਸਨ ਨੂੰ ਇਹ ਦਿਖਾਈ ਨਹੀਂ ਦਿੰਦਾ। ਦੂਜੇ ਪਾਸੇ ਵੱਟਸ ਐਪ ਗਰੁੱਪ ’ਤੇ ਹੋਣ ਵਾ਼ਲੀ ਚਰਚਾ ਦੀ ਜਾਣਕਾਰੀ ਪੁਲਿਸ ਨੂੰ ਹੋ ਜਾਂਦੀ ਹੈ ਅਤੇ ਉਹਨਾਂ ਨੌਜਵਾਨਾਂ ਨੂੰ ਗ੍ਰਿਫਤਾਰ ਵੀ ਕਰ ਲਿਆ ਜਾਂਦਾ ਹੈ।

ਹਰ ਰੋਜ਼ ਦਲਿਤਾਂ ’ਤੇ ਹੋਣ ਵਾ਼ਲੇ ਅੱਤਿਆਚਾਰਾਂ ਦੀਆਂ ਘਟਨਾਵਾਂ ਸੋਸ਼ਲ ਮੀਡੀਆ ਰਾਹੀਂ ਸਾਹਮਣੇ ਆ ਰਹੀਆਂ ਹਨ ਪਰ ਪੁਲਿਸ ਪ੍ਰਸ਼ਾਸਨ ਜਾਂ ਹੁਕਮਰਾਨਾਂ ਨੂੰ ਇਸ ਦੀ ਕੋਈ ਭਿਣਕ ਨਹੀਂ ਲੱਗਦੀ। ਛੋਟੀਆਂ ਛੋਟੀਆਂ ਬੱਚੀਆਂ ਤੱਕ ਨਾ਼ਲ ਬਲਾਤਕਾਰ ਹੋ ਰਹੇ ਹਨ। ਹਰ ਤਰ੍ਹਾਂ ਦੇ ਅਪਰਾਧਾਂ ਵਿੱਚ ਆਮ ਹਿੰਦੂਵਾਦੀ ਤੋਂ ਲੈ ਕੇ ਸੱਤਾਧਾਰੀ ਪਾਰਟੀ ਦੇ ਵਿਧਾਇਕ ਤੱਕ ਸ਼ਾਮਲ ਹਨ। ਉੱਤਰ ਪ੍ਰਦੇਸ਼ ਵਿੱਚ ਜਦੋਂ ਭਾਜਪਾ ਨਾ਼ਲ ਸੰਬੰਧਤ ਵਿਧਾਇਕ ’ਤੇ ਕਿਸੇ ਲੜਕੀ ਨੇ ਬਲਾਤਕਾਰ ਕਰਨ ਦਾ ਦੋਸ਼ ਲਗਾਇਆ ਤਾਂ ਉਸ ਦੀ ਕਿਸੇ ਨੇ ਕੋਈ ਸੁਣਵਾਈ ਨਹੀਂ ਕੀਤੀ। ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਉਸਨੂੰ ਕਲੀਨ ਚਿਟ ਦਿੰਦਾ ਰਿਹਾ। ਜਦੋਂ ਉਸ ਪੀੜਤ ਲੜਕੀ ਨੇ ਮੁੱਖ ਮੰਤਰੀ ਨਿਵਾਸ ਦੇ ਬਾਹਰ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਅਤੇ ਸੁਰਖੀਆਂ ਵਿੱਚ ਆਈ ਤਾਂ ਜਾ ਕੇ ਕਈ ਦਿਨਾਂ ਬਾਅਦ ਉਸ ਦੋਸ਼ੀ ਵਿਧਾਇਕ ਨੂੰ ਗ੍ਰਿਫਤਾਰ ਕੀਤਾ ਗਿਆ। ਥੋੜ੍ਹੇ ਦਿਨਾਂ ਬਾਅਦ ਹੀ ਉੱਤਰ ਪ੍ਰਦੇਸ਼ ਵਿੱਚ ਹੀ ਸੱਤਾਧਾਰੀ ਪਾਰਟੀ ਦੇ ਇੱਕ ਹੋਰ ਵਿਧਾਇਕ ਵੱਲੋਂ ਕਿਸੇ ਲੜਕੀ ਨਾ਼ਲ ਬਲਾਤਕਾਰ ਕਰਨ ਦੀ ਖਬਰ ਆ ਗਈ।

ਦੂਜੇ ਪਾਸੇ ਹਰ ਰੋਜ਼ ਖੁੱਲ੍ਹੇਆਮ ਬੱਚੀਆਂ ਨਾ਼ਲ ਬਲਾਤਕਾਰ ਹੋ ਰਹੇ ਹਨ। ਛੋਟੀਆਂ-ਛੋਟੀਆਂ ਬੱਚੀਆਂ ਵੀ ਸੁਰੱਖਿਅਤ ਨਹੀਂ ਰਹੀਆਂ। ਦਲਿਤਾਂ ਅਤੇ ਧਾਰਮਿਕ ਘੱਟ ਗਿਣਤੀਆਂ ਨਾ਼ਲ ਕੁੱਟ-ਮਾਰ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਕਈਆਂ ਕੇਸਾਂ ਵਿੱਚ ਤਾਂ ਜਾਨੋਂ ਮਾਰਨ ਦੀਆਂ ਖਬਰਾਂ ਵੀ ਆਈਆਂ ਹਨ। ਆਹ ਹੁਣੇ ਹੀ 20 ਮਈ ਨੂੰ ਗੁਜਰਾਤ ਦੇ ਰਾਜਕੋਟ ਜ਼ਿਲ੍ਹੇ ਦੇ ਸ਼ਪਰ ਵਿੱਚ ਇੱਕ ਫੈਕਟਰੀ ਦੇ ਮਾਲਕ ਅਤੇ ਉਸਦੇ ਕਰਿੰਦਿਆਂ ਵੱਲੋਂ ਕੂੜਾ ਕਚਰਾ ਇਕੱਤਰ ਕਰਨ ਵਾ਼ਲੇ 35 ਸਾਲਾ ਮੁਕੇਸ਼ ਸਵਜੀਭਾਈ ਵਾਨੀਆ ਨਾਮੀ ਇੱਕ ਦਲਿਤ ਨੂੰ ਰੱਸੇ ਨਾ਼ਲ ਬੰਨ੍ਹ ਕੇ ਡੰਡਿਆਂ ਨਾ਼ਲ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਹਾਲਾਤ ਇਹ ਬਣ ਗਏ ਹਨ ਕਿ ਅੱਤਿਆਚਾਰ ਦੀਆਂ ਘਟਨਾਵਾਂ ਦੀ ਇੱਕ ਖਬਰ ਦੀ ਸ਼ਿਆਹੀ ਨਹੀਂ ਸੁੱਕਦੀ ਕਿ ਇਹੋ ਜਿਹੀ ਹੀ ਇੱਕ ਹੋਰ ਖਬਰ ਆ ਜਾਂਦੀ ਹੈ। ਭਗਵਾਂ ਪਰਨਾ ਬੰਨ੍ਹ ਕੇ ਮੁਸ਼ਟੰਡਿਆਂ ਦਾ ਦਲ ਕੋਈ ਵੀ ਕਾਰਵਾਈ ਕਰ ਦੇਵੇ ਉਸਨੂੰ ਪੁੱਛਣ ਵਾ਼ਲਾ ਕੋਈ ਨਹੀਂ। ਉਂਝ ਤਾਂ ਟ੍ਰੈਫਿਕ ਨਿਯਮਾਂ ਅਨੁਸਾਰ ਬਿਨਾਂ ਹੈਲਮਿਟ ਪਹਿਨੇ ਕਿਸੇ ਵੀ ਬਾਈਕ ਸਵਾਰ ਨੂੰ ਪੁਲਿਸ ਘੇਰ ਕੇ ਚਲਾਣ ਕਰ ਦਿੰਦੀ ਹੈ ਜਾਂ ਖੱਜਲ਼-ਖੁਆਰ ਕਰਕੇ ਰਿਸ਼ਵਤ ਦੇਣ ਲਈ ਮਜ਼ਬੂਰ ਕਰਦੀ ਹੈ ਪਰ ਜੇਕਰ ਬਾਈਕ ਸਵਾਰ ਨੇ ਭਗਵਾਂ ਪਰਨਾ ਬੰਨ੍ਹਿਆ ਹੋਵੇ ਤਾਂ ਪੁਲਿਸ ਵੀ ਅੱਖਾਂ ਬੰਦ ਕਰ ਲੈਂਦੀ ਹੈ। ਸਰਕਾਰ ਦਾ ਇਹਨਾਂ ਘਟਨਾਵਾਂ ਪ੍ਰਤੀ ਕੀ ਰਵੱਈਆ ਹੈ ਇਸ ਬਾਰੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦਾ ਬਿਆਨ ਸੁਣ ਕੇ ਦੇਖ ਲਵੋ ਤਾਂ ਸਾਬਤ ਹੋ ਜਾਵੇਗਾ ਕਿ ਇੱਥੇ ਸਰਕਾਰ ਨਾਂਅ ਦੀ ਕੋਈ ਚੀਜ਼ ਹੈ ਹੀ ਨਹੀਂ। ਉਹਨਾਂ 'ਆਪ ਕੀ ਅਦਾਲਤ' ਵਿੱਚ ਦਿੱਤੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਜਿੱਥੋਂ ਤੱਕ ਕਾਨੂੰਨ ਵਿਵਸਥਾ ਦਾ ਸੰਬੰਧ ਹੈ ਉਹਨਾਂ ਦੇ ਹੱਥ ਖੜ੍ਹੇ ਹਨ। ਐਸਾ ਸਿਸਟਮ ਉਹਨਾਂ ਨੂੰ ਵਿਰਾਸਤ ਵਿੱਚ ਮਿਲਿਆ ਹੈ। ਜੇਕਰ ਪਿਛਲੀ ਸਰਕਾਰ ਦੇ ਸਮੇਂ ਤੋਂ ਸਿਸਟਮ ਖਰਾਬ ਸੀ ਤਾਂ ਉਸਨੂੰ ਠੀਕ ਵੀ ਸਰਕਾਰ ਨੇ ਹੀ ਕਰਨਾ ਸੀ। ਜੇਕਰ ਉਹ ਠੀਕ ਨਹੀਂ ਕਰ ਸਕੇ ਤਾਂ ਇਸ ਦਾ ਮਤਲਬ ਹੈ ਕਿ ਉਹਨਾਂ ਵਿੱਚ ਪ੍ਰਸ਼ਾਸਨ ਨੂੰ ਕੰਟਰੋਲ ਕਰਨ ਦੀ ਯੋਗਤਾ ਹੀ ਨਹੀਂ। ਪ੍ਰਸ਼ਾਸਨ ਵੱਲ ਦੇਖੀਏ ਤਾਂ ਉਹ ਵੀ ਬੇਵਸ ਲੱਗਦਾ ਹੈ। ਸਰਕਾਰ ਦੀ ਮਰਜ਼ੀ ਤੋਂ ਬਿਨਾਂ ਉਹ ਵੀ ਕੁੱਝ ਨਹੀਂ ਕਰ ਰਿਹਾ। ਸਪੱਸ਼ਟ ਹੋ ਰਿਹਾ ਹੈ ਕਿ ਸਰਕਾਰ ਗੁੰਡਾਗਰਦੀ ਦੀਆਂ ਵਾਪਰ ਰਹੀਆਂ ਘਟਨਾਵਾਂ ਪ੍ਰਤੀ ਜਾਣਬੁੱਝ ਕੇ ਚੁੱਪ ਹੈ ਅਤੇ ਕੋਈ ਕਾਰਵਾਈ ਹੀ ਨਹੀਂ ਕਰਨਾ ਚਾਹੁੰਦੀ। ਇੰਨਾ ਅੱਤਿਆਚਾਰ ਹੋ ਰਿਹਾ ਹੈ ਪਰ ਰਾਖਵੀਆਂ ਸੀਟਾਂ ਤੋਂ ਜਿੱਤੇ ਸਾਂਸਦ ਤੇ ਵਿਧਾਇਕ ਆਪਣੇ ਮੂੰਹ ਬੰਦ ਕਰਕੇ ਬੈਠੇ ਹਨ। ਇੱਥੋਂ ਤੱਕ ਕਿ ਜੋ ਕੇਂਦਰ ਸਰਕਾਰ ਜਾਂ ਭਾਜਪਾ ਦੀਆਂ ਰਾਜ ਸਰਕਾਰਾਂ ਵਿੱਚ ਮੰਤਰੀ ਹਨ ਉਹ ਵੀ ਚੁੱਪ ਹਨ। ਕੋਈ ਵਿਰੋਧ ਕਰਦਾ ਨਹੀਂ ਦਿਖ ਰਿਹਾ। ਫਗਵਾੜਾ ਚੌਕ ਮਾਮਲੇ ਵਿੱਚ ਇੱਕ ਨੌਜਵਾਨ ਦੀ ਗੋ਼ਲੀ ਮਾਰ ਕੇ ਹੱਤਿਆ ਹੋਈ ਪਰ ਭਾਜਪਾ ਦਾ ਇੱਕ ਵਿਧਾਇਕ ਸੋਮ ਪ੍ਰਕਾਸ਼ ਸਗੋਂ ਵਿਰੋਧੀ ਖੇਮੇ ਵਿੱਚ ਜਾ ਕੇ ਸੰਵਿਧਾਨ ਚੌਕ ਦੇ ਖਿਲਾਫ਼ ਬੋਲਦਾ ਦਿਖਿਆ। ਦਲਿਤ ਵਰਗ ਦੇ ਲੋਕ ਰਾਖਵੀਆਂ ਸੀਟਾਂ ਤੋਂ ਜਿੱਤਣ ਵਾ਼ਲੇ ਇਹਨਾਂ ਨੁਮਾਇੰਦਿਆਂ ਨੂੰ ਅਪਣੇ ਨੁਮਾਇੰਦੇ ਸਮਝਣ ਦੀ ਗਲਤੀ ਕਰ ਬੈਠਦੇ ਹਨ ਜਦਕਿ ਇਹ ਤਾਂ ਬ੍ਰਾਹਮਣਵਾਦੀ ਪਾਰਟੀਆਂ ਦੇ ਜਮੂਰੇ ਹੁੰਦੇ ਹਨ। ਜਿਵੇਂ ਇਹਨਾਂ ਦੇ ਆਕਾ ਕਹਿੰਦੇ ਹਨ ਉਸ ਤਰ੍ਹਾਂ ਦੀ ਬੋਲੀ ਹੀ ਇਹ ਲੋਕ ਬੋਲਦੇ ਹਨ। ਜੇਕਰ ਕਿਤੇ ਭੁਲੇਖੇ ਨਾ਼ਲ ਇਹ ਲੋਕ ਥੋੜ੍ਹਾ ਜਿਹਾ ਵੀ ਵਿਰੋਧ ਦਰਜ ਕਰਵਾਉਂਦੇ ਹਨ ਤਾਂ ਇਹਨਾਂ ਨੂੰ ਪਾਰਟੀ ਵਿੱਚ ਜ਼ਲੀਲ ਕੀਤਾ ਜਾਂਦਾ ਹੈ। ਰਾਜਸਥਾਨ ਦੇ ਨਗੌਰ ਜ਼ਿਲ੍ਹੇ ਦੇ ਡਾਂਗਾਵਾਸ ਵਿੱਚ ਜਦੋਂ ਜਾਟਾਂ ਨੇ ਦਲਿਤ ਵਰਗ ਦੇ ਲੋਕਾਂ ਦੀ ਜ਼ਮੀਨ ’ਤੇ ਕਬਜ਼ਾ ਕਰਨ ਲਈ ਉਹਨਾਂ ’ਤੇ ਟ੍ਰੈਕਟਰ ਚਾੜ੍ਹ ਕੇ ਕਈ ਵਿਅਕਤੀਆਂ ਨੂੰ ਬੇਰਹਿਮੀ ਨਾ਼ਲ ਮੌਤ ਦੇ ਘਾਟ ਉਤਾਰਿਆ ਸੀ ਤਾਂ ਇਸ ਕਾਂਡ ਦੀ ਕਿਸੇ ਏਜੰਸੀ ਤੋਂ ਜਾਂਚ ਕਰਾਉਣ ਦੀ ਮੰਗ ਕਰਨ ਵਾ਼ਲੀ ਉੱਥੋਂ ਦੀ ਸੱਤਾਧਾਰੀ ਪਾਰਟੀ ਨਾ਼ਲ ਸੰਬੰਧਤ ਦਲਿਤ ਵਰਗ ਦੀ ਵਿਧਾਇਕਾ ਕੁਸਮ ਮੇਘਵਾਲ ਦੀ ਪੁਲਿਸ ਵੱਲੋਂ ਸਰਕਾਰ ਦੀ ਸ਼ਹਿ ’ਤੇ ਥਾਣੇ ਵਿੱਚ ਬੁਲਾ ਕੇ ਕੁੱਟ ਮਾਰ ਕੀਤੀ ਗਈ ਸੀ। ਉਸਤੋਂ ਬਾਅਦ ਉਹ ਏਨਾ ਜਰਕ ਗਈ ਕਿ ਮੁੜ ਕੇ ਕਦੇ ਬੋਲੀ ਨਹੀਂ। ਇਸੇ ਤਰ੍ਹਾਂ ਰਾਜਸਥਾਨ ਦਾ ਹੀ ਇੱਕ ਭਾਜਪਾ ਸਾਂਸਦ ਅਰਜਨ ਮੇਘਵਾਲ ਕਿਤੇ ਮੀਟਿੰਗ ਵਿੱਚ ਪਾਰਟੀ ਮੁਖੀ ਅਮਿਤ ਸ਼ਾਹ ਨੂੰ ਕੋਈ ਸਲਾਹ ਦੇ ਬੈਠਿਆ। ਅਮਿਤ ਸ਼ਾਹ ਨੇ ਝਿੜਕ ਕੇ ਇਹ ਕਹਿੰਦਿਆਂ ਉਸਨੂੰ ਚੁੱਪ ਕਰਾ ਦਿੱਤਾ ਕਿ ਸਲਾਹਾਂ ਦੇਣ ਲਈ ਸਾਡੇ ਕੋ਼ਲ ਲੱਖਾਂ ਕਾਰਜਕਰਤਾ ਹਨ। ਤੇਰੇ ਵਰਗਿਆਂ ਨੂੰ ਇਸ ਲਈ ਚੋਣ ਲੜਾਉਣੀ ਪੈਂਦੀ ਹੈ ਕਿਉਂਕਿ ਅਸੀਂ ਹੋਰ ਕਿਸੇ ਨੂੰ ਚੋਣ ਲੜਾ ਨਹੀਂ ਸਕਦੇ। ਇਸ ਤਰ੍ਹਾਂ ਸਾਰੇ ਨੁਮਾਇੰਦੇ ਆਪਣਾ ਆਪਾ ਬਚਾਉਣ ਲਈ ਬੁੱਲ੍ਹ ਸਿਉਂ ਕੇ ਚੁੱਪ-ਚਾਪ ਆਪਣੇ ਭਰਾਵਾਂ ’ਤੇ ਹੁੰਦਾ ਅੱਤਿਆਚਾਰ ਦੇਖਦੇ ਰਹਿੰਦੇ ਹਨ। ਰੋਮ ਜਲ ਰਿਹਾ ਹੈ ਅਤੇ ਨੀਰੋ ਬੰਸਰੀ ਵਜਾਉਂਦਾ ਹੋਇਆ ਹਿੰਦੂ ਰਾਸ਼ਟਰ ਬਣਾਉਣ ਦੀ ਗੱਲ ਕਰ ਰਿਹਾ ਹੈ। ਜੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਆਰਮੀ ਚੀਫ, ਚੀਫ ਜਸਟਿਸ, ਮੁੱਖ ਚੋਣ ਕਮਿਸ਼ਨਰ ਸਭ ਹਿੰਦੂ ਹਨ ਤਾਂ ਹਿੰਦੂ ਰਾਸ਼ਟਰ ਹੋਰ ਕੀ ਹੁੰਦਾ ਹੈ?

# ਰਾਜਨੀਤਕ ਅਤੇ ਸਮਾਜਿਕ ਅਹੁਦਾ

ਪਿਛਲੇ ਦਿਨੀਂ ਅੰਗਰੇਜ਼ੀ ਅਖ਼ਬਾਰ ਟਾਈਮਜ਼ ਆਫ ਇੰਡੀਆ ਵਿੱਚ ਰਾਜਸਥਾਨ ਵਿੱਚ ਅਜਮੇਰ ਦੇ ਬ੍ਰਹਮਾ ਮੰਦਰ ਵਿੱਚ ਭਾਰਤ ਦੇ ਰਾਸ਼ਟਰਪਤੀ ਸ਼੍ਰੀ ਰਾਮਨਾਥ ਕੋਵਿੰਦ ਦੀ ਮੰਦਰ ਦੀਆਂ ਪੌੜੀਆਂ ’ਤੇ ਬਿਠਾ ਕੇ ਪੂਜਾ ਕਰਾਉਣ ਦੀ ਤਸਵੀਰ ਛਪੀ। ਇਹ ਅਜੀਬ ਗੱਲ ਹੈ ਕਿ ਦੇਸ਼ ਦੇ ਪਹਿਲੇ ਨਾਗਰਿਕ ਨੂੰ ਮੰਦਰ ਦੀਆਂ ਪੌੜੀਆਂ ’ਤੇ ਹੀ ਬੈਠ ਕੇ ਪੂਜਾ ਕਰਨੀ ਪਈ। ਇਹ ਤਾਂ ਪੂਰੇ ਦੇਸ਼ ਦਾ ਅਪਮਾਨ ਹੈ। ਪਰ ਅਜਿਹਾ ਪਹਿਲੀ ਵਾਰ ਨਹੀਂ ਹੋਇਆ। ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੂੰ ਵੀ 1985 ਵਿੱਚ ਗੁਰੂਵਿਊਰ ਮੰਦਰ ਵਿੱਚ ਵੜਨ ਦੀ ਇਜਾਜ਼ਤ ਨਹੀਂ ਸੀ ਮਿ਼ਲੀ। ਇਸੇ ਤਰ੍ਹਾਂ ਬ੍ਰਾਹਮਣ ਹੋਣ ਦੇ ਬਾਵਜੂਦ ਪਾਰਸੀ ਨਾ਼ਲ ਵਿਆਹ ਕਰਾਉਣ ਕਰਕੇ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਵੀ 1984 ਵਿੱਚ ਪੁਰੀ ਦੇ ਜਗਨਨਾਥ ਮੰਦਰ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਮਿਲੀ। ਬਿਹਾਰ ਦਾ ਮੁੱਖ ਮੰਤਰੀ ਜਤਿਨ ਮਾਂਝੀ 2014 ਵਿੱਚ ਮਧੂਬਨੀ ਦੇ ਇੱਕ ਮੰਦਰ ਦੇ ਅੰਦਰ ਚਲਿਆ ਗਿਆ ਸੀ ਪਰ ਉਸਦੇ ਜਾਣ ਪਿੱਛੋਂ ਬ੍ਰਾਹਮਣਾਂ ਦੁਆਰਾ ਮੰਦਰ ਦੀ ਸ਼ੁੱਧੀ ਕੀਤੀ ਗਈ ਸੀ। ਮੰਦਰਾਂ ਵਿੱਚ ਜਾਣ ਵਾ਼ਲੇ ਇਹਨਾਂ ਲੋਕਾਂ ਨੂੰ ਵੀ ਪਤਾ ਹੈ ਕਿ ਹਿੰਦੂ ਮਾਨਸਿਕਤਾ ਕਿਹੋ ਜਿਹੀ ਹੈ ਫਿਰ ਵੀ ਉਹ ਮੰਦਰਾਂ ਵਿੱਚ ਜਾਂਦੇ ਹਨ। ਆਮ ਸਧਾਰਨ ਲੋਕਾਂ ਨੂੰ ਲੱਗਦਾ ਹੈ ਕਿ ਇਹ ਉਹਨਾਂ ਦੀ ਆਸਥਾ ਹੈ। ਪਰ ਅਸਲ ਵਿੱਚ ਭਾਰਤ ਦਾ ਸਮਾਜਿਕ ਪ੍ਰਬੰਧ ਅਜਿਹਾ ਬਣਾ ਦਿੱਤਾ ਗਿਆ ਹੈ ਕਿ ਜੋ ਵੀ ਵਿਅਕਤੀ ਹਿੰਦੂਵਾਦ ਦਾ ਜ਼ਿਆਦਾ ਹਮਾਇਤੀ ਹੈ ਉਹ ਹੀ ਇਸ ਪ੍ਰਬੰਧ ਵਿੱਚ ਕਾਮਯਾਬੀ ਹਾਸਲ ਕਰਦਾ ਹੈ। ਇਸ ਲਈ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਲਈ ਹਰ ਕਿਸੇ ਨੂੰ ਆਪਣੇ-ਆਪ ਨੂੰ ਹਿੰਦੂਵਾਦ ਦਾ ਵੱਡਾ ਹਮਾਇਤੀ ਦਿਖਾਉਣਾ ਜ਼ਰੂਰੀ ਹੋ ਜਾਂਦਾ ਹੈ। ਭਾਜਪਾ ਦਾ ਤਾਂ ਏਜੰਡਾ ਹੀ ਰਾਮ ਮੰਦਰ ਵਰਗੇ ਮੁੱਦਿਆਂ ਦੇ ਨਾਂਅ ’ਤੇ ਸਿਆਸਤ ਕਰਕੇ ਹਿੰਦੂਤਵ ਨੂੰ ਅੱਗੇ ਲਿਆਉਣਾ ਹੈ ਪਰ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਵੀ ਖੁਦ ਨੂੰ ਹਿੰਦੂ ਸਾਬਤ ਕਰਨ ਲਈ ਆਪਣਾ ਜਨੇਊ ਦਿਖਾ ਰਿਹਾ ਸੀ।

ਲੋਕਤੰਤਰ ਬਹੁਮਤ ਸਹਾਰੇ ਚੱਲਦਾ ਹੈ। ਪਰ ਵਰਣ ਵਿਵਸਥਾ ਵਾ਼ਲੇ ਸਮਾਜ ਦੀਆਂ ਵੋਟਾਂ ਉਸਨੂੰ ਹੀ ਮਿ਼ਲਦੀਆਂ ਹਨ ਜਿਹੜਾ ਬ੍ਰਾਹਮਣ ਤੇ ਉਸਦੇ ਮੰਦਰ ਵਿੱਚ ਆਸਥਾ ਰੱਖਦਾ ਹੋਵੇ। ਚੋਣ ਪ੍ਰਣਾ਼ਲੀ ਤੋਂ ਪਹਿਲਾਂ ਵੀ ਇਹੀ ਹਾਲ ਸੀ। ਰਮਾਇਣ ਮੁਤਾਬਕ ਰਾਮ ਇਸ ਲਈ ਮਰਯਾਦਾ ਪ੍ਰਸ਼ੋਤਮ ਹੈ ਕਿਉਂਕਿ ਉਹ ਬ੍ਰਾਹਮਣ ਦੀ ਮਰਯਾਦਾ ਦਾ ਪਾਬੰਦ ਹੈ ਅਤੇ ਬ੍ਰਾਹਮਣ ਦੇ ਹੁਕਮ ਅਨੁਸਾਰ ਹੀ ਆਪਣਾ ਹਰ ਫ਼ੈਸਲਾ ਕਰਦਾ ਹੈ। ਰਾਮ ਨੇ ਜਦੋਂ ਰਾਵਣ ਨੂੰ ਮਾਰਿਆ ਤਾਂ ਲੰਕਾ ਦੀ ਗੱਦੀ ਆਪਣੇ ਉਸ ਹਮਾਇਤੀ ਭਵੀਸ਼ਨ ਨੂੰ ਦਿੱਤੀ ਜਿਹੜਾ ਆਪਣੇ ਸਕਾ ਭਰਾ ਦਾ ਨਹੀਂ ਬਣਿਆ ਅਤੇ ਬ੍ਰਾਹਮਣ ਦਾ ਹੁਕਮ ਮੰਨਣ ਲਈ ਤਿਆਰ ਹੋ ਗਿਆ।

ਸ਼ਿਵਾਜੀ ਮਰਾਠਾ ਨੇ ਮੁਗ਼ਲ ਰਾਜ ਦੇ ਵਿਰੁੱਧ ਮਰਾਠਿਆਂ ਦੀ ਅਗਵਾਈ ਕੀਤੀ ਅਤੇ ਆਪਣਾ ਰਾਜ ਵੀ ਕਾਇਮ ਕੀਤਾ। ਪਰ ਫਿਰ ਵੀ ਕੋਈ ਬ੍ਰਾਹਮਣ ਉਸ ਨੂੰ ਰਾਜਾ ਮੰਨਣ ਨੂੰ ਤਿਆਰ ਨਹੀਂ ਸੀ ਕਿਉਂਕਿ ਬ੍ਰਾਹਮਣ ਦੇ ਧਰਮ ਮੁਤਾਬਿਕ ਉਹ ਸ਼ੂਦਰ ਸੀ। ਹਿੰਦੂ ਧਰਮ ਦੀ ਵਰਣ ਵਿਵਸਥਾ ਮੁਤਾਬਿਕ ਕੇਵਲ ਕਸ਼ੱਤਰੀ ਵਰਗ ਹੀ ਰਾਜ ਕਰ ਸਕਦਾ ਹੈ। ਸ਼ਿਵਾਜੀ ਨੇ ਆਪਣੇ-ਆਪ ਨੂੰ ਕਸ਼ੱਤਰੀ ਐਲਾਨ ਕਰਵਾਉਣ ਲਈ ਸਾਰਾ ਜ਼ੋਰ ਲਗਾ ਦਿੱਤਾ। ਇਸ ਵਾਸਤੇ ਸ਼ਿਵਾਜੀ ਨੂੰ ਕਾਸ਼ੀ ਦੇ ਬ੍ਰਾਹਮਣ ਵਿਸ਼ਵੇਸ਼ਵਰ ਭੱਟ (ਗੰਗ ਭੱਟ) ਨੂੰ ਭਾਰੀ ਰਿਸ਼ਵਤ ਨਾ਼ਲ ਖ਼ਰੀਦ ਕੇ ਅਸ਼ੀਰਵਾਦ ਲੈਣਾ ਪਿਆ। ਉਸ ਬ੍ਰਾਹਮਣ ਨੇ ਸ਼ਿਵਾਜੀ ਨੂੰ ਤਿਲਕ ਲਗਾ ਕੇ ਕਸ਼ੱਤਰੀ ਐਲਾਨ ਕਰ ਦਿੱਤਾ। ਭਾਵੇਂ ਉਸ ਨੇ ਮੋਟੀ ਰਕਮ ਲੈ ਕੇ ਵੀ ਹੱਥ ਦੀ ਬਜਾਏ ਪੈਰ ਦੇ ਅੰਗੂਠੇ ਨਾ਼ਲ ਸ਼ਿਵਾਜੀ ਦੇ ਮੱਥੇ ’ਤੇ ਤਿਲਕ ਲਾ ਕੇ ਅਸ਼ੀਰਵਾਦ ਦਿੱਤਾ। ਸ਼ਿਵਾਜੀ ਨੇ ਗੰਗ ਭੱਟ ਨੂੰ 35000 ਅਤੇ ਦੂਸਰੇ ਬ੍ਰਾਹਮਣਾਂ ਨੂੰ 85000 ਸੋਨੇ ਦੇ ਸਿੱਕੇ ਵੰਡੇ।

ਸਰ ਯਦੂਨਾਥ ਸਰਕਾਰ ਆਪਣੀ ਪੁਸਤਕ 'ਸ਼ਿਵਾਜੀ ਕਾ ਰਾਜਿਅਭਿਸ਼ੇਕ' ਦੇ ਪੰਨੇ 108 ’ਤੇ ਲਿਖਦੇ ਹਨ "ਅਭਿਸ਼ੇਕ ਦੇ ਦੋ ਦਿਨ ਬਾਅਦ ਮੀਂਹ ਪੈਣਾ ਸ਼ੁਰੂ ਹੋ ਗਿਆ। 10-11 ਦਿਨ ਤੱਕ ਮੀਂਹ ਪੈਂਦਾ ਰਿਹਾ। ਰਾਜ ਤਿਲਕ ਲਈ ਆਏ ਹੋਏ ਬ੍ਰਾਹਮਣ ਮਹਿਮਾਨਾਂ ਨੂੰ ਮਹਿਲ ਵਿੱਚ ਹੀ ਠਹਿਰਾਉਣਾ ਪਿਆ ਕਿਉਂਕਿ ਬਰਸਾਤ ਨਾ਼ਲ ਰਸਤੇ ਬੰਦ ਹੋ ਗਏ ਸਨ। ਬਾਰਾਂ ਦਿਨਾਂ ਬਾਅਦ ਸ਼ਿਵਾਜੀ ਦੀ ਮਾਤਾ ਜੀਜਾਬਾਈ ਦਾ ਦਿਹਾਂਤ ਹੋ ਗਿਆ। ਇਸ ਰਾਜ ਤਿਲਕ ’ਤੇ ਸ਼ਿਵਾਜੀ ਨੇ 7 ਕਰੋੜ 10 ਲੱਖ ਰੁਪਏ ਖ਼ਰਚ ਕੀਤੇ।'' ਇਸ ਤਰ੍ਹਾਂ ਸ਼ਾਹੀ ਖ਼ਜ਼ਾਨਾ ਬ੍ਰਾਹਮਣਾਂ ਨੂੰ ਲੁਟਾਉਣ ਕਾਰਣ ਸ਼ਿਵਾਜੀ ਦੀ ਆਰਥਿਕ ਹਾਲਤ ਵੀ ਪਤਲੀ ਹੋਈ ਅਤੇ ਉਹ ਬ੍ਰਾਹਮਣਾਂ ਦਾ ਮਾਨਸਿਕ ਗ਼ੁਲਾਮ ਵੀ ਬਣਿਆ। ਉਸ ਤੋਂ ਬਾਅਦ ਉਸ ਦੀ ਔਲਾਦ ਨੂੰ ਵੀ ਇਸ ਦਾ ਭਾਰੀ ਮੁੱਲ ਚੁਕਾਉਣਾ ਪਿਆ।

ਇਸੇ ਤਰ੍ਹਾਂ ਹੀ ਮਹਾਰਾਜਾ ਰਣਜੀਤ ਸਿੰਘ ਨਾ਼ਲ ਵੀ ਵਾਪਰਿਆ। ਉਹ ਸਿੱਖ ਸੀ ਜਿਸ ਕਰਕੇ ਰਾਜਾ ਬਣਨ ਲਈ ਉਸਨੂੰ ਕਿਸੇ ਬ੍ਰਾਹਮਣ ਤੋਂ ਤਿਲਕ ਲਵਾਉਣ ਦੀ ਕੋਈ ਜ਼ਰੂਰਤ ਨਹੀਂ ਸੀ। ਉਸਦੇ ਰਾਜਾ ਬਣਨ ਦੀ ਰਸਮ ਅਸਾਨੀ ਨਾ਼ਲ ਹੋ ਗਈ। ਪਰ ਉਸਦੇ ਦਰਬਾਰ ਵਿੱਚ ਬੈਠੇ ਹਿੰਦੂ ਡੋਗਰਿਆਂ ਅਤੇ ਬ੍ਰਾਹਮਣਾਂ ਨੇ ਉਸਨੂੰ ਚੰਗੀ ਤਰ੍ਹਾਂ ਜਚਾ ਦਿੱਤਾ ਕਿ ਜੇਕਰ ਤੂੰ ਹਿੰਦੂ ਧਰਮ ਅਨੁਸਾਰ ਰਸਮਾਂ ਨਿਭਾਵੇਂਗਾ ਤਾਂ ਅਸਾਨੀ ਨਾ਼ਲ ਰਾਜ ਕਰੇਂਗਾ। ਇਸ ’ਤੇ ਮਹਾਰਾਜਾ ਰਣਜੀਤ ਸਿੰਘ ਅੰਦਰੋਂ ਸ਼ੁੱਧ ਹਿੰਦੂ ਬਣ ਗਿਆ। ਜਦੋਂ ਮਹਾਰਾਜਾ ਰਣਜੀਤ ਸਿੰਘ ’ਤੇ ਬ੍ਰਾਹਮਣਵਾਦ ਦਾ ਅਸਰ ਹੋ ਗਿਆ ਤਾਂ ਉਹ ਬ੍ਰਾਹਮਣਾਂ ਦੀਆਂ ਸਲਾਹਾਂ ਨਾ਼ਲ ਹੀ ਚੱਲਣ ਲੱਗ ਪਿਆ। ਇਸ ਬਾਰੇ ਮੁਹੰਮਦ ਲਤੀਫ ਨੇ ਆਪਣੀ ਪੁਸਤਕ 'ਪੰਜਾਬ ਦਾ ਇਤਿਹਾਸ' ਵਿੱਚ ਲਿਖਿਆ ਹੈ :-

1802 ਵਿੱਚ ਖੜਕ ਸਿੰਘ ਦਾ ਜਨਮ ਹੋਇਆ। ਜੋਤਸ਼ੀਆਂ ਨੂੰ ਸੱਦ ਕੇ ਬੱਚੇ ਦਾ ਨਾਮ ਖੜਕ ਸਿੰਘ ਰੱਖਿਆ ਗਿਆ। 1806 ਵਿੱਚ ਮਹਾਰਾਜਾ ਕਟਾਸ ਰਾਜ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਨ ਗਿਆ। 1831 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ ਅਫਸਰਾਂ ਨਾ਼ਲ ਮੁਲਾਕਾਤ ਕਰਨ ਲਈ ਬ੍ਰਾਹਮਣ ਜੋਤਸ਼ੀਆਂ ਨੂੰ ਪੁੱਛਿਆ। ਉਹਨਾਂ ਦੀ ਸਲਾਹ ਮੁਤਾਬਕ ਹੀ ਅੰਗਰੇਜ਼ਾਂ ਨਾ਼ਲ ਸਮਝੌਤਾ ਹੋਇਆ। 1833 ਵਿੱਚ ਮਹਾਰਾਜਾ ਬਿਮਾਰ ਹੋ ਗਿਆ। ਇੱਕ ਰਾਤ ਉਸਨੂੰ ਇੱਕ ਭੈੜਾ ਸੁਪਨਾ ਆਇਆ। ਇਸ ਬਾਰੇ ਸਲਾਹ ਲੈਣ ਲਈ ਬ੍ਰਾਹਮਣ ਜੋਤਸ਼ੀਆਂ ਨੂੰ ਬੁਲਾਇਆ ਗਿਆ। ਉਹਨਾਂ ਨੇ ਦੱਸਿਆ ਕਿ ਸੁਪਨੇ ਵਿੱਚ ਆਉਣ ਵਾ਼ਲੇ ਅਕਾਲ ਪੁਰਖ ਦੇ ਯੋਧੇ ਹਨ ਜੋ ਇਹ ਆਖਣ ਆਏ ਹਨ ਕਿ ਉਸਨੇ ਮੁਸਲਮਾਨ ਔਰਤ (ਗੁਲ ਬਹਾਰ) ਨਾ਼ਲ ਵਿਆਹ ਕਰਕੇ ਆਪਣੇ ਧਰਮ ਦਾ ਤਿਆਗ ਕੀਤਾ ਹੈ। ਇਸ ਦਾ ਪਛਤਾਵਾ ਕੀਤਾ ਜਾਏ। ਜੋਤਸ਼ੀਆਂ ਦੀ ਰਾਇ ਮੁਤਾਬਕ ਮਹਾਰਾਜੇ ਨੇ ਪਛਤਾਵੇ ਵਜੋਂ ਦੁਬਾਰਾ ਅੰਮ੍ਰਿਤ ਛਕਿਆ। ਬ੍ਰਾਹਮਣਾਂ ਨੇ ਸ਼ਾਸਤਰ ਵਾਚ ਕੇ ਕਿਹਾ ਕਿ ਅਸ਼ੁਭ ਗ੍ਰਹਿਆਂ ਨੂੰ ਦੂਰ ਕਰਨ ਲਈ 51 ਤੋ਼ਲੇ ਸੋਨੇ ਦੀ ਮੂਰਤੀ ਯਾਕੂਤ ਅਤੇ ਨੀਲਮ ਜੜ ਕੇ ਬਨਾਰਸ ਜਾਂ ਮਥਰਾ ਦੇ ਬ੍ਰਾਹਮਣ ਨੂੰ ਦਾਨ ਕੀਤੀ ਜਾਵੇ। ਬ੍ਰਾਹਮਣਾਂ ਦੇ ਕਹੇ ਮੁਤਾਬਕ ਹੀ ਮੂਰਤੀ ਬਣਵਾਈ ਗਈ। ਇਸ ਦੌਰਾਨ ਇੱਕ ਮਥਰਾ ਦਾ ਪੰਡਤ ਮਿਲ ਗਿਆ। ਉਸਨੂੰ ਇਹ ਮੂਰਤੀ ਦਾਨ ਵਜੋਂ ਦੇ ਦਿੱਤੀ ਗਈ। ਇਸ ਦੇ ਨਾ਼ਲ ਹੀ 5000 ਰੁਪਿਆ ਨਕਦ, ਕੰਨਾਂ ਦੀਆਂ ਵਾ਼ਲੀਆਂ ਅਤੇ ਘੋੜਾ ਦਾਨ ਵੀ ਦਿੱਤਾ।

1836 ਵਿੱਚ ਮਹਾਰਾਜੇ ਨੂੰ ਅਧਰੰਗ ਹੋ ਗਿਆ। ਇਸ ਸਮੇਂ ਰੋਜ਼ ਰਾਤ ਨੂੰ ਮਹਾਰਾਜੇ ਦੇ ਸਿਰ੍ਹਾਣੇ ਹੇਠ ਦੋ ਹਜਾਰ ਰੁਪਿਆ ਰੱਖਿਆ ਜਾਂਦਾ ਜੋ ਸਵੇਰੇ ਗਰੀਬਾਂ ਨੂੰ ਦਾਨ ਦਿੱਤਾ ਜਾਂਦਾ। ਲਾਹੌਰ ਤੇ ਅੰਮ੍ਰਿਤਸਰ ਦੇ ਬ੍ਰਾਹਮਣਾਂ ਨੂੰ ਘੋੜੇ, ਗਊਆਂ ਤੇ ਕੱਪੜੇ ਦਾਨ ਦਿੱਤੇ ਗਏ। ਜਵਾਲਾ ਮੁਖੀ ਤੇ ਕਾਂਗੜੇ ਦੇ ਮੰਦਰਾਂ ਨੂੰ ਚੋਖੀਆਂ ਰਕਮਾਂ ਚੜ੍ਹਾਵੇ ਵਜੋਂ ਦਿੱਤੀਆਂ ਗਈਆਂ। ਬਿਮਾਰੀ ਠੀਕ ਹੋਣ ’ਤੇ ਅਰੋਗਤਾ ਇਸ਼ਨਾਨ ਵਾ਼ਲੇ ਦਿਨ ਫਿਰ 5000 ਰੁਪਏ ਬ੍ਰਾਹਮਣਾਂ ਤੇ ਫਕੀਰਾਂ ਨੂੰ ਦਾਨ ਦਿੱਤਾ ਗਿਆ। 27 ਜੂਨ 1838 ਨੂੰ ਮਹਾਰਾਜੇ ਦੀ ਮੌਤ ਹੋਈ ਤਾਂ ਬ੍ਰਾਹਮਣਾਂ ਦੇ ਕਹੇ ਤੋਂ ਹੀ ਉਸ ਦੇ ਫੁੱਲ ਹਰਿਦੁਆਰ ਪਾਏ ਗਏ।

ਪ੍ਰਕਾਸ਼ ਸਿੰਘ ਬਾਦਲ ਆਪਣੇ ਘਰ ਵਿੱਚ ਚੰਦਰਾਸਵਾਮੀ ਨੂੰ ਬੁਲਾ ਕੇ ਹਵਨ ਕਰਾਉਂਦਾ ਰਿਹਾ ਹੈ ਤਾਂ ਇਸ ਦਾ ਮਤਲਬ ਸੀ ਕਿ ਉਹ ਦਿਖਾ ਰਿਹਾ ਸੀ ਕਿ ਮੈਂ ਸਿੱਖ ਨਹੀਂ ਹਿੰਦੂ ਹਾਂ। ਅੱਜ ਜਦੋਂ ਨਵਜੋਤ ਸਿੱਧੂ ਵਰਗਾ ਕੋਈ ਸ਼ੂਦਰ ਨੇਤਾ ਦੁਰਗਿਆਨਾ ਮੰਦਰ ਨੂੰ 19 ਕਰੋੜ ਰੁਪਿਆ ਸਰਕਾਰੀ ਖਜਾਨੇ ’ਚੋਂ ਦਿੰਦਾ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਹ

(ਬਾਕੀ ਅਗਲੇ ਸਫੇ ‘ਤੇ)



ਯੁੱਗਾਂ-ਯੁੱਗਾਂ ਤੋਂ ਸ਼ੂਦਰ ਖਾਮੋਸ਼ੀ ਨਾਲ ਨਿਰੰਤਰ ਮਸ਼ੀਨ ਵਾਂਗ ਦੇਸ਼ ਦੀ ਸਾਰੀ ਸੰਪਤੀ ਦਾ ਉਤਪਾਦਨ ਕਰਦੇ ਚਲੇ ਆ ਰਹੇ ਹਨ ਅਤੇ ਸਵਰਣ ਜਾਤੀਆਂ ਆਪਣੀ ਚਲਾਕ ਬੁੱਧੀ ਨਾਲ ਉਹਨਾਂ ਦੀ ਮਿਹਨਤ ਦੇ ਫਲ ਦਾ ਜ਼ਿਆਦਾਤਰ ਭਾਗ ਖੁਦ ਖਾਂਦੀਆਂ ਆ ਰਹੀਆਂ ਹਨ। ਹੁਣ ਸ਼ੂਦਰਾਂ ਨੇ ਇਸ ਸ਼ੋਸ਼ਣ ਵਾਲੇ ਤੱਥ ਨੂੰ ਜਾਣ ਲਿਆ ਹੈ ਅਤੇ ਇਹ ਸੰਗਠਿਤਹੋ ਕੇ ਆਪਣੇ ਅਧਿਕਾਰਾਂ ਨੂੰ ਪ੍ਰਾਪਤ ਕਰਨ ਦੇ ਲਈ ਕਮਰ ਕੱਸ ਕੇ ਖੜ੍ਹੇ ਹੋ ਗਏ ਹਨ। ਉਚ ਵਰਗੀ ਲੋਕ ਚਾਹੇ ਜਿੰਨਾ ਵੀ ਯਤਨ ਕਿਉਂ ਨਾ ਕਰ ਲੈਣ, ਇਹਨਾਂ ਸ਼ੂਦਰਾਂ ਨੂੰ ਉਹ ਹੁਣ ਹੋਰ ਜ਼ਿਆਦਾ ਦਿਨ ਤੱਕ ਦਬਾਅ ਕੇ ਨਹੀਂ ਰੱਖ ਸਕਦੇ। ਉਚ ਵਰਗ ਦੀ ਬੁੱਧੀਮਾਨੀ ਇਯੇ ਵਿਚ ਹੈ ਕਿ ਉਹ ਸ਼ੂਦਰਾਂ ਨੂੰ ਉਹਨਾਂ ਦੇ ਜਾਇਜ਼ ਵਾਂਝੇ ਅਧਿਕਾਰ ਤੁਰੰਤ ਦੇ ਦੇਣ ਵਰਨਾ ਜਦੋਂ ਉਹ ਜਾਗਣਗੇ ਅਤੇ ਇਕ ਦਿਨ ਜ਼ਰੂਰ ਜਾਗਣਗੇ ਅਤੇ ਉਚ ਵਰਗ ਦੁਆਰਾ ਆਪਣੇ 'ਤੇ ਕੀਤੇ ਗਏ ਸ਼ੋਸ਼ਣ ਨੂੰ ਸਮਝਣਗੇ ਤਾਂ ਉਹ ਆਪਣੀ ਇਕ ਫੂਕ ਨਾਲ ਉਚ ਵਰਗਾਂ ਨੂੰ ਪੂਰੀ ਤਰ੍ਹਾਂ ਉਡਾ ਦੇਣਗੇ।

**– ਸਵਾਗੀ ਵਿਵੇਕਾਨੰਦ**



ਲੋਕ ਕਹਿੰਦੇ ਹਨ ਕਿ ਅੰ-ਦੋਲਨ, ਪ੍ਰਦਰਸ਼ਨ ਅਤੇ ਜਲੂਸ ਕੱਢਣ ਨਾਲ ਕੀ ਹੁੰਦਾ ਹੈ? ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਅਸੀਂ ਜਿਉਂਦੇ ਹਾਂ, ਅਟਲ ਹਾਂ ਅਤੇ ਮੈਦਾਨ ਤੋਂ ਹਟੇ ਨਹੀਂ ਹਾਂ।ਸਾਨੂੰ ਆਪਣੇ ਹਾਰ ਨਾ ਮੰਨਣ ਵਾਲੇ ਸਵੈਮਾਣ ਦਾ ਸਬੂਤ ਦੇਣਾ ਸੀ। ਅਸੀਂ ਇਹ ਦਿਖਾਉਣਾ ਹੈ ਕਿ ਅਸੀਂ ਗੋਲੀਆਂ ਅਤੇ ਅੱ-ਤਿਆਚਾਰਾਂ ਤੋਂ ਭੈਅਭੀਤ ਹੋ ਕੇ ਆਪਣੇ ਟੀਚੇ ਤੋਂ ਹਟਣ ਵਾਲੇ ਨਹੀਂ ਅਤੇ ਅਸੀਂ ਉਸ ਵਿਵਸਥਾ ਦਾ ਅੰਤ ਕਰਕੇ ਰਹਾਂਗੇ, ਜਿਸਦਾ ਆਧਾਰ ਸਵਾਰਥੀਪਣ ਅਤੇ ਖੂਨ 'ਤੇ ਹੈ।

**-ਮੁਨਸ਼ੀ ਪ੍ਰੇਮ ਚੰਦ**



ਮਿਸਟਰ ਜਾਨ ਮੁੱਕਰ ਨੇ ਆਪਣੀ ਪੁਸਤਕ 'ਇਨਸਾਈਡ ਏਸ਼ੀਆ' (1938) ਵਿਚ ਲਿਖਿਆ ਹੈ ਕਿ 'ਡਾ. ਅੰਬੇਡਕਰ ਦੀ ਨਿੱਜੀ ਲਾਇਬ੍ਰੇਰੀ ਨਿੱਜੀ ਲਾਇਬ੍ਰੇਰੀਆਂ ਵਿਚੋਂ ਸੰਸਾਰ ਵਿਚ ਸਭ ਤੋਂ ਵੱਡੀ ਸੀ। ਲੋਕ ਰਹਿਣ ਦੇ ਲਈ ਮਕਾਨ ਬਣਾਉਂਦੇ ਹਨ ਪਰ ਡਾ. ਅੰਬੇਡਕਰ ਨੇ ਪੁਸਤਕਾਂ ਦੇ ਲਈ ਆਪਣਾ 'ਰਾਜ ਗ੍ਰਹਿ' ਬਣਵਾਇਆ ਹੈ।( 1938 ਵਿਚ ਉਹਨਾਂ ਦੀ ਲਾਇਬ੍ਰੇਰੀ ਵਿਚ ਲੱਗਭੱਗ 8000 ਕਿਤਾਬਾਂ ਸਨ। ਇਹ ਸੰਸਥਾ ਲਗਾਤਾਰ ਵਧਦੀ ਹੀ ਗਈ, 1956 ਵਿਚ ਬਾਬਾ ਸਾਹਿਬ ਦੇ ਪ੍ਰੀਨਿਰਵਾਣ ਦੇ ਵਕਤ ਉਹਨਾਂ ਦੇ ਨਿੱਜੀ ਸੰਗ੍ਰਹਿ ਵਿਚ 50 ਹਜ਼ਾਰ ਪੁਸਤਕਾਂ ਸਨ। ਅੰਗਰੇਜ਼ ਉਹਨਾਂ ਨੂੰ ਚਲਦੀ ਫਿਰਦੀ ਯੂਨੀਵਰਸਿਟੀ ਕਹਿੰਦੇ ਸਨ ਅਤੇ ਉਹਨਾਂ ਨੇ ਕਿਹਾ ਕਿ, ਜੇਕਰ 500 ਗ੍ਰੈਜੂਏਟ ਇਕ ਪਾਸੇ ਰਹਿ ਕੇ ਵੀ ਡਾ. ਅੰਬੇਡਕਰ ਨਾਲ ਗਿਆਨ ਵਿਚ ਮੁਕਾਬਲਾ ਕਰਨ ਤਾਂ ਵੀ ਉਹ ਅੰਬੇਡਕਰ ਤੋਂ ਜਿੱਤ ਨਹੀਂ ਸਕਦੇ।

# ਮਹਾਨ ਅਜ਼ਾਦੀ ਘੁਲਾਟੀਆ ਪੰਡਿਤ ਕਿਸ਼ੋਰੀ ਲਾਲ



ਨਵਜੋਤ ਬਜਾਜ ਗੱਗੂ
91-98721-02614

ਪੰਡਿਤ ਕਿਸ਼ੋਰੀ ਲਾਲ ਦਾ ਜਨਮ 9 ਜੂਨ 1909 ਨੂੰ ਪਿੰਡ ਧਰਮਪੁਰ ਵਿਖੇ ਅਧਿਆਪਕ ਪਿਤਾ ਪੰਡਿਤ ਰਘਵੀਰ ਦੱਤ ਸਾਸਤਰੀ ਦੇ ਘਰ ਹੋਇਆ। ਪੰਜਾਬ ਦਾ ਇਹ ਕੰਡੀ ਇਲਾਕੇ ਵਿੱਚ ਵਸਿਆ ਪਿੰਡ, ਮਾਤਾ ਧਰਮਪੁਰ ਦੇਵੀ ਦੇ ਪ੍ਰਾਚੀਨ ਮੰਦਰ ਅਤੇ ਦੂਜਾ ਅਜ਼ਾਦੀ ਘੁਲਾਟੀਏ ਪੰਡਿਤ ਕਿਸੋਰੀ ਕਰਕੇ ਮਸ਼ਹੂਰ ਹੈ। ਕਿਸੋਰੀ ਲਾਲ ਨੇ ਦਸਵੀਂ ਪਾਸ ਕਰਨ ਉਪਰੰਤ ਡੀ.ਏ.ਵੀ ਕਾਲਜ ਲਹੌਰ ਵਿਖੇ ਬੀ.ਏ ਵਿੱਚ ਦਾਖਲਾ ਲਿਆ । ਉਥੇ ਉਹਨਾਂ ਦੀ ਮੁਲਾਕਾਤ ਭਗਤ ਸਿੰਘ ਨਾਲ ਹੋਈ। ਉਸ ਸਮੇਂ ਭਗਤ ਸਿੰਘ ਪੰਡਿਤ ਕਿਸੋਰੀ ਲਾਲ ਵਰਗੇ ਹਮਖਿਆਲ ਨੌਜਵਾਨਾ ਲਈ ਰੋਲ ਮਾਡਲ ਬਣ ਚੁੱਕਿਆ ਸੀ। ਇਹ ਸਭ ਕੁਝ ਦੇਖ ਕੇ ਪੰਡਿਤ ਕਿਸੋਰੀ ਲਾਲ ਬਹੁਤ ਪ੍ਰਭਾਵਤ ਹੋਇਆ, ਉਹ ਵੀ ਦੇਸ ਭਗਤੀ ਤੇ ਅਜ਼ਾਦੀ ਦਾ ਪ੍ਰਵਾਨਾ ਬਣ ਗਿਆ। ਉਸ ਨੇ ਆਪਣੀ ਪੜਾਈ ਵਿਚਾਲੇ ਹੀ ਛੱਡ ਦਿੱਤੀ ਤੇ ਉਹ ਪੰਜਾਬ ਦੀ ਨੌਜਵਾਨ ਭਾਰਤ ਸਭਾ ਵਿੱਚ ਸ਼ਾਮਿਲ ਹੋ ਗਏ।

ਪੰਡਿਤ ਕਿਸ਼ੋਰੀ ਲਾਲ ਭਗਤ ਸਿੰਘ ਦੇ ਕਰੀਬੀ ਤੇ ਵਿਸ਼ਵਾਸ ਪਾਤਰ ਬਣ ਗਏ ਤੇ ਜਥੇਬੰਦੀ ਦੇ ਸਿਰ ਕੱਢ ਆਗੂ ਸਾਬਤ ਹੋਏ। 15 ਅਪ੍ਰੈਲ 1929 ਨੂੰ ਪੰਡਿਤ ਕਿਸ਼ੋਰੀ ਲਾਲ ਨੂੰ ਇਨਕਲਾਬੀਆਂ ਦੇ ਗੁਪਤ ਅੱਡੇ ਕਸ਼ਮੀਰ ਬਿਲਡਿੰਗ ਤੋ ਅੰਗਰੇਜ਼ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ। ਉਹਨਾਂ ਪਾਸੋਂ ਮਿਲੀ ਅਲਮਾਰੀ ਦੀ ਚਾਬੀ, ਜਿਸ ਵਿੱਚ ਬੰਬ ਬਣਾਉਣ ਦਾ ਪਾਊਡਰ, ਬੰਬਾਂ ਦੇ ਖੋਲ, ਬੰਬ ਬਣਾਉਣ ਦੀ ਤਕਨੀਕ ਵਾਲੀਆ ਕਿਤਾਬਾਂ ਆਦਿ ਫੜੀਆਂ ਗਈਆਂ ਸਨ। ਇਸ ਲਈ ਪੰਡਿਤ ਕਿਸੋਰੀ ਲਾਲ ਤੇ ਇਨਕਲਾਬੀਆਂ ਲਈ ਬੰਬ ਬਣਾਉਣ, ਸਾਂਡਰਸ ਦੇ ਕਤਲ, ਅਸੈਂਬਲੀ ਵਿੱਚ ਬੰਬ ਸੁੱਟਣ ਵਿੱਚ ਮਦਦ




ਕਰਨ ਅਤੇ ਅੰਗਰੇਜ਼ੀ ਸਰਕਾਰ ਖ਼ਿਲਾਫ਼ ਬਗਾਵਤੀ ਇਸ਼ਤਿਹਾਰ ਛਾਪਣ ਵਰਗੇ ਗੰਭੀਰ ਦੋਸ਼ ਲੱਗ ਚੁੱਕੇ ਸਨ, ਇਸ ਲਈ ਪੰਡਿਤ ਕਿਸ਼ੋਰੀ ਲਾਲ ਨੂੰ 1929 ਤੋ ਲੈ ਕੇ 1946 ਤੱਕ ਵੱਖੋ-ਵੱਖਰੀਆਂ ਜੇਲ੍ਹਾਂ ਵਿੱਚ ਕੈਦ ਰੱਖਿਆ ਤੇ ਉਸ ਨੂੰ ਅੰਗਰੇਜ਼ ਪੁਲਿਸ ਦਾ ਅਣਮਨੁੱਖੀ ਤਸ਼ੱਦਦ ਝੱਲਣਾ ਪਿਆ। 1946 ਨੂੰ ਜਦੋਂ ਪੰਡਿਤ ਜੀ ਰਿਹਾ ਹੋਏ ਤਾਂ ਉਹ ਕਮਿਉਨਿਸਟ ਵਿਚਾਰ ਧਾਰਾ ਹੋਣ ਕਰਕੇ ਕਮਿਉਨਿਸਟ ਪਾਰਟੀ ਨਾਲ ਜੁੜ ਗਏ ਤੇ ਫਿਰ ਦੇਸ ਸੇਵਾ ਵਿੱਚ ਆਪਣਾ ਯੋਗਦਾਨ ਪਾਉਣ ਲੱਗੇ। ਅਜ਼ਾਦੀ ਮਗਰੋਂ ਵੀ 1958 ਵਿੱਚ ਮੁਕੇਰੀਆ ਵਿਖੇ ਇੱਕ ਕਾਨਫਰੰਸ ਸ਼ਦੌਰਾ ਨਾਇਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੰਡਿਤ ਜੀ ਨੇ ਅਜ਼ਾਦੀ ਦੀ ਲੜਾਈ ਦੌਰਾਨ ਸਭ ਤੋ ਲੰਬੀ ਚੱਲੀ ਭੁੱਖ ਹੜਤਾਲ (ਲਗਭਗ 77 ਦਿਨ) ਵਿੱਚ ਵੀ ਹਿੱਸਾ ਲਿਆ। ਉਹ ਗੋਆ ਦੇ ਸੱਤਿਆ ਗ੍ਰਹਿ ਵਿੱਚ ਵਰਦੀਆਂ ਗੋਲੀਆਂ ਵਿੱਚ ਵੀ ਡਟੇ ਰਹੇ। ਪੰਡਿਤ ਕਿਸੋਰੀ ਲਾਲ ਪੂਰਾ ਜੀਵਨ ਦੇਸ ਖਾਤਰ ਸੰਘਰਸ਼ ਕਰਦੇ ਰਹੇ। ਆਖਰ ਉਹ 11 ਜੁਲਾਈ 1990 ਨੂੰ ਸਾਨੂੰ ਸਦੀ ਵੀ ਵਿਛੋੜਾ ਦੇ ਗਏ। 9 ਜੂਨ ਨੂੰ ਪੰਡਿਤ ਜੀ ਦੇ 109 ਵੇਂ ਜਨਮ ਦਿਨ ਤੇ ਉਹਨਾਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰਦਿਆਂ, ਸਿਰਫ ਭਗਤ ਸਿੰਘ ਦਾ ਸਾਥੀ ਕਹਿਣ ਨਾਲ ਉਹਨਾਂ ਵੱਲੋ ਦੇਸ ਦੀ ਅਜ਼ਾਦੀ ਲਈ ਕੀਤੇ ਸੰਘਰਸ਼ ਦਾ ਮੁਲ ਨਹੀ ਉਤਾਰਿਆ ਜਾ ਸਕਦਾ। ਪੰਡਿਤ ਜੀ ਨੇ ਵੀ ਸਹੀਦ-ਏ-ਆਜਮ ਭਗਤ ਸਿੰਘ, ਸੁਖਦੇਵ ਸਿਘ ਤੇ ਰਾਜਗੁਰੂ ਵਾਗ ਦੇਸ ਅਜ਼ਾਦੀ ਲਈ ਸਘਰੰਸ ਕੀਤਾ। ਅਸੀ ਕਦੇ ਵੀ ਅਜਿਹੇ ਮਹਾਨ ਅਜ਼ਾਦੀ ਘੁਲਾਟੀਏ ਦਾ ਦੇਣ ਨਹੀ ਦੇ ਸਕਦੇ, ਰਹਿੰਦੀ ਦੁਨੀਆ ਤੱਕ ਉਹ ਸਾਡੇ ਦਿਲਾਂ ਵਿੱਚ ਜਿਉਦੇ ਰਹਿਣਗੇ।

# ਮਾਨਿਕਾ ਕੌਰ ਨੇ ਸਾਰੀ ਕਮਾਈ ਲੋੜਵੰਦ ਬੱਚਿਆਂ ਲਈ ਕੀਤੀ ਦਾਨ

**ਮੈਲਬੌਰਨ** – ਆਸਟ੍ਰੇਲੀਆ 'ਚ ਜਨਮੀ ਅਤੇ ਦੁਬਾਈ 'ਚ ਵਸੀ ਸਿੱਖ ਕੀਰਤਨ ਗਾਇਕਾ ਮਾਨਿਕਾ ਕੌਰ ਸਿੱਖ ਇਤਿਹਾਸ 'ਚ ਪਹਿਲੀ ਗਾਇਕਾ ਬਣ ਗਈ ਹੈ ਜਿਸ ਨੇ ਲੋੜਵੰਦ ਬੱਚਿਆਂ ਦੀ ਸਿੱਖਿਆ ਲਈ ਆਪਣੀ ਸਾਰੀ ਕਮਾਈ ਦਾਨ ਕਰ ਦਿੱਤੀ।

ਮਾਨਿਕਾ ਕੌਰ ਦੀ ਪਹਿਲਕਦਮੀ 'ਕੀਰਤਨ ਫਾਰ ਕੋਜ਼ਜ਼' ਸੰਸਥਾ ਹੈ, ਜਿਸ ਰਾਹੀਂ ਉਹ ਲੋੜਵੰਦ ਬੱਚਿਆਂ ਦੀ ਮਦਦ ਲਈ ਧੰਨ ਇਕੱਠਾ ਕਰਦੀ ਹੈ। ਉਸ ਨੇ ਆਪਣੀ ਪਹਿਲੀ ਐਲਬਮ 2013 'ਚ ਰਿਲੀਜ਼ ਕੀਤੀ। ਮੈਲਬੌਰਨ 'ਚ ਜਨਮੀ ਮਾਨਿਕਾ ਆਧਿਆਤਮਕ ਅਤੇ ਸੰਗੀਤ ਦੇ ਮਾਹੌਲ 'ਚ ਰਹੀ ਹੈ। ਲਗਾਤਾਰ ਭਾਰਤ ਦੀ ਯਾਤਰਾ ਨੇ ਉਸ ਨੂੰ ਗਰੀਬਾਂ ਦੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ ਜਿਸ ਨੂੰ ਹੁਣ ਉਹ ਆਪਣੇ ਸੰਗੀਤ ਰਾਹੀਂ ਬਿਆਨ ਕਰਦੀ ਹੈ। ਹੁਣ ਤਕ ਉਸ ਦੇ ਸੰਗੀਤ ਨੇ ਗੁਰੂ ਘਰਾਂ ਲਈ ਫੰਡ ਇਕੱਠਾ ਕੀਤਾ ਅਤੇ ਮੌਜੂਦ ਸਮੇਂ ਉਹ ਭਾਰਤ ਦੇ ਪੰਜਾਬ ਸੂਬੇ 'ਚ ਇਕ ਬੱਚਿਆਂ ਦੀ ਭਲਾਈ ਲਈ ਚਲਾਏ ਜਾਂ ਰਹੇ ਪ੍ਰੋਗਰਾਮ ਦਾ ਸਮਰਥਨ ਕਰ ਰਹੀ ਹੈ। ਮਾਨਿਕਾ ਕੌਰ ਦਾ ਕਹਿਣਾ ਹੈ ਕਿ ਉਸ ਨੇ ਲੋੜਵੰਦਾਂ ਦੀ ਮਦਦ ਲਈ 'ਕੀਰਤਨ ਫਾਰ ਕੋਜ਼ਜ਼' ਨਾਂ ਦਾ ਗੈਰ-ਮੁਨਾਫਾ ਸੰਗਠਨ ਬਣਾਇਆ ਹੈ। ਉਸ ਨੇ ਕਿਹਾ ਕਿ ਸਾਡਾ ਨਿਸ਼ਾਨਾ ਸ਼ਰਧਾਮਈ ਖੂਬਸੂਰਤ ਸੰਗੀਤ



ਪੈਦਾ ਕਰਨਾ ਹੈ, ਜਿਸ ਰਾਹੀ ਸੁਣਨ ਵਾਲਿਆਂ ਲਈ ਸ਼ਾਂਤਮਈ ਵਾਤਾਵਰਣ ਪੈਦਾ ਹੋਵੇ। ਇਸ ਤੋਂ ਇਲਾਵਾ ਲੋੜਵੰਦ ਬੱਚਿਆਂ ਨੂੰ ਸਿੱਖਿਆ, ਲੋੜਵੰਦਾਂ ਨੂੰ ਘਰ ਅਤੇ ਕੰਮ ਦੇ ਕੇ ਪਛੜ ਹੋਏ ਭਾਈਚਾਰੀਆਂ ਨੂੰ ਉਪਰ ਚੁੱਕਣਾ ਅਤੇ ਮਨੁੱਖਤਾ ਦੀ ਸੇਵਾ ਕਰਨਾ ਹੈ। ਮਾਨਿਕਾ ਕੌਰ ਨੇ ਕਿਹਾ ਕਿ ਉਸ ਦੇ ਸੰਗੀਤ ਕੈਰੀਅਰ ਦੀ ਸਾਰੀ ਕਮਾਈ ਸਿੱਧੇ ਤੌਰ 'ਤੇ 'ਕੀਰਤਨ ਫਾਰ ਕੋਜ਼ਜ਼' ਸੰਗਠਨ ਦੇ ਕੰਮ ਲਈ ਚਲੀ ਜਾਂਦੀ ਹੈ। ਇਹ ਸੰਗਠਨ ਲੋੜਵੰਦ ਬੱਚਿਆਂ ਦੀ ਸਿੱਖਿਆ 'ਚ ਮਦਦ ਕਰਦੀ ਹੈ ਤਾਂ ਜੋ ਉਹ ਪੜ੍ਹ-ਲਿਖ ਕੇ ਆਪਣੀ ਜ਼ਿੰਦਗੀ ਬਣਾ ਸਕਣ।

# "ਭਾਰਤ ਲਈ 'ਨਿਪਾਹ' ਨਾਲ ਲੜਨਾ ਹੈ ਇੱਕ ਵੱਡੀ ਚੁਣੌਤੀ"

**(ਸਫਾ 15 ਦੀ ਬਾਕੀ)**

ਅਸੀਂ ਇੱਕ-ਦੂਜੇ ਨੂੰ ਇਸ ਖਤਰਨਾਕ ਵਾਇਰਸ ਬਾਰੇ ਦੱਸ ਕੇ ਇਸਦੇ ਅਤੇ ਇਸਦੇ ਨਤੀਜਿਆ ਬਾਰੇ ਜਾਣੂ ਕਰਵਾ ਸਕਦੇ ਹਾਂ।ਇਸ ਵਿੱਚ ਵੀ ਕੋਈ ਛੱਕ ਨਹੀ ਹੈ, ਕਿ ਸਰਕਾਰ ਹਰ ਬਿਮਾਰੀ ਨਾਲ ਲੜਨ ਲਈ ਬਚਨ ਬੱਧ ਹੈ। ਅੱਜ ਅਸੀਂ ਜਗ੍ਹਾ-ਜਗ੍ਹਾ ਤੇ ਕੈਂਪ ਲਗਾ ਕੇ, ਟੀ.ਵੀ., ਰੇਡੀਓ, ਸੋਸ਼ਲ ਮੀਡੀਆ ਆਦਿ ਦੇ ਮਾਧਿਅਮ ਨਾਲ ਲੋਕਾਂ ਨੂੰ ਇਸ ਵਾਇਰਸ ਸੰਬੰਧੀ ਜਾਣੂ ਕਰਵਾ ਸਕਦੇ ਹਾਂ।ਬੰਗਲਾਦੇਸ਼ ਵਿੱਚ 2001 ਤੋਂ 2008 ਤੱਕ ਇਸ ਵਾਇਰਸ ਦਾ 75 ਫੀਸਦੀ ਉਹ ਲੋਕ ਸ਼ਿਕਾਰ ਹੋਏ ਹਨ, ਜੋ ਹਸਪਤਾਲਾਂ ਵਿੱਚ ਕੰਮ ਕਰਦੇ ਸਨ ਜਾਂ ਜੋ ਮਰੀਜ਼ ਦੇ ਸਕੇ-ਸਬੰਧੀ ਸਨ ਅਤੇ ਜਾਂ ਜੋ ਮਰੀਜ਼ ਦੇ ਜਿਆਦਾ ਸੰਪਰਕ ਵਿੱਚ ਰਹਿੰਦੇ ਸਨ, ਇਸ ਲਈ ਨਿਪਾਹ ਦੇ ਮਰੀਜ਼ ਦੇ ਕੱਪੜੇ, ਬਰਤਨ, ਬਿਸਤਰੇਂ ਆਦਿ ਅਲੱਗ ਕਰ ਦੇਣੇ ਚਾਹੀਦੇ ਹਨ। ਮਰੀਜ਼ ਦੇ ਸੰਪਰਕ ਵਿੱਚ ਆਉਣ ਸਮੇਂ ਥੋੜੀ ਦੂਰੀ ਬਣਾਈ ਰੱਖਣ ਦੇ ਨਾਲ-ਨਾਲ ਮਾਸਕ ਅਤੇ ਦਸਤਾਨੇ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ।ਖਾਣ-ਪੀਣ ਵਾਲੀਆਂ ਵਸਤੂਆਂ ਜਿਵੇਂ ਫਲ ਆਦਿ ਦਾ ਵੀ ਚੰਗੀ ਤਰਾਂ ਨਰੀਖਣ ਕਰਨ ਉਪਰੰਤ ਹੀ ਖਰੀਦਣਾ ਚਾਹੀਦਾ ਹੈ। ਸਰਕਾਰ, ਸਮਾਜ ਸੇਵੀ ਸੰਸਥਾਵਾਂ, ਕਾਰਪੋਰੇਟ ਅਦਾਰਿਆਂ (ਸੀ. ਐਸ. ਆਰ. ਕੰਸੈਪਟ ਹੇਠ) ਆਦਿ ਨੂੰ ਸਬਜੀਆਂ ਤੇ ਫਲਾਂ ਆਦਿ ਦੇ ਨਿਰੀਖਣ ਕੇਂਦਰ ਖੋਲ੍ਹਣੇ ਚਾਹੀਦੇ ਹਨ, ਜਿਥੋਂ ਸਬਜੀ ਤੇ ਫਲ ਆਦਿ ਪੂਰਨ ਤੌਰ ਤੇ ਨਿਰੀਖਣ ਹੋਣ ਉਪਰੰਤ ਬਾਜ਼ਾਰ ਵਿੱਚ ਵਿਕਣ ਲਈ ਆਉਣ। ਸਾਨੂੰ ਵੀ ਸਮੇਂ-ਸਮੇਂ ਸਿਰ ਆਪਣੇ ਘਰ ਅਤੇ ਆਲੇ-ਦੁਆਲੇ ਦਾ ਜਾਇਜਾ ਲੈਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਸਾਡਾ ਘਰ ਅਤੇ ਸਾਡਾ ਆਲਾ-ਦੁਆਲਾ ਚਮਗਾਦੜਾਂ ਆਦਿ ਦਾ ਰਹਿਣ ਬਸੇਰਾ ਨਾ ਬਣ ਸਕੇ ਅਤੇ ਅਸੀਂ ਜਲਦ ਤੋਂ ਜਲਦ ਇਸ ਤੇਜੀ ਨਾਲ ਫੈਲ ਰਹੇ ਘਾਤਕ ਅਤੇ ਜਾਨਲੇਵਾ ਵਾਇਰਸ ਤੋਂ ਛੁਟਕਾਰਾ ਪਾ ਸਕੀਏ।

# ਰਾਜਨੀਤਕ ਅਤੇ ਸਮਾਜਿਕ ਅਹੁਦਾ

**(ਸਫਾ 16 ਦੀ ਬਾਕੀ)**

ਜ਼ਿਆਦਾ ਸ਼ਰਧਾ ਰੱਖਦਾ ਹੈ। ਇਸ ਦਾ ਮਤਲਬ ਹੈ ਕਿ ਉਹ ਜਾਣਦਾ ਹੈ ਕਿ ਜੇਕਰ ਉਹ ਹਿੰਦੂ ਦਿਖੇਗਾ ਤਾਂ ਉਸਦੀ ਗੱਦੀ ਪੱਕੀ ਰਹੇਗੀ। ਮਨੂੰ ਸਿਮਰਤੀ ਅਨੁਸਾਰ ਕਿਸੇ ਸ਼ੂਦਰ ਨੂੰ ਰਾਜਾ ਸਵਿਕਾਰ ਨਹੀਂ ਕੀਤਾ ਜਾ ਸਕਦਾ। ਪਰ ਸ਼ੂਦਰ ਤੋਂ ਸੇਵਾ ਦਾ ਕੰਮ ਤਾਂ ਲਿਆ ਹੀ ਜਾ ਸਕਦਾ ਹੈ। ਹੁਕਮਰਾਨ ਉਹ ਨਹੀਂ ਹੁੰਦਾ ਜੋ ਤਖਤ 'ਤੇ ਬੈਠਾ ਦਿਖਦਾ ਹੈ। ਅਸਲ ਵਿੱਚ ਹੁਕਮਰਾਨ ਤਾਂ ਉਹ ਹੀ ਹੁੰਦਾ ਹੈ ਜਿਸਦਾ ਹੁਕਮ ਚੱਲਦਾ ਹੈ। ਭਾਵ ਕਿ ਜਿਹੜਾ ਰਾਜੇ ਨੂੰ ਨਿਯੁਕਤ ਕਰਨ ਦੀ ਤਾਕਤ ਰੱਖਦਾ ਹੈ। ਭਾਰਤ ਦੇ ਸੰਵਿਧਾਨ ਅਨੁਸਾਰ ਇਹ ਤਾਕਤ ਲੋਕਾਂ ਕੋਲ਼ ਹੈ। ਪਰ ਜਿਹੜਾ ਪ੍ਰਬੰਧ ਉਸਾਰ ਦਿੱਤਾ ਗਿਆ ਹੈ ਉਸ ਅਨੁਸਾਰ ਇਹ ਤਾਕਤ ਲੋਕਾਂ ਕੋਲ਼ੋਂ ਖੁੱਸ ਚੁੱਕੀ ਹੈ।

ਨਰਿੰਦਰ ਮੋਦੀ ਜੇਕਰ ਪ੍ਰਧਾਨ ਮੰਤਰੀ ਬਣ ਸਕੇ ਤਾਂ ਉਹਨਾਂ ਦੀ ਪ੍ਰਧਾਨ ਮੰਤਰੀ ਦੀ ਕੁਰਸੀ ਦੇ ਦਾਅਵੇਦਾਰੀ ਵਿੱਚ ਆਰ.ਐਸ.ਐਸ. ਦਾ ਬਹੁਤ ਵੱਡਾ ਹੱਥ ਸੀ। ਵਰਨਾ ਭਾਜਪਾ ਦੇ ਦਿੱਗਜ ਕਹੇ ਜਾਂਦੇ ਅਡਵਾਨੀ ਵਰਗੇ ਕਈ ਨੇਤਾ ਉਹਨਾਂ ਦੇ ਰਾਹ ਵਿੱਚ ਕੰਡੇ ਵਿਛਾ ਰਹੇ ਸਨ।

ਕਿਸੇ ਸਮੇਂ ਸ਼ੂਦਰਾਂ ਨੂੰ ਹਿੰਦੂਆਂ ਦੇ ਮੰਦਰਾਂ ਵਿੱਚ ਜਾਣ ਨਹੀਂ ਸੀ ਦਿੱਤਾ ਜਾਂਦਾ ਪਰ ਉਹਨਾਂ ਦੇ ਮਨ ਵਿੱਚ ਰੱਬ ਨੂੰ ਮਿਲਣ ਜਾਂ ਸਵਰਗ ਪ੍ਰਾਪਤ ਕਰਨ ਦੀ ਲਾਲਸਾ ਰਹਿੰਦੀ ਸੀ। ਅੱਜ ਸ਼ੂਦਰਾਂ ਦੀ ਬਹੁਗਿਣਤੀ ਖੁਦ ਨੂੰ ਹਿੰਦੂ ਧਰਮ ਦੇ ਵੱਡੇ ਰਾਖਿਆਂ ਵਜੋਂ ਦੇਖਦੀ ਹੈ ਅਤੇ ਮੰਦਰਾਂ ਵਿੱਚ ਜਾ ਕੇ ਚੜ੍ਹਾਵਾ ਚੜ੍ਹਾਉਂਦੀ। ਅਛੂਤਾਂ ਨੇ ਕਦੇ ਹਿੰਦੂ ਧਰਮ ਸਵਿਕਾਰ ਹੀ ਨਹੀਂ ਸੀ ਕੀਤਾ। ਉਹ ਮੰਦਰਾਂ ਵੱਲ ਆਪ ਹੀ ਮੂੰਹ ਨਹੀਂ ਸਨ ਕਰਦੇ। ਪਰ ਅੱਜ ਅਛੂਤਾਂ ਦੀ ਬਹੁਗਿਣਤੀ ਸਾਇਕਲਾਂ 'ਤੇ, ਪੈਦਲ ਜਾਂ ਡੰਡਉਤ ਕਰਦੇ ਮੰਦਰਾਂ ਦੀਆਂ ਚੜ੍ਹਾਈਆਂ ਚੜ੍ਹਦੀ ਦਿਖਦੀ ਹੈ। ਚੜ੍ਹਾਵਾ ਇਕੱਠਾ ਕਰਨ ਲਈ ਕਈ ਮੰਦਰਾਂ ਦੇ ਦਰਵਾਜ਼ੇ ਅਛੂਤਾਂ ਲਈ ਖੋਲ੍ਹ ਦਿੱਤੇ ਗਏ ਹਨ ਪਰ ਪ੍ਰਮੁੱਖ ਮੰਦਰਾਂ ਵਿੱਚ ਅੱਜ ਵੀ ਅਛੂਤਾਂ ਦੇ ਦਾਖਲ ਹੋਣ ਦੀ ਮਨਾਹੀ ਹੈ। ਮੰਦਿਰ ਪ੍ਰਵੇਸ਼ ਲਈ ਕੁੱਝ ਸੰਗਠਨ ਸੰਘਰਸ਼ ਵੀ ਕਰਦੇ ਹਨ। ਪੁਰੀ ਦੇ ਸ਼ੰਕਰਾਚਾਰੀਆ ਸਵਾਮੀ ਨਰੰਜਨ ਦੇਵ ਤੀਰਥ ਨੇ 23 ਜੂਨ 1988 ਨੂੰ ਰਾਜਸਥਾਨ ਦੇ ਨਾਥਦਵਾਰਾ ਮੰਦਰ ਵਿੱਚ ਅਛੂਤਾਂ ਦੇ ਪ੍ਰਵੇਸ਼ ਦੇ ਮਾਮਲੇ 'ਤੇ ਬਿਆਨ ਦਿੱਤਾ ਸੀ ਕਿ "ਹਿੰਦੂਆਂ ਦੇ ਮੰਦਰਾਂ ਵਿੱਚ ਅਛੂਤਾਂ ਦਾ ਦਾਖ਼ਲਾ ਵਰਜਿਤ ਹੋਣਾ ਚਾਹੀਦਾ ਹੈ।" ਫਿਰ ਸਾਲ 2014 ਵਿੱਚ ਦਵਾਰਕਾ ਦੇ ਸ਼ੰਕਰਾਚਾਰੀਆ ਸੁਆਮੀ ਸਵਰੂਪਾ ਨੰਦ ਨੇ ਵੀ ਕਿਹਾ ਕਿ ਦਲਿਤਾਂ ਦੇ ਮੰਦਰ ਦਾਖਲੇ 'ਤੇ ਰੋਕ ਜਾਇਜ਼ ਹੈ।

ਬਾਬਾ ਸਾਹਿਬ ਡਾ: ਅੰਬੇਡਕਰ ਨੇ 1930 ਵਿੱਚ ਨਾਸਿਕ ਦੇ ਕਾਲ਼ਾ ਰਾਮ ਮੰਦਰ ਵਿੱਚ ਅਛੂਤਾਂ ਦੇ ਦਾਖਲੇ ਲਈ ਸੱਤਿਆਗ੍ਰਹਿ ਕੀਤਾ ਸੀ। ਇਸ ਸਮੇਂ ਸਵਰਨਾਂ ਨੇ ਸੱਤਿਆਗ੍ਰਹਿ ਕਰਨ ਵਾਲ਼ੇ ਲੋਕਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਸੀ। ਉਹਨਾਂ 'ਤੇ ਡਾਂਗਾਂ ਤੇ ਪੱਥਰਾਂ ਦਾ ਮੀਂਹ ਵਰ੍ਹਾਅ ਦਿੱਤਾ ਗਿਆ। ਇਸ ਦਾ ਮਤਲਬ ਇਹ ਨਹੀਂ ਕਿ ਬਾਬਾ ਸਾਹਿਬ ਮੰਦਰਾਂ ਵਿੱਚ ਪੂਜਾ ਕਰਨ ਜਾਣਾ ਚਾਹੁੰਦੇ ਸਨ। ਬਲਕਿ ਉਹਨਾਂ ਦਾ ਮਕਸਦ ਤਾਂ ਅਛੂਤਾਂ ਨੂੰ ਉਹਨਾਂ ਦੇ ਅਧਿਕਾਰਾਂ ਤੋਂ ਜਾਣੂੰ ਕਰਵਾਉਣਾ ਸੀ। ਮੰਦਰ ਪ੍ਰਵੇਸ਼ ਇੱਕ ਬਹਾਨਾ ਸੀ। ਹੁਣ ਦੇ ਮਾਮਲੇ ਵਿੱਚ ਸਾਡੇ ਸਾਹਮਣੇ ਇਹ ਸੁਆਲ ਆ ਖੜ੍ਹਦਾ ਹੈ ਕਿ ਸਾਡੇ ਦੇਸ਼ ਦੇ ਰਾਸ਼ਟਰਪਤੀ ਨੇ ਮੰਦਰ ਵਿੱਚ ਜਾ ਕੇ ਆਪਣੀ ਬੇਇੱਜ਼ਤੀ ਕਰਵਾਉਣ ਤੋਂ ਇਲਾਵਾ ਹੋਰ ਕੀ ਖੱਟਿਆ ਹੈ?

ਪਰ ਇਹ ਵੀ ਸਾਫ਼ ਹੈ ਕਿ ਉਹਨਾਂ ਜੋ ਕੁੱਝ ਵੀ ਖੱਟਿਆ ਹੈ ਖੁਦ ਨੂੰ ਕੱਟੜ ਹਿੰਦੂ ਸਾਬਤ ਕਰਕੇ ਹੀ ਖੱਟਿਆ ਹੈ। ਮੌਜੂਦਾ ਪ੍ਰਬੰਧ ਵਿੱਚ ਹੇਠਲਿਆਂ ਨੂੰ ਉੱਪਰਲੀ ਕੁਰਸੀ ਕਿਸੇ ਯੋਗਤਾ ਕਰਕੇ ਨਹੀਂ ਮਿਲਦੀ ਬਲਕਿ ਇਸ ਕਰਕੇ ਮਿਲਦੀ ਹੈ ਕਿਉਂਕਿ ਇਸ ਨਾ਼ਲ ਦਲਿਤ ਵੋਟ ਬੈਂਕ ਨੂੰ ਸੰਨ੍ਹ ਲਾਉਣ ਵਿੱਚ ਅਸਾਨੀ ਹੋ ਸਕਦੀ ਹੈ। ਜੇਕਰ ਕੁਰਸੀ ਦਾ ਸਵਾਦ ਦੇਖਣਾ ਹੈ ਤਾਂ ਇਸ ਦਾ ਮੁੱਲ ਵੀ ਤਾਰਨਾ ਪਵੇਗਾ। ਮੁੱਲ ਤਾਰਨ ਵੇ਼ਲੇ ਇੱਜ਼ਤ ਨਹੀਂ ਦੇਖੀ ਜਾਂਦੀ। ਇਹ ਹੇਠਾਂ ਤੱਕ ਪਹੁੰਚ ਚੁੱਕੇ ਮਨੂੰ ਦੇ ਸਿਧਾਂਤ ਦਾ ਹੀ ਕਮਾਲ ਹੈ ਕਿ ਗ਼ੈਰ ਸਵਰਨ ਜਾਤੀਆਂ ਦੀ ਬਹੁਗਿਣਤੀ ਲੀਡਰ ਬਣਨ ਲਈ ਉੱਚਿਆਂ ਦੇ ਪੈਰ ਫੜਨ ਲਈ ਤਿਆਰ ਹੈ।

# ਸਾਹਿਤਕ ਪੈੜਾਂ- ਕੁਝ ਰਚਨਾਵਾਂ

## ਆਖਰੀ ਸਫਰ ਸਮਸ਼ਾਨਘਾਟ

ਜ਼ਿੰਦਗੀ ਦੀ ਗੱਡੀ ਦਾ ਇਹ ਆਖਰੀ ਟਿਕਾਣਾ ਏਂ!
ਆਪੇ ਦੱਸੋ ਦੋਸਤੋ ਫਿਰ ਕਾਹਤੋਂ ਘਬਰਾਣਾ ਏਂ?
ਕਿਸੇ ਨੇ ਸਦੇਹਾਂ ਤੇ ਕੁਵੇਲੇ ਕਿਸੇ ਜਾਣਾ ਏਂ!
ਮਾਲਿਕ ਦੇ ਬੋਲਾਂ ਨੂੰ ਤਾਂ ਸੱਭਨੇ ਪੁਗਾਣਾ ਏਂ!
ਕਾਠ ਵਾਲਾ ਠੇਲ੍ਹਾ ਹੋਊ ਥੱਲੇ ਲੱਕੜਾਂ ਵਿਛਾਣਾ ਏਂ!
ਮੋਟੇ ਜਿਹੇ ਮੁਢ੍ਹ ਦਾ ਮਿਲਣਾ ਸਰ੍ਹਾਣਾਂ ਏਂ!
ਸਾਥ ਇਥੋਂ ਤੱਕ ਸਾਕ ਤੇ ਸਬੰਧੀਆਂ ਨਿਭਾਣਾ ਏਂ!
ਹਿੱਕ ਦੇ ਜੋ ਵਾਲ ਸਨ ਲਾਂਬੂ ਓਨਾਂ ਲਾਣਾ ਏਂ!
ਦੁਨੀਆਂ ਤੋਂ ਵਿਦਾ ਕਰ ਘਰੀਂ ਮੁੜ ਆਣਾ ਏਂ!
ਕਿਥੋਂ ਲੈਣਾ ਕੀਹਤੋਂ ਲੈਣਾ ਹਿਸਾਬ ਇਹ ਲਗਾਣਾ ਏਂ!
ਜਾਇਦਾਦ ਦੀਆਂ ਫਿਰ ਵੰਡੀਆਂ ਨੂੰ ਪਾਣਾ ਏਂ!
ਹੋਇਆ ਜੇ ਸਿਆਣਾ ਕੋਈ ਨਹੀਓਂ ਘਬਰਾਣਾ ਏਂ!
ਉੱਤੋਂ ਉੱਤੋਂ ਸੱਭ ਨੇ ਦਿਲਾਸਾ ਵੀ ਦਿਵਾਣਾ ਏਂ!
ਦੁਨੀਆਂ ਦਾ ਵਤੀਰਾ ਇਹੇ ਸੱਭ ਨੇ ਨਿਭਾਣਾ ਏਂ!
ਫਿਰ ਫੁੱਲਾਂ ਅਤੇ ਰਾਖ ਵਾਲਾ ਕੰਮ ਨਿਪਟਾਣਾ ਏਂ!
ਥੋੜ੍ਹੇ ਦਿਨਾਂ ਬਾਅਦ ਫਿਰ ਭੋਗ ਪੈ ਜਾਣਾ ਏਂ!
ਕਿੱਸਾ ਤੇਰਾ ਝੂਠਾ ਸੱਚਾ ਕਈਆਂ ਨੇ ਸੁਨਾਣਾ ਏਂ!
ਕੁਝ ਦਿਨਾਂ ਬਾਅਦ ਤੈਨੂੰ ਸੱਭ ਨੇ ਭੁਲਾਣਾ ਏਂ!
ਦਿਨ ਇਹੇ ਸਭਨਾਂ ਤੇ ਆਖਿਰ ਨੂੰ ਆਣਾ ਏਂ!
ਦੱਦਾਹੂਰੀਆ ਇਹ ਤੇਰੇ ਤੇ ਵੀ ਵਰਤਣਾ ਭਾਣਾ ਏਂ!



**ਜਸਵੀਰ ਸ਼ਰਮਾ**
**ਦੱਦਾਹੂਰ**
91-94176-22046

## ਗਜ਼ਲ

ਗਲ ਮਜ਼ਦੂਰ ਦੇ ਲੀਰਾਂ ਲਮਕਣ।
ਕਹਿੰਦੇ ਨੇ ਤਕਦੀਰਾਂ ਲਮਕਣ।
ਕੁੱਲੀ ਵਿੱਚ ਕੁੱਝ ਟੁੱਟੇ ਭਾਂਡੇ।
ਫਟੀਆਂ ਕੁਝ ਤਸਵੀਰਾਂ ਲਮਕਣ।
ਟੁੱਟੀਆਂ ਭੱਜੀਆਂ ਮੰਜੀਆਂ ਪਈਆਂ
ਜਾਲੇ ਨਾਲ ਸ਼ਤੀਰਾਂ ਲਮਕਣ।
ਖੰਘ, ਟੀ.ਬੀ ਨੇ ਸੂਤ ਕੇ ਰੱਖਤਾ,
ਜਟਾਂ ਵਾਂਗ ਫਕੀਰਾਂ ਲਮਕਣ।
ਸੱਚ ਬੋਲੀਏ ਭਾਂਬੜ ਬਲਦਾ,
ਗਰਦਨ ਤੇ ਸਮਸ਼ੀਰਾਂ ਲਮਕਣ।
ਹੱਕ ਮੰਗੀਏ ਤਾਂ ਲਾਠੀ ਮਿਲਦੀ,
ਹੱਥਾਂ ਵਿੱਚ ਜੰਜੀਰਾਂ ਲਮਕਣ।
ਭਾਸ਼ਨ ਦੇ ਕੇ ਨੇਤਾ ਖਿਸਕਣ,
ਹਵਾ ਵਿੱਚ ਤਕਰੀਰਾਂ ਲਮਕਣ।
ਜੱਖੂ' ਗੱਲਿ ਸਰੇ ਨਾ ਲੱਗਦੀ,
ਅੱਧਵਾਟੇ ਤਦਬੀਰਾਂ ਲਮਕਣ।



**ਡਾ. ਬਲਰਾਜ ਸਿੰਘ ਜੱਖੂ**
91-90230-46639

## ਬੁੱਤ ਭੀਮ ਦੇ ਲਾ ਕੇ

ਇਨ੍ਹਾਂ ਮਾਨਯੋਗ ਅਦਾਲਤਾਂ ਨੇ,
ਹੈ ਤੋੜੀਆਂ ਆਸਾਂ।
ਸਾਨੂੰ ਏਕਾ ਕਰ ਵਿਸ਼ਾਲ ਬਈ,
ਹੈ ਪੈਣਾ ਬਦਲਣਾ ਪਾਸਾ।
ਹੁਣ ਵੀ ਨਾ ਜਾਗੇ ਮਿੱਤਰੋ,
ਪੈਣਗੇ ਬਹੁਤ ਝਮੇਲੇ।
ਅਸੀ ਬੁੱਤ ਭੀਮ ਦੇ ਲਾ ਕੇ,
ਬੱਸ ਹੋ ਗਏ ਵਿਹਲੇ।

ਇਹ ਜੰਗ ਵਿਚਾਰਾਂ ਵਾਲੀ ਹੈ
ਆਪਣੀ ਸਮਝ ਬਣਾਓ।
ਜੋ ਜੰਗ ਹਥਿਆਰਾਂ ਵਾਲੀ ਹੈ
ਅਜੇ ਰਾਹ ਨਾ ਜਾਓ।
ਅਪਣਾਈ ਸੋਚ ਨਾ ਭੀਮ ਦੀ
ਬੱਸ ਲਾਉਂਦੇ ਹਾਂ ਮੇਲੇ।
ਅਸੀਂ ਬੁੱਤ ਭੀਮ ਦੇ-------

ਹੱਕ ਲੈ ਜੋ ਦਿੱਤੇ ਭੀਮ ਨੇ,
ਹੁਣ ਜਾਵਣ ਕਿਰਦੇ।
ਅਸੀਂ ਸਾਂਝੇ ਸੰਘਰਸ਼ ਤੋ ਭੱਜਦੇ,
ਆਪੋ ਵਿੱਚ ਹਾਂ ਭਿੜਦੇ।
ਜੇ ਸਬਕ ਨਾ ਸਿਖਿਆ ਭੀਮ ਤੋਂ,
ਫਿਰ ਕਾਹਦੇ ਚੇਲੇ।
ਅਸੀਂ ਬੁੱਤ ਭੀਮ ਦੇ---------

ਆਪ ਪੜੋ ਜਾਣੋ ਇਤਿਹਾਸ ਵੀ,
ਹੋਰ ਪੈੜਾਂ ਪਾਈਏ।
ਇਹ ਮਨੂੰਵਾਦ ਦੀ ਮਾਰ ਤੋਂ,
ਸੰਵਿਧਾਨ ਬਚਾਈਏ।
ਅਸੀ ਅਜੇ ਸਲਾਹਾਂ ਕਰ ਰਹੇ
ਹੋ ਗਏ ਬਹੁਤ ਨੇ ਹੇਲੇ।
ਅਸੀਂ ਬੁੱਤ ਭੀਮ ਦੇ---------

ਮੋਰੋਂ ਵਾਲਾ ਜਸਵੀਰ ਕਹੇ,
ਹੋਰ ਨਾ ਸਮਾਂ ਗਵਾਈਏ।
ਰਹਿਬਰਾਂ ਦੇ ਅਧੂਰੇ ਕਾਜ ਨੂੰ,
ਆਓ ਹੁਣ ਬੰਨੇ ਲਾਈਏ।
ਇਹ ਵੇਲਾ ਬੀਤਿਆ ਜਾਵਦਾ ,
ਕਰੋ ਨਾ ਹੋਰ ਕੁਵੇਲੇ।
ਅਸੀਂ ਬੁੱਤ ਭੀਮ ਦੇ---------



**- ਜਸਵੀਰ ਸਿੰਘ ਮੋਰਾਂ**
91-94172-62838

## ਗਜ਼ਲ

ਬਹੁਤੇ ਲੋਕ ਹੈਵਾਨ ਬਣੇ ਨੇ।
ਕੋਈ ਕੋਈ ਇਨਸਾਨ ਬਣੇ ਨੇ।
ਧਰਮਾਂ ਦੇ ਨਾਂ ਕਤਲੋ ਗਾਰਦ,
ਕਿਹੋ ਜਿਹੇ ਭਗਵਾਨ ਬਣੇ ਨੇ।
ਉਪਰੋਂ ਚਿੱਟੇ ਅੰਦਰੋਂ ਕਾਲੇ,
ਅਮਲੀ ਰੂਪ ਸ਼ੈਤਾਨ ਬਣੇ ਨੇ।
ਪਿਆਰ ਦੋਸਤੀ ਉੱਤੋਂ ਉੱਤੋਂ,
ਅੰਦਰੋਂ ਬਾਈਮਾਨ ਬਣੇ ਨੇ।
ਧਰਮਾਂ ਦਾ ਸਤਿਕਾਰ ਕਰੋ ਸਭ,
ਲੀਡਰਾਂ ਦੇ ਐਲਾਨ ਬਣੇ ਨੇ।
ਨਫਰਤ ,ਸਾੜਾ, ਧੋਖੇਬਾਜੀ,
ਇਹਨਾਂ ਦੇ ਐਲਾਨ ਬਣੇ ਨੇ।
ਪੂਜਾ ਵੀ ਪ੍ਰਦਰਸ਼ਨ ਬਣਗੀ
ਮਸਜਿਦ, ਮੰਦਰ ਦੁਕਾਨ ਬਣੇ ਨੇ।
ਵਗਦੀ ਗੰਗਾ ਹੱਥ ਸਭ ਧੋਂਦੇ
ਗਆਨਿ ਵਹੂਣੇ ਕਾਹਨ ਬਣੇ ਨੇ।
ਘੁਰਨਿਆਂ ਚੋਂ ਜੋ ਬਾਹਰ ਨਾ ਆਉਂਦੇ,
ਉਹੀ ਖੱਬੀਖਾਨ ਬਣੇ ਨੇ।
ਖੰਭ ਸੱਚ ਦੇ ਜਾਣ ਮਧੋਲੇ,
ਝੂਠ ਦੇ ਹੀ ਭਲਵਾਨ ਬਣੇ ਨੇ।
ਮੋਢਾ ਗੈਰ ਦਾ ਗੋਲੀ ਆਪਣੀ,
ਕੈਸੇ ਸ਼ਕਤੀਮਾਨ ਬਣੇ ਨੇ।
ਛੇਕੇ ਹੋਏ ਸਮਾਜਿ ਵੱਚੋਂ ਜੋ,
ਅਖੌਤੀ ਉਹ ਪ੍ਰਧਾਨ ਬਣੇ ਨੇ।
'ਜੱਖੂ' ਕਰਦਾ ਦਾਨ ਬਥੇਰਾ,
ਪਰ ਕਾਲੇ ਧਨ ਦਾਨ ਬਣੇ ਨੇ।

**ਡਾ. ਬਲਰਾਜ ਸਿੰਘ ਜੱਖੂ**
**ਪਿੰਡ ਤੇ ਡਾਕ ਘੱਲ ਕਲਾਂ (ਮੋਗਾ)**

## ਛਮਕਾਂ

ਲੌਂਗ ਘੜਾਦੇ ਮਾਹੀਆ ਵੇ ਉਹ ਤੇਰਾ ਲੱਖ ਵਰਗਾ
ਨਾ ਤੋੜੀ ਨਾ ਤੋੜੀ ਵੇ ਦਿਲ ਮੇਰਾ ਕੱਚ ਵਰਗਾ

ਹੱਥ ਬੰਨ੍ਹ ਮਿੰਨਤਾਂ ਕਰਦੀ ਵੇ ਤੇਰੀ ਹੂਰ ਚੰਨਾ
ਨਾ ਘੂਰੀ ਨਾ ਘੂਰੀ ਵੇ ਪੇਕੇ ਦੂਰ ਚੰਨਾ।

ਰੋ ਕੇ ਮੈਂ ਸੁਰਮਾ ਕੀ ਪਾਉਣਾ ਵੇ ਕੁਝ ਤਾਂ ਬੋਲ ਸਹੀ
ਨਾ ਝਿੜਕੀ ਨਾ ਝਿੜਕੀ ਨਾ ਜ਼ਿੰਦਗੀ ਨੂੰ ਰੋਲ ਸਹੀ।

ਦਾਰੂ ਲੁਕ ਛਿਪ ਕੇ ਤੂੰ ਪੀਵੇ ਦੱਸਦੀ ਨੂੰ ਸੰਗ ਲੱਗਦੀ
ਨਾਂ ਪੀਵੀਂ ਨਾਂ ਪੀਵੀਂ ਮੈਂ ਮਿਸ਼ਰੀ ਖੰਡ ਵਰਗੀ।

ਪੱਲੇ ਕੁਝ ਨਹੀਂ ਰਹਿਣਾ ਤੇ ਇਕ ਦਿਨ ਮਰ ਜਾਏਂਗਾ
ਨਾ ਖੇਡੀ ਨਾ ਖੇਡੀ ਵੇ ਜੂਆ ਹਰ ਜਾਏਗਾ।

ਪੇਕੇ ਜਾਣ ਨੂੰ ਫਿਰਦੀ ਤੂੰ ਗੱਲ ਮੇਰੀ ਸੁਣ ਅੜਿਆ
ਨਾ ਰੋਕੀ ਨਾ ਰੋਕੀ ਵੇ ਤੀਆਂ ਦਾ ਚਾਅ ਚੜ੍ਹਿਆ।

'ਦੇਵ ਘੋਲੀਏ' ਵਾਲਿਆ ਵੇ ਨਾ ਤੇਰੀ ਨਾਰ ਬੁਰੀ
ਨਾਂ ਮਾਰੀ ਨਾ ਮਾਰੀ ਵੇ ਛਮਕਾਂ ਦੀ ਮਾਰ ਬੁਰੀ।



**- ਦੇਵ ਘੋਲੀਆ ਖੁਰਦ (ਫਰਿਜ਼ਨੋ)**
559-232-7764

## ਜਿੱਥੇ ਕਦਰ ਨਹੀਂ

ਜਿੱਥੇ ਕਦਰ ਨਹੀਂ ਉਥੇ ਜਾਓ ਨਾ

ਜੋ ਪੱਚਦਾ ਨਹੀਂ ਉਹ ਖਾਓ ਨਾ

ਸੋ ਸੱਚ ਤੇ ਰੁੱਸੇ ਉਸ ਨੂੰ ਮਨਾਓ ਨਾ

ਜੋ ਨਜ਼ਰਾਂ ਤੋਂ ਗਿਰੇ ਉਸਨੂੰ ਉਠਾਓ ਨਾ

ਜੋ ਮੌਸਮ ਵਾਂਗ ਬਦਲੇ

ਉਸ ਨੂੰ ਦੋਸਤ ਬਣਾਓ ਨਾ

ਜ਼ਿੰਦਗੀ ਮੁਸ਼ਕਿਲਾਂ ਦਾ ਹੀ ਨਾਮ ਹੈ

ਡਟੇ ਰਹੋ ਘਬਰਾਓ ਨਾ।

## ਆਪਣੀ ਗੌਰ ਸੱਜਣਾ

ਰੱਖੀ ਜਰਾ ਆਪਣੀ ਤੂੰ ਗੌਰ ਸੱਜਣਾ।
ਲੋਕ ਉਤੋਂ ਕੁਝ ਹੋਰ ਵਿਚੋਂ ਹੋਰ ਸੱਜਣਾ।
ਰੱਖੀ ਜਰਾ ਆਪਣੀ ਤੂੰ ਗੌਰ ਸੱਜਣਾ।
ਭਗਵੇਂ ਪਾਈ ਫਿਰਦੇ ਸਾਰੇ ਸਾਧ ਨਹੀਂ,
ਵਿਚੇ ਪਾਈ ਫਿਰਦੇ ਠੱਗ-ਚੋਰ ਸੱਜਣਾ।
ਕਈ ਪ੍ਰਭਾਵ ਪਾਉਣ ਲਈ ਦੂਜਿਆਂ ਤੇ,
ਫੋਕੀ ਕੱਢਕੇ ਰੱਖਦੇ ਨੇ ਟੌਰ੍ਹ ਸੱਜਣਾ।
ਮੇਜਰ ਵੱਸ ਲਗਦੇ ਕੁੰਡੀ ਲਾ ਦਿੰਦੇ,
ਪਤਾ ਲੱਗਣ ਤੇ ਕਹਿੰਦੇ ਚੌੜ ਸੱਜਣਾ।



**- ਮੇਜਰ ਸਿੰਘ 'ਬੁਢਲਾਡਾ'**
91-94176-42327

## ਮੀਨਾ ਨਵੀਨ ਦਾ ਪੁਆਧੀ ਨਾਵਲ 'ਭੁਰਦੀਆਂ ਕੰਧਾਂ' ਦਾ ਲੋਕ ਅਰਪਣ ਕੀਤਾ

**ਰਾਜਪੁਰਾ (ਡਾ ਗੁਰਵਿੰਦਰ ਅਮਨ)-** ਲੋਕ ਸਾਹਿਤ ਸੰਗਮ ਰਾਜਪੁਰਾ ਦੀ ਸਾਹਿਤਕ ਬੈਠਕ ਰੋਟਰੀ ਭਵਨ ਵਿਚ ਹੋਈ। ਜਿਸ ਵਿਚ ਮੀਨਾ ਨਵੀਨ ਦਾ ਪੁਆਧੀ ਨਾਵਲ 'ਭੁਰਦੀਆਂ ਕੰਧਾਂ 'ਦਾ ਲੋਕ




ਅਰਪਣ ਕੀਤਾ। ਇਸ ਮੌਕੇ ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਨਾਵਲਕਾਰ ਮੀਨਾ ਨਵੀਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੁਆਧ ਦੀ ਧਰਤੀ ਤੇ ਲੋਕ ਅਰਪਣ ਕੀਤਾ ਜਾਣਾ ਇੱਕ ਵਿਲੱਖਣਤਾ ਹੈ। ਇਸ ਨਾਵਲ ਦੇ ਪਾਤਰ ਪੁਆਧ ਦੀ ਧਰਤੀ ਨਾਲ ਸੰਬੰਧ ਰੱਖਦੇ ਹਨ ਇਸ ਨਾਲ ਮੀਨਾ ਨਵੀਨ ਹੁਣ ਸੋਹਣ ਸਿੰਘ ਹੰਸ ,ਨਵਤੇਜ ਪੁਆਧੀ ਵਰਗੇ ਪੁਆਧੀ ਨਾਵਲਕਾਰਾਂ ਦੀ ਕਤਾਰ ਵਿਚ ਜਾ ਖਲੋਤੀ ਹੈ। ਇਸ ਮੌਕੇ ਸਭਾ ਦਾ ਆਗਾਜ ਅਵਤਾਰ ਪੁਆਰ ਦੀ ਗ਼ਜ਼ਲ 'ਸਮਝ ਨੀ ਆਏ ਅੱਜ ਤੀਕਰ ਰੁਝੇਵੇਂ ਜਿੰਦਗੀ ਦੇ 'ਸੁਣਾਕੇ ਚੰਗਾ ਰੰਗ ਬੰਨਿਆ। ਗੀਤਕਾਰ ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ ਦਾ ਗੀਤ ''ਅੱਗ ਲੱਟ ਲੱਟ ਬਲੇ ,ਰੇਤਾ ਗਰਮ ਬੜਾ 'ਸੁਣਾਕੇ ਪੰਚਮ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਸਮਰਪਿਤ ਕੀਤੀ। ਲੋਕ ਕਵੀ ਕੁਲਵੰਤ ਸਿੰਘ ਜੱਸਲ ਦਾ ਗੀਤ 'ਵੇਖ ਲਓ ਬਈ ਇਹ ਹੈ ਮੇਰਾ ਭਾਰਤ ਮਹਾਨ' ਸੁਣਾਕੇ ਕਟਾਕਸ਼ ਕੀਤਾ ਤੇ ਚੰਗੀ ਵਾਹ ਵਾਹ ਖੱਟੀ। ਗੁਰਵਿੰਦਰ ਆਜ਼ਾਦ , ਨਿਰੰਜਨ ਸਿੰਘ ਸੈਲਾਨੀ ਅਤੇ ਸੁੱਚਾ ਸਿੰਘ ਗੰਢਾ ਦੀ ਰਚਨਾਵਾਂ ਵਧੀਆ ਸਨ। ਸੰਗਮ ਦੇ ਚੇਅਰਮੈਨ ਡਾ ਹਰਜੀਤ ਸਿੰਘ ਸੱਧਰ ਦਾ ਗੀਤ 'ਜਿੰਦਗੀ ਨੂੰ ਰੋਗ ਲੱਗਾ ਕਦੋਂ ਜਾਊਗਾ 'ਸੁਣਾਕੇ ਚੰਗਾ ਰੰਗ ਬੰਨਿਆ। ਮਨਜੀਤ ਕੌਰ ਅੰਬਾਲਵੀ ਦੀ ਕਵਿਤਾ 'ਜਿੰਦਗੀ ਪੁਸਤੱਕ ਹੈ ਇਸ ਨੂੰ ਬਾਰ ਵਾਰ ਪੜ੍ਹਦਾ ਰਹੀ 'ਅਤੇ ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਦੀ ਕਵਿਤਾ 'ਬੋਟ ਦੀ ਆਵਾਜ਼ 'ਸੁਣਾਕੇ ਸਮਾਜਿਕ ਕਟਾਕਸ਼ ਕੀਤਾ। ਹਰਬੰਸ ਸਿੰਘ ਅਹੂਜਾ ਦੀ ਗ਼ਜ਼ਲ ,ਬਲਦੇਵ ਸਿੰਘ ਖੁਰਾਣਾ ਦੇ ਸ਼ੇਅਰ , ਭੀਮ ਸੈਨ ਝੂਲੇ ਲਾਲ ਦੀ ਸਰਾਇਕੀ ਕਵਿਤਾ ,ਜਮਨਾ ਪ੍ਰਕਾਸ਼ ਨਾਚੀਜ ,ਜਾਨੀ ਜੀਰਕ ਪੁਰੀਆ ,ਅਤੇ ਅੰਗਰੇਜ ਕਲੇਰ, ਦੇਸ਼ ਰਾਜ ਨਿਰੰਕਾਰੀ, ਸ਼ਰਤ ਚੰਦਰ ਭਾਵੁਕ ਅਤੇ ਗੁਰਮੀਤ ਅਮਨ ਨੇ ਵੀ ਆਪਣੀਆਂ ਰਚਨਾਵਾਂ ਸੁਣਾਕੇ ਚੰਗੀ ਵਾਹ ਵਾਹ ਖੱਟੀ। ਇਸ ਮੌਕੇ ਮਨਜੀਤ ਕੌਰ ਅੰਬਾਲਵੀ ਨੂੰ ਸਾਹਿਤ ਅਕਾਦਮੀ ਲੁਧਿਆਣਾ ਦੀ ਮੀਤ ਪ੍ਰਧਾਨ ਵਜੋਂ ਚੁਣੇ ਜਾਣ ਲਈ ਅਤੇ ਕਰਮ ਸਿੰਘ ਹਕੀਰ ਨੂੰ ਵਿਦੇਸ਼ ਫੇਰੀ ਕਾਰਨ ਲੋਕ ਸਾਹਿਤ ਸੰਗਮ ਨੇ ਵਿਸ਼ੇਸ਼ ਸਨਮਾਨ ਕੀਤਾ। ਬਲਦੇਵ ਸਿੰਘ ਖੁਰਾਣਾ ਨੇ ਸਟੇਜ ਦੀ ਕਾਰਵਾਈ ਬਾਖੂਬ ਚਲਾਈ।

## ਮਿੰਨੀ ਕਹਾਣੀ / ਨੈਤਿਕ ਸਿੱਖਿਆ

ਕੇਵਲ ਸਿੰਘ ਨੇ ਆਪਣਾ ਬਟੂਆ ਗੁਆਂਚਣ ਦੀ ਸੂਚਨਾ ਪੁਲਿਸ ਸ਼ਟੇਸਨ ਦੇਣ ਤੋਂ ਇਲਾਵਾ ਸ਼ੋਸਲ ਸਾਈਟਸ ਉੱਪਰ ਵੀ ਸ਼ੇਅਰ ਕਰ ਦਿੱਤੀ ਸੀ।ਉਸਦੇ ਪਰਸ ਵਿੱਚ ਵੀਹ ਹਜ਼ਾਰ ਰੁਪਏ, ਪੈੱਨ ਕਾਰਡ, ਲਾਇਸੈਂਸ, ਵੋਟ ਕਾਰਡ, ਆਧਾਰ ਕਾਰਡ ਆਦਿ ਅਹਿਮ ਦਸ਼ਤਾਵੇਜ਼ ਸਨ।ਇੱਕ ਦਿਨ ਉਸਨੂੰ ਆਪਣੇ ਪਰਸ ਦੀ ਨਿਸ਼ਾਨੀ ਦੱਸਕੇ ਪ੍ਰਾਪਤ ਕਰਨ ਦਾ ਫੋਨ ਆਇਆ।ਅਸੀਂ ਦੋਵੇਂ ਖੁ ਖੁਸ਼ੀ ਚੱਲ ਪਏ।ਬਟੂਏ ਵਿੱਚ ਵੀਹ ਹਜ਼ਾਰ ਰੁਪਏ ਨੂੰ ਛੱਡ ਕੇ ਬਾਕੀ ਸਾਰਾ ਕੁੱਝ ਮੌਜੂਦ ਸੀ। ਮੈਂ ਕੇਵਲ ਨੂੰ ਕਿਹਾ "ਦੇਖ ਲੈ ਵੀਰ, ਦੁਨੀਆਂ ਦਾ ਹਾਲ, ਇੱਕ ਰੁਪਇਆ ਨਹੀਂ ਛੱਡਿਆ।ਨੈਤਿਕ ਕਦਰਾਂ ਕੀਮਤਾਂ ਦਾ ਤਾਂ ਨਾਮੋ ਨਿਸ਼ਾਨ ਹੀ ਖਤਮ ਹੁੰਦਾ ਜਾ ਰਿਹੈ"।ਕੇਵਲ ਸਿੰਘ ਨੇ ਬੜੀ ਨਿਮਰਤਾ ਨਾਲ ਕਿਹਾ "ਜਿਸ ਮੁਲਕ ਅੰਦਰ ਵਿਹਲੜ ਗਰੀਬ ਜਨਤਾ ਦੀ ਭਰਮਾਰ ਹੋਵੇ।ਜਿਹਨਾਂ ਨੂੰ ਦੋ ਡੰਗ ਦੀ ਰੋਟੀ ਮਿਲਣ ਦੀ ਆਸ ਨਾ ਹੋਵੇ।ਪੜ੍ਹੇ ਲਿਖੇ ਨੌਜਵਾਨ ਠੋਕਰਾਂ ਖਾ ਰਹੇ ਹੋਣ। ਜਨਤਾ ਮਾੜੀ ਰਾਜਨੀਤੀ ਦੀ ਸ਼ਿਕਾਰ ਹੋਵੇ" ਉਸ ਮੁਲਕ ਵਿੱਚ ਤੂੰ ਕਿਹੜੀ ਨੈਤਿਕ ਸਿੱਖਿਆ ਭਾਲਦੈ? ਉਸ ਦੀਆਂ ਗੱਲਾਂ ਨੇ ਮੇਰੀ ਸੋਚ ਨੂੰ ਬਦਲ ਦਿੱਤਾ ਸੀ।ਹੁਣ ਮੈਨੂੰ ਮਹਿਸੂਸ ਹੋਣ ਲੱਗਾ ਕਿ ਜਿਵੇਂ ਮੈਂ ਕੇਵਲ ਨੂੰ ਕੋਈ ਗਲਤ ਗੱਲ ਕਹਿ ਬੈਠਾ ਹੋਵਾ।ਉਸ ਵੱਲੋਂ ਦੱਸੇ ਗਏ ਹਾਲਾਤਾਂ ਮੁਤਾਬਿਕ ਤਾਂ ਮੈਨੂੰ ਬਟੂਏ ਦਾ ਉਸ ਤੱਕ ਪਹੁੰਚ ਜਾਣਾ ਹੀ ਬਹੁਤ ਵੱਡੀ ਗੱਲ ਜਾਪ ਰਿਹਾ ਸੀ ਭਾਵੇਂ ਕਿ ਉਸ ਵਿੱਚ ਰੁਪਏ ਨਹੀਂ ਵੀ ਸੀ।



**- ਚਮਨਦੀਪ ਸ਼ਰਮਾ**
91-95010 33005

## ਪੁਸਤਕ 'ਫਰੀਦ ਦਰਪਣ' 'ਤੇ ਵਿਚਾਰ ਗੋਸ਼ਟੀ

**ਆਦਮਪੁਰ-** ਪੰਜਾਬੀ ਸਾਹਿਤ ਸਭਾ, ਆਦਮਪੁਰ ਦੋਆਬਾ(ਰਜਿ.) ਜਲੰਧਰ ਵੱਲੋਂ ਕੁੰਦਨ ਲਾਲ ਬੱਧਣ ਰਚਿਤ 'ਫਰੀਦ ਦਰਪਣ' ਪੁਸਤਕ 'ਤੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਖੁਰਦਪੁਰ (ਜਲੰਧਰ) ਵਿਖੇ ਵਿਚਾਰ ਗੋਸ਼ਟੀ ਕਰਵਾਈ ਗਈ। ਬੱਧਣ ਦੀ ਖੋਜ ਭਰਪੂਰ ਪੁਸਤਕ 'ਤੇ ਡਾ. ਰੀਨਾ ਵਿਰਦੀ ਕੇ. ਐਮ. ਵੀ. ਕਾਲਜ, ਜਲੰਧਰ ਅਤੇ ਪ੍ਰੋ. ਹਰਦੀਪ ਰਾਜਾਰਾਮ ਪੀ. ਯੂ. ਰੀਜਨਲ ਸੈਂਟਰ ਸ੍ਰੀ ਮੁਕਤਸਰ ਸਾਹਿਬ ਨੇ ਪਰਚਾ ਪੜ੍ਹਿਆ। ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਪ੍ਰੇਮ ਪਾਲ, ਪ੍ਰਧਾਨ ਟੀਚਰ ਐਸੋਸੀਏਸ਼ਨ, ਆਦਮਪੁਰ ਸਨ ਅਤੇ ਪ੍ਰਧਾਨਗੀ ਸਭਾ ਦੇ ਪ੍ਰਧਾਨ ਰੂਪ ਲਾਲ ਰੂਪ ਨੇ ਕੀਤੀ।

ਵਿਦਵਾਨ ਲੇਖਕਾਂ ਵੱਲੋਂ ਪੁਸਤਕ 'ਤੇ ਕੀਤੀਆਂ ਅਲੋਚਨਾਤਮਕ ਟਿੱਪਣੀਆਂ ਦਾ ਕੁੰਦਨ ਲਾਲ ਬੱਧਣ ਨੇ ਭਾਵਪੂਰਨ ਸਪਸ਼ਟੀਕਰਨ ਦਿੱਤਾ। ਜਿਸ ਨਾਲ ਸਰੋਤਿਆਂ ਨੂੰ ਫਰੀਦ ਦਰਸ਼ਨ ਨੂੰ ਹੋਰ ਡੂੰਘਾਈ ਨਾਲ ਸਮਝਣ ਦਾ ਮੌਕਾ ਪ੍ਰਾਪਤ ਹੋਇਆ। ਸਰੋਤਿਆਂ ਨੇਵੀ ਬਹਿਸ ਵਿਚ ਹਿੱਸਾ ਲਿਆ। ਸਮਾਰੋਹ ਦੇ ਦੂਜੇ ਦੌਰ ਵਿਚ ਚਰਨ ਸੀਚੇਵਾਲ, ਮਦਨ ਬੋਲੀਨਾ, ਮਦਨ ਬੰਗੜ, ਜਸਪਾਲ ਜ਼ੀਰਵੀ, ਸੋਢੀ ਸੱਤੋਵਾਲੀ, ਉਂਕਾਰ ਸਿੰਘ ਅਤੇ ਰੂਪ ਲਾਲ ਰੂਪ ਨੇ



ਅਜੋਕੇ ਸਮਾਜ ਨੂੰ ਦਰਪੇਸ਼ ਸਮੱਸਿਆਵਾਂ 'ਤੇ ਚਾਨਣਾ ਪਾਉਂਦੀਆਂ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਪ੍ਰੋ. ਸੀਮਾ ਵਿਰਦੀ ਵੱਲੋਂ ਸਮਾਗਮ ਵਿਚ ਹੋਈ ਚੁੰਝ ਚਰਚਾ ਅਤੇ ਕਵੀਆਂ ਦੀਆਂ ਰਚਨਾਵਾਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਤੇ ਸਰੋਤਿਆਂ ਵਿਚ ਮੋਹਨ ਲਾਲ ਫਿਲੌਰੀਆ, ਮਲਕੀਤ ਸਿੰਘ, ਮਾਸਟਰ ਗੁਨਾਮ ਸਿੰਘ, ਦਰਸ਼ਨ ਸਿੰਘ ਦਰਸ਼ੀ, ਬਲਦੇਵ ਚੰਦ, ਕੁਲਵੰਤਮ ਸਿੰਘ ਭਾਟੀਆ, ਬਾਬੂ ਰਜਿੰਦਰ ਸਿੰਘ ਕਾਲਰਾ ਗੁਰਮੀਤ ਸਿੰਘ ਰਹਿਸੀ ਹਰਵਿੰਦਰ ਸਿੰਘ ਸਾਬੀ, ਬਲਦੇਵ ਸਿੰਘ ਸਰਪੰਚ, ਕਰਨੈਲ ਸਿੰਘ ਦਿਅੰਤਪੁਰ, ਵਿਦਿਆ ਕੁਮਾਰੀ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਸਟੇਜ ਦੀ ਕਾਰਵਾਈ ਪ੍ਰੋ. ਹਰਦੀਪ ਰਾਜਾਰਾਮ ਨੇ ਸੰਭਾਲੀ।

## ਯੂਬਾ ਸਿਟੀ ਕਬੱਡੀ ਕੱਪ

ਰਿਪੋਰਟ ਅਤੇ ਤਸਵੀਰਾਂ : ਹੁਸਨ ਲੜੋਆ ਬੰਗਾ

# ਰੋਇਲ ਕਿੰਗ ਯੂ. ਐਸ. ਏ. ਵੱਲੋਂ ਕਰਵਾਇਆ ਗਿਆ ਤੀਸਰਾ ਕਬੱਡੀ ਕੱਪ

**ਯੂਬਾ ਸਿਟੀ–** ਯੂਬਾ ਸਿਟੀ ਦੇ ਤੀਜੇ ਕਬੱਡੀ ਕੱਪ ਵਿਚ ਐਤਕੀ ਵੀ ਫਸਵੀਂ ਕਬੱਡੀ ਦੇਖਣ ਨੂੰ ਮਿਲੀ। ਖਾਸ ਤੌਰ 'ਤੇ ਚਾਰ ਟੀਮਾਂ ਸੀਨੀਅਰ ਜਿਹਨਾਂ 'ਚ ਰੌਇਲ ਕਿੰਗ ਅਮਰੀਕਾ, ਕੈਨੇਡਾ, ਟੀਮ ਮਿਡਵੈਸਟ, ਟੀਮ ਇੰਡੀਆ ਨੇ ਹਿੱਸਾ; ਲਿਆ। ਇਸ ਤੋਂ ਇਲਾਵਾ ਅੰਡਰ 25 ਟੀਮਾਂ ਨੈ ਵੱਖਰੇ ਤੌਰ 'ਤੇ ਭਾਗ ਲਿਆ। ਓਪਨ ਕਬੱਡੀ ਵਿਚ ਰੌਇਲ ਕਿੰਗ ਨੇ ਕੈਨੇਡਾ ਨੂੰ ਫਸਵੇਂ ਮੈਚ ਦੌਰਾਨ ਹਰਾਇਆ ਤੇ ਕੈਨੇਡਾ ਨੂੰ ਦੂਸਰੇ ਥਾਂ 'ਤੇ ਹੀ ਸਬਰ ਕਰਨਾ ਪਿਆ। ਇਸ ਤੋਂ ਇਲਾਵਾ ਅੰਡਰ 25 ਵਿਚ ਖਾਲਸਾ ਸਪੋਰਟਸ ਕਲੱਬ ਨੇ ਖਾਲਸ ਵੌਰੀਅਰਜ਼ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅੰਡਰ 21 ਵਿਚ ਕੈਲੀਫੋਰਨੀਆ ਸਪੋਰਟਸ ਕਲੱਬ ਨੇ ਖਾਲਸਾ ਵੌਰੀਅਰਜ਼ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ। ਇਹ ਕਬੱਡੀ ਕੱਪ ਸਰਬਜੀਤ ਥਿਆੜਾ, ਜੂਨੀਅਰ ਥਿਆੜਾ ਤੇ ਹਰਮਨ ਥਿਆੜਾ ਤੇ ਥਿਆੜਾ ਪਰਿਵਾਰ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਹੈ। ਇਸ ਕਰਵਾਏ ਗਏ ਕਬੱਡੀ ਕੱਪ ਦੀਆਂ ਝਲਕੀਆਂ ਤਸਵੀਰਾਂ ਦੀ ਜ਼ੁਬਾਨੀ।



























Weekly
# Ambedkar Times

Editor-in-Chief: Prem Kumar Chumber Contact: 001-916-947-8920 Fax: 916-238-1393 E-mail: chumbermedia@yahoo.com Editors: Takshila & Kabir Chumber

VOL - 10 ISSUE - 8-14 June 6, 2018 www.ambedkartimes.com www.ambedkartimes.org

## REMEMBERING 92nd AD DHARM DAY JUNE 11-12

Prem Kumar Chumber
Editor-in-Chief: Ambedkar Times



Caste system based on the fourfold division of the Hindu society into Brahmin, Kashtriya, Vaishya and Shudra and the fifth Avarna category of Ati-Shudras has led to serious denial of Human rights of the Scheduled Castes people variously nomenclatured as Aanchamas, Achhuts, Dheds, Pariahs, Harijans and Dalits. These large number of Avarna people who were condemned to live in segregated localities in the periphery of villages throughout India without having any rights on the natural resources and the local structures of power. They were forced to perform 'begar' hard manual labor without any remuneration. If the men folk had to work in the agricultural farms of the landlords, their women folk were pushed into an equally hard work of cleaning the cowsheds of the landlords. Scheduled Castes were not allowed to possess land, weapons, valuable metals and milch castles. They were only allowed to keep the beasts of burden to assist them in performing the hard manual labor without any payments in return.

Tathagat Gautam Buddha raised a revolutionary voice against this cruel system of extreme denial of human rights based on low birth. He welcomed the Ati-Shudras into his Sanghas and treated them equal without any prejudice whatsoever. After a long gap and with the advent of Sikh faith in Punjab, once again a serious attempt was made to remove the deadly caste boundaries from the Hindu society while spreading the message of unity of mankind. It was in Punjab, the sacred land of Gurus and Pirs that on June 11-12, 1926 the first mammoth annual function of the Ad Dharm Movement was organized in the native village of Great Freedom Fighter Babu Mangu Ram Mugowalia Ji, the founder of the Ad Dharm in Punjab in 1925 after his return from USA where he reached in 1909 and became one of the pioneers of the Gadhar Movement. It was at this mammoth Ad Dharm conference where he publicly announced the launch of tirade against the pernicious system of untouchability and the restoration of the lost glory of the indigenous people of Bharat.

Babu Mangu Ram Mugowalia exhorted his people to get organized and say definitive no to caste discrimination and social segregation. He called upon his people to live with self-respect and dignity and started the movement for equal rights of the Dalits. He approached the then British rulers to empower the Depressed Classes (at that time the term Scheduled Castes was not coined nor the term Harijan had come) while declaring their separate religion of Ad Dharm at par with other mainstream religions of the region. Consequently the British government declared Ad Dharm as a separate religion of the Dalits in Punjab 1931. About 5 lacs Ad Dharmis recorded themselves under this new religion category in the Census of 1931. Under the able and strong leadership of Babu Mangu Ram Mugowalia, the Ad Dharm movement turned party contested the 1937 Punjab Province Assembly Elections and won seven out of eight seats reserved for the S cheduled Castes.

When Ambedkar Movement for the annihilation of caste took roots in India, it was the solid groundwork prepared by the Ad Dharm Movement in Punjab which helped raise a strong support structure for Babasaheb Dr. B.R Ambedkar who visited Punjab thrice during his life. The forum of "Ambedkar Times" (www.ambedkartimes.com ) takes immense pleasure and proud to congratulate all its readers, contributors and supporters on the auspicious occasion of the anniversary of the first mammoth conference of the Ad Dharm movement held at village Mugowal near Mahilpur in District Hoshiarpur on 11-12 June 1926.

## Sri Guru Ravidass Temple Pittsburg (California)'s 33th Anniversary









**Pittsburg:** Sri Guru Ravidass Temple Pittsburg's 33th anniversary was celebrated on June 3rd, 2018. Akhand Path Sewa started on Friday June 1st, 2018 at 10am and concluded with Bhog ceremony on Sunday June 3rd, 2018. Gurughar committee and entire Sangat did the Akhand path and langar Sewa. Ragi Jatha Giani Ompal Singh, Giani Gurnam Singh Ji, Bibi Kamaljit Bhatia and Jatha of Giani Bhpinder Singh Ji adorned the occasion with Shabad Kirtan. Mr. O.P Balley, founding member told Sangat how the process building this Gurughar started 33 years ago. Chairman Mr. Ramesh Suman welcomed and thanked Sangat for their continued support. Gurughar has been in CHARDI KALA ever since its inception. In last few years, new Darbar Hall has been added. The original Gurughar hall in the name of Mata Kalsan has been recently renovated. Gurughar committee has a plan to build domes on the building in near future with the help of Sangat. Bhai Jagtar Sindh Bhatia and Bibi Nirmal Bhatia did the Nishan Sahib Sewa on Saturday June 2, 2018.

**Report: Ramesh Suman**











## Supreme Court Allows Reservation In Government SC/ST Employee Promotions

**New Delhi:** The Supreme Court on Tuesday (June 5, 2018) allowed the Union Government to provide reservation in promotion for Scheduled Caste/Scheduled Tribe employee according to the law. The top court also said that the quota reservations will be allowed till the issue is disposed off by the Constitution bench. However, the court did not mention which is law exactly to be followed.

The Centre told the SC bench that after various high courts' orders, the promotions have come to a halt virtually. Additional Solicitor General Maninder Singh told the SC bench, as reported by the Times of India, "I'm government and I have to give promotions to my employees". To which, the apex court said that the promotions can be given following the process as per law. The bench said, "We can say that you can go ahead with promotion as per law and we won't mention what is the law." Yesterday, Dalit leader and Union Minister Ram Vilas Paswan discussed various issued with the Bharatiya Janata Party chief Amit Shah where he stressed on the need to bring ordinance SC/ST (Prevention of Atrocities) Act. In the meeting, he also discussed that the government should move the Supreme Court to do away with the provisions that are coming in way of giving reservation to SCs and STs in the promotion of government jobs, as reported by news agency PTI. "If required the government should bring an ordinance on this," he said. Paswan told reporters that Shah has acknowledged the stand on Dalit issues and agreed with it, assuring him of a positive reply. (TOI)

# Sri Guru Ravidass Temple Pittsburg (California)'s 33th Anniversary



















Pictured: Prem Kumar Chumber "Ambedkar Times"







# Sri Guru Ravidass Temple Pittsburg (California)'s 33th Anniversary













Pictured: Prem Kumar Chumber "Ambedkar Times"










Sri Guru Ravidass Temple Pittsburg (California)'s New Building



ਸ੍ਰੀ ਗੁਰੂ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਦੁਆਰਾ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਏ ਗਏ ਉਤਰੀ ਅਮਰੀਕਾ ਦੇ ਪਹਿਲੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ 33ਵੇਂ ਸਥਾਪਨਾ ਦਿਵਸ ਦੀਆਂ ਸਮੂਹ ਸਾਧ ਸੰਗਤ ਨੂੰ ਲੱਖ ਲੱਖ ਵਧਾਈਆਂ

# ਸਲਿੰਦਰ ਭਾਟੀਆ

## ਸਾਬਕਾ ਪ੍ਰਧਾਨ,

## ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ)



Salinder Bhatia with his wife Mrs. Taro Bhatia






ਸ੍ਰੀ ਗੁਰੂ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਦੁਆਰਾ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਏ ਗਏ ਉਤਰੀ ਅਮਰੀਕਾ ਦੇ ਪਹਿਲੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ 33ਵੇਂ ਸਥਾਪਨਾ ਦਿਵਸ ਦੀਆਂ ਸਮੂਹ ਸਾਧ ਸੰਗਤ ਨੂੰ ਲੱਖ ਲੱਖ ਵਧਾਈਆਂ

# ਗੁਰਨਾਮ ਸਿੰਘ ਰੱਤੂ

## ਸਾਬਕਾ ਵਾਈਸ ਪ੍ਰਧਾਨ

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, (ਕੈਲੇਫੋਰਨੀਆ)



Gurnam Singh Rattu with his wife Mrs. Satya Mati Rattu









Harbans Rattu with his wife Gian Rattu

ਸ੍ਰੀ ਗੁਰੂ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਦੁਆਰਾ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਏ ਗਏ ਉਤਰੀ ਅਮਰੀਕਾ ਦੇ ਪਹਿਲੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ 33ਵੇਂ ਸਥਾਪਨਾ ਦਿਵਸ ਦੀਆਂ ਸਮੂਹ ਸਾਧ ਸੰਗਤ ਨੂੰ ਲੱਖ ਲੱਖ ਵਧਾਈਆਂ

# ਹਰਬੰਸ ਰੱਤੂ
# ਅਤੇ
# ਸਮੂਹ ਰੱਤੂ ਪਰਿਵਾਰ